

ਜਗਤਗੁਰੂ ਰਵਿਦਾਸ ਮਹਾਰਾਜ ਜੀ



ਸਤਿਗੁਰੂ ਬਾਬਾ ਪਿੱਪਲ ਦਾਸ ਜੀ ਮਹਾਰਾਜ

# ਧਰਤੀ ਉੱਤੇ ਰੱਬ

# ਸਤਿਗੁਰੂ ਸਰਵਣ ਦਾਸ ਮਹਾਰਾਜ ਜੀ

(ਭਾਗ ਦੂਸਰਾ)





ਸਤਿਗੁਰੂ ਹਰੀ ਦਾਸ ਜੀ



ਸਤਿਗੁਰੂ ਗਰੀਬ ਦਾਸ ਜੀ



ਅਮਰ ਸ਼ਹੀਦ ਸੰਤ ਰਾਮਾਨੰਦ ਜੀ



ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ

ਸੰਗ੍ਰਹਿ ਕਰਤਾ ਅਤੇ ਲੇਖਕ

**ਸੰਤ ਸੁਰਿੰਦਰ ਦਾਸ ਬਾਵਾ**

ਪ੍ਰਕਾਸ਼ਕ : ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ

# ਧਰਤੀ ਉੱਤੇ ਰੱਬ

## ਸਤਿਗੁਰੂ ਸਰਵਣ ਦਾਸ ਜੀ ਮਹਾਰਾਜ

## (ਭਾਗ -ਦੂਸਰਾ)



ਪ੍ਰਕਾਸ਼ਕ:-

ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ
ਜਿਲ੍ਹਾਂ ਜਲੰਧਰ (ਪੰਜਾਬ)

# ਧਰਤੀ ਉੱਤੇ ਰੱਬ

## ਸਤਿਗੁਰੂ ਸਰਵਣ ਦਾਸ ਜੀ ਮਹਾਰਾਜ

## (ਭਾਗ –ਦੂਸਰਾ)

ਸੰਗ੍ਰਹਿ ਕਰਤਾ ਅਤੇ ਲੇਖਕ

**ਸੰਤ ਸੁਰਿੰਦਰ ਦਾਸ ਬਾਵਾ**

**ਪ੍ਰਕਾਸ਼ਕ:–**

**ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ**

**ਜਿਲ੍ਹਾਂ ਜਲੰਧਰ (ਪੰਜਾਬ)**

# ਧਰਤੀ ਉੱਤੇ ਰੱਬ
## ਸਤਿਗੁਰੂ ਸਰਵਣ ਦਾਸ ਜੀ ਮਹਾਰਾਜ
## (ਭਾਗ –ਦੂਸਰਾ)

ਸੰਗ੍ਰਹਿ ਕਰਤਾ ਅਤੇ ਲੇਖਕ
**ਸੰਤ ਸੁਰਿੰਦਰ ਦਾਸ ਬਾਵਾ**
ਚੇਅਰਮੈਨ:ਰਵਿਦਾਸੀਆ ਧਰਮ ਪ੍ਰਚਾਰਕ ਸੰਤ ਸਮਾਜ ਸੁਸਾਇਟੀ (ਰਜਿ.)
ਚੇਅਰਮੈਨ: ਅੰਤਰ ਰਾਸ਼ਟਰੀ ਜਗਤਗੁਰੂ ਰਵਿਦਾਸ ਸਾਹਿਤ ਸੰਸਥਾ (ਰਜਿ.)

**ਪ੍ਰਕਾਸ਼ਕ:–**
**ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਜਿਲ੍ਹਾਂ ਜਲੰਧਰ (ਪੰਜਾਬ)**

© ਸਭ ਹੱਕ ਲੇਖਕ ਦੇ ਰਾਖਵੇਂ ਹਨ
ਪਹਿਲੀ ਵਾਰ 15 ਫਰਵਰੀ 2018
ਛਪਣ ਦੀ ਗਿਣਤੀ :–2000
ਕੀਮਤ:– 100 ਰੁਪਏ
ਟਾਈਪਿੰਗ ਅਤੇ ਸੈਟਿੰਗ : ਕੈਂਥ ਆਰਟਸ

# ਰਵਿਦਾਸੀਆ ਧਰਮ ਦੇ ਨਿਯਮ

(1) ਸਾਡਾ ਰਹਿਬਰ : ਸਤਿਗੁਰੂ ਰਵਿਦਾਸ ਮਹਾਰਾਜ ਜੀ

(2) ਸਾਡਾ ਧਰਮ : ਰਵਿਦਾਸੀਆ

(3) ਸਾਡੀ ਧਾਰਮਿਕ ਪੁਸਤਕ : ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ

(4) ਸਾਡਾ ਕੌਮੀ ਨਿਸ਼ਾਨ ਸਾਹਿਬ :

(5) ਸਾਡਾ ਸੰਬੋਧਨ : ਜੈ ਗੁਰਦੇਵ

(6) ਸਾਡਾ ਮਹਾਨ ਤੀਰਥ ਅਸਥਾਨ : ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਮੰਦਰ ਸੀਰ ਗੋਵਰਧਨਪੁਰ ਵਾਰਾਣਸੀ (ਯੂ.ਪੀ.)

(7) ਸਾਡਾ ਉਦੇਸ਼ : ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਮਾਨਵਵਾਦੀ ਵਿਚਾਰਧਾਰਾ ਦਾ ਪ੍ਰਚਾਰ। ਇਸ ਦੇ ਨਾਲ-ਨਾਲ ਮਹਾਂਰਿਸ਼ੀ ਭਗਵਾਨ ਵਾਲਮੀਕ ਜੀ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਤ੍ਰਿਲੋਚਨ ਜੀ, ਸਤਿਗੁਰੂ ਸੈਨ ਜੀ ਅਤੇ ਸਤਿਗੁਰੂ ਸਧਨਾ ਜੀ ਦੀ ਮਾਨਵਵਾਦੀ ਵਿਚਾਰਧਾਰਾ ਦਾ ਪ੍ਰਚਾਰ ਕਰਨਾ ਸਾਰੇ ਧਰਮਾਂ ਦਾ ਸਤਿਕਾਰ ਕਰਨਾ, ਮਾਨਵਤਾ ਨਾਲ ਪਿਆਰ ਕਰਨਾ ਅਤੇ ਸਦਾਚਾਰੀ ਜੀਵਨ ਬਤੀਤ ਕਰਨਾ।

# ਨਿਸ਼ਾਨ ਸਾਹਿਬ

## ਰਵਿਦਾਸੀਆ ਧਰਮ

## ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਸੰਬੰਧੀ ਮਹੱਤਵਪੂਰਨ ਤੱਥ

➢ ਪ੍ਰਕਾਸ਼ ਦਿਹਾੜਾ :-

ਮਾਘ ਸੁਦੀ ਪੰਦ੍ਰਾਸ 1433 ਵਿਕਰਮੀ ਸੰਮਤ ਸੰਨ 1377 ਈ.।

➢ ਜਨਮ ਸਥਾਨ :-

ਸੀਰ ਗੋਵਰਧਨਪੁਰ, ਬਨਾਰਸ (ਯੂ.ਪੀ.)

➢ ਮਾਤਾ ਪਿਤਾ ਜੀ ਦੇ ਨਾਮ :-

ਪਿਤਾ ਸਤਿਕਾਰਯੋਗ ਸ਼੍ਰੀਮਾਨ ਸੰਤੋਖ ਦਾਸ ਜੀ

ਮਾਤਾ ਸਤਿਕਾਰਯੋਗ ਸ਼੍ਰੀਮਤੀ ਕਲਸੀ ਦੇਵੀ ਜੀ

➢ ਦਾਦਾ ਦਾਦੀ ਜੀ ਦੇ ਨਾਮ :-

ਦਾਦਾ ਸਤਿਕਾਰਯੋਗ ਸ਼੍ਰੀਮਾਨ ਕਾਲੂ ਰਾਮ ਜੀ

ਦਾਦੀ ਸਤਿਕਾਰਯੋਗ ਸ਼੍ਰੀਮਤੀ ਲੱਖਪਤੀ ਜੀ

➢ ਸੁਪਤਨੀ ਅਤੇ ਸਪੁੱਤਰ ਦਾ ਨਾਮ :-

ਸੁਪਤਨੀ ਸਤਿਕਾਰਯੋਗ ਸ਼੍ਰੀਮਤੀ ਲੋਨਾ ਜੀ

ਸਪੁੱਤਰ ਸਤਿਕਾਰਯੋਗ ਸ਼੍ਰੀਮਾਨ ਵਿਜੈ ਦਾਸ ਜੀ

➢ ਬ੍ਰਹਮਲੀਨ :-

ਹਾੜ ਦੀ ਸੰਗਰਾਂਦ 1584 ਵਿਕਰਮੀ ਸੰਮਤ

(1528 ਈ.) ਬਨਾਰਸ ਵਿਖੇ।

# ਤਤਕਰਾ


ਨੰ................ਵਿਸ਼ਾ................................ਪੰਨਾ ਨੰ.

1..ਦੋ ਸ਼ਬਦ ........................................................9

2..ਰਵਿਦਾਸੀਆ ਧਰਮ ਪ੍ਰਚਾਰ ਅਸਥਾਨ .................................. 12

3. ਸਮਰਪਿਤ.........................................................16

4. ਧਰਤੀ ਉੱਤੇ ਰੱਬ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ..................17

5. ਸਤਿਗੁਰੂ ਬਾਬਾ ਪਿੱਪਲ ਦਾਸ ਜੀ ਮਹਾਰਾਜ................................19

6. ਬ੍ਰਹਮਲੀਨ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ..........................22

7. ਬ੍ਰਹਮਲੀਨ ਸ਼੍ਰੀ108 ਸਤਿਗੁਰੂ ਹਰੀਦਾਸ ਜੀ ਮਹਾਰਾਜ....................25

8. ਸ਼੍ਰੀ 108 ਸੰਤ ਗਰੀਬ ਦਾਸ ਜੀ ਮਹਾਰਾਜ..................................29

9. ਅਮਰ ਸ਼ਹੀਦ ਸ਼੍ਰੀ 108 ਸੰਤ ਰਾਮਾ ਨੰਦ ਜੀ...............................32

10. ਆਏ ਕਾਂਸ਼ੀ ਵਿਚ ....................................................35

11. ਧੰਨ ਗੁਰੂ ਸਰਵਣ ਦਾਸ ਜੀ...............................................36

12. ਸਤਿਗੁਰੂ ਸਰਵਣ ਦਾਸ ਜੀ................................................37

13. ਚਿਰੰਜੀ ਲਾਲ ਦਾ ਵਿਦੇਸ਼ੀ ਜੇਲ ਵਿੱਚੋ ਰਿਹਾ ਹੋਣਾ.........................38

14 .ਸਤਿਗੁਰੂ ਦੀ ਕ੍ਰਿਪਾ ਸਦਕਾ ਬਿਆਸ ਪਿੰਡ ਗੁਰੂਘਰ ਉਸਾਰਨੇ...........39

15. ਸੂਬੇਦਾਰ ਬ੍ਰਹਮ ਸਿੰਘ ਜੀ ਦੀ ਸਤਿਗੁਰੂ ਨੂੰ ਸ਼ਰਧਾਂਜਲੀ..................41

16. ਸਮਰੱਥ ਗੁਰੂ ਸਨ ਸੁਆਮੀ ਸਰਵਣ ਦਾਸ ਜੀ............................42

17. ਕਿਰਪਾ ਰਾਮ ਦੀ ਬਦਲੀ ਹੋਣਾ.............................................43

18. ਜੈ ਚੰਦ ਹੱਥੋਂ ਆਈ ਮਾਇਆ ਨਿਕਲ ਜਾਣੀ............................44

19. ਮਰਿਆ ਕਬੂਤਰ ਜੀਵਤ ਹੋਣਾ...............................................46

20. ਮੂਲ ਰਾਜ ਦੀ ਸਾਖੀ ਆਪਣੀ ਜ਼ੁਬਾਨੀ....................................46

21. ਮੂਲ ਰਾਜ ਦੀ ਹੱਡ ਬੀਤੀ.....................................................48

22. ਸਤਿਗੁਰੂ ਸੇਵਕਾਂ ਨੂੰ ਚੇਲੇ ਨਾਲੋਂ ਵੱਧ ਪਿਆਰ ਦਿੰਦੇ ਸਨ.................50

23. ਸੱਤਾਂ ਜਨਮਾਂ ਦਾ ਫਕੀਰ.....................................................51

24. ਦੋ ਕਿਲੋਮੀਟਰ ਵਿੱਚ ਤਿੰਨ ਰੇਲਵੇ ਸਟੇਸ਼ਨ...............................52

25. ਸਤਿਗੁਰੂ ਆਪਣੇ ਪਿਆਰਿਆਂ ਦੀ ਹਰ ਥਾਂ ਰੱਖਿਆ ਕਰਦੇ ਹਨ.........52

26. ਸਤਿਗੁਰੂ ਆਪਣੇ ਸੇਵਕਾਂ ਤੋਂ ਆਪ ਹੀ ਨਾਮ ਜਪਾਉਂਦੇ ਹਨ............54

27 ਧੰਨ ਹੈ ਮੇਰਾ ਸਤਿਗੁਰੂ ਸੁਆਮੀ ਸਰਵਣ ਦਾਸ ਜੀ......................55

28. ਸ਼੍ਰੀ ਕਿਸ਼ਨ ਸਿੰਘ ਵਿਰਦੀ ਦੀ ਪਤਨੀ ਨੂੰ ਜੀਵਤ ਕਰਨਾ..................56

29. ਕਿਸ਼ਨ ਸਿੰਘ ਵਿਰਦੀ ਨੂੰ ਬਚਾਉਣਾ ਅਤੇ ਬਹਾਦਰੀ ਐਵਾਰਡ..........58

30. ਰੱਬ ਹੀ ਕਰਾਵੇ ਤਾ ਸਲਾਮਾਂ ਹੁੰਦੀਆਂ।......................................59

31. ਸ਼੍ਰੀ ਸੀਬੂ ਰਾਮ ਕਾਹਨਪੁਰ ਦੇ ਜਖ਼ਮ ਠੀਕ ਕਰਨਾ........................60

32. ਰਾਜ ਮੱਲ ਨੂੰ ਰਿਹਾਅ ਕਰਵਾਉਣਾ.........................................61

33. ਸਤਿਗੁਰੂ ਦੇ ਹੁਕਮ ਦੀ ਪਾਲਣਾ ਕਰਨੀ...................................63

34. ਸਾਧੂਆਂ ਦੀ ਆਪਣੀ ਮੌਜ ਹੁੰਦੀ ਹੈ।.......................................64

35. ਗਰੀਬ ਦਾਸ ਬਿਆਸ ਪਿੰਡੀਏ ਨੂੰ ਪੁੱਤਰ ਦੀ ਦਾਤ ਬਖਸ਼ਿਸ਼ ਕਰਨੀ.....65
36. ਮਾਤਾ ਦਾ ਦਿਲ ਦਾ ਅਪ੍ਰੇਸ਼ਨ ਠੀਕ ਹੋਣਾ.......................................66
37. ਸੁਆਮੀ ਸਰਵਣ ਦਾਸ ਜੀ ਸਭ ਕੁਝ ਜਾਣਦੇ ਸਨ..........................67
38. ਨਸੀਬ ਚੰਦ ਜੰਡੂ ਸਿੰਘੀਏ 'ਤੇ ਕਿਰਪਾ ਕਰਨੀ............................68
39. ਇੱਕ ਹੀ ਖੂੰਡਾ ਬਹੁਤ ਹੈ.......................................................69
40. ਸੱਚਾ ਸਤਿਗੁਰੂ ਆਪਣੇ ਸੇਵਕਾਂ ਦਾ ..........................................70
41. ਸ਼ਰਧਾ ਭਾਵਨਾ ਵਿੱਚ ਬਰਕਤ ਹੁੰਦੀ ਹੈ.......................................71
42. ਸੰਤਾਂ ਵਿੱਚ ਤੇ ਰੱਬ ਵਿੱਚ ਅੰਤਰ ਨਹੀਂ ਹੁੰਦਾ...............................72
43. ਸੰਤਾਂ ਦੇ ਇਮਤਿਹਾਨ ਨਹੀਂ ਲੈਣੇ ਚਾਹੀਦੇ.................................73
44. ਰਾਮ ਮੂਰਤੀ ਨੂੰ ਡੇਰੇ ਵਿੱਚ ਸੇਵਾ ਕਰਨ ਦਾ ਹੁਕਮ ਕਰਨਾ.................73
45. ਸਤਿਗੁਰੂ ਜੀ ਬੇਅੰਤ ਕਰਨੀ ਦੇ ਮਾਲਿਕ ਸਨ।.............................75
46. ਸਤਿਗੁਰੂ ਦੀ ਕ੍ਰਿਪਾ ਨਾਲ ਬਿਨਾਂ ਤੇਲ ਗੱਡੀ ਦਾ ਚੱਲਣਾ...................75
47. ਸੱਤਾਂ ਧੀਆਂ ਤੋਂ ਪੁੱਤਰ ਦੀ ਦਾਤ ਬਖਸ਼ਿਸ਼ ਕਰਨੀ.........................76
48. ਗਿੱਲ ਪੱਟੀ ਵਿਖੇ ਬੇਰੀ ਦੁਬਾਰਾ ਹਰੀ ਹੋਣੀ.................................77
49. ਸਤਿਗੁਰੂ ਜੀ ਭੈੜੇ ਕੰਮਾਂ ਤੋਂ ਸਦਾ ਹੀ ਵਰਜਦੇ ਹਨ........................78
50. ਮਹਾਰਾਜ ਜੀ ਦੇ ਵਾਕ ਸੱਚੇ ਹੋਏ.............................................79
51. ਪੂਰਨ ਮਹਾਂਪੁਰਸ਼ ਸੁਆਮੀ ਸਰਵਣ ਦਾਸ ਜੀ ਮਹਾਰਾਜ....................80
52. ਲਿਦੜਾਂ ਗੁਰੂ ਘਰ ਦਾ ਨੀਂਹ ਪੱਥਰ ਰੱਖਣਾ.................................81
53. ਸਤਿਗੁਰੂ ਸ਼ਰਧਾ ਭਾਵਨਾ ਵਾਲਿਆਂ ਦੇ ਹੁੰਦੇ ਹਨ।..........................81
54. ਤਿੰਨ ਖੂੰਡਿਆਂ ਦੀ ਦੇਣ..........................................................82
55. ਮਹਾਰਾਜ ਜੀ ਉਪੱਰ ਤੋਂ ਉਪਰ ਤਰੱਕੀ ਦਿੰਦੇ ਹਨ..........................83
56. ਮੂੰਨਾਂ ਕੁਟੀਆ ਇਕੱਲੀ ਆ.......................................................84
57. ਮਹਾਰਾਜ ਜੀ ਬੱਚਿਆਂ ਵਿੱਚ ਆਤਮ-ਵਿਸ਼ਵਾਸ ਪੈਦਾ ਕਰਦੇ ਸਨ.........85
58. ਮਹਾਰਾਜ ਜੀ ਕੌਮ ਵਿੱਚ ਵਿੱਦਿਆ ਦਾ ਪ੍ਰਚਾਰ ਚਾਹੁੰਦੇ ਸਨ................86
59. ਸੱਚ ਮੁੱਚ 11 ਜੂਨ ਸਾਡੇ ਲਈ ਅੱਜ ਵੀ ਹਨੇਰਾ ਹੈ.........................87
60. ਮਾਲਿਕ ਚਾਹੇ ਤਾਂ ਥੋੜੇ ਵਿੱਚ ਵੀ ਬਰਕਤ ਪੈ ਜਾਂਦੀ ਹ......................88
61. ਇਸ ਦੇ ਮਨੀ ਆਰਡਰ ਆਉਣੇ ਹਨ.........................................89
62. ਡਰਨਾ ਨਹੀਂ ! ਜਾਓ............................................................90
63 ਇਸ ਨੂੰ ਇਕ ਕੰਬਲ ਹੋਰ ਦੇ ਦਿਓ............................................91
64. ਸੰਤਾਂ ਦੇ ਬੋਲ ਸੱਚ ਹੁੰਦੇ ਹਨ।..................................................92
65. ਮਹਾਰਾਜ ਜੀ ਦੀ ਕ੍ਰਿਪਾ ਨਾਲ ਥੋੜੇ ਵਿੱਚ ਹੀ ਬਰਕਤ ਹੁੰਦੀ ਹੈ............92
66. ਪੂਰਨ ਗੁਰੂ ਆਪਣੇ ਸੇਵਕਾਂ ਨੂੰ ਵੀ ਨਾਲ ਲੈ ਕੇ ਜਾਂਦੇ ਹਨ।................93
67. ਏਨੀ ਕਰਨੀ ਦੇ ਮਾਲਿਕ ਸਨ ਮੇਰੇ **ਸਤਿਗੁਰੂ**................................**94**
68. ਖੂੰਡੇ ਵਾਲੇ ਦੀ ਮਿਹਰ ਸਦਕ...................................................95
69. ਪੂਰ ਗੁਰੂ ਸੇਵਕਾਂ ਨੂੰ ਡੋਲਣ ਨਹੀਂ ਦਿੰਦਾ........................................96
70. ਬੰਗੜ ਰਾਏਪੁਰੀ ਨੂੰ ਪੁੱਤਰ ਦੀ ਦਾਤ..........................................97
71. ਸੰਤ ਸੁਰਿੰਦਰ ਦਾਸ ਬਾਵਾ ਜੀ ਵਲੋਂ ਪ੍ਰਕਾਸ਼ਿਤ ਪੁਸਤਕ ਸੂਚੀ ਪ੍ਰਕਾਸ਼ਿਤ ਪੁਸਤਕ ਸੂਚੀ............99

# ਦੋ ਸ਼ਬਦ

ਰਵਿਦਾਸ ਸੋਈ ਸੂਰਾ ਭਲਾ ਜੋ ਲਰੈ ਧਰਮ ਕੇ ਹੇਤ॥
ਅੰਗ ਅੰਗ ਕੱਟ ਭੁਇ ਗਿਰੈ ਤਉ ਨਾ ਛਾਡੈ ਖੇਤ॥

ਧੰਨ ਧੰਨ ਜਗਤਗੁਰੂ ਰਵਿਦਾਸ ਜੀ ਮਹਾਰਾਜ ,ਜਿਨਾਂ ਨੇ ਇਸ ਸੰਸਾਰ ਵਿੱਚ ਆ ਕੇ ਸਭ ਜੀਵਾਂ ਨੂੰ ਭੇਦ ਭਾਵ ਅਡੰਬਰਾਂ ਤੋ ਮੁਕਤ ਹੋ ਕੇ ਮਾਨਵ ਪ੍ਰੇਮ ,ਹਰਿ ਦੇ ਸਿਮਰਨ ਕਰਨ ਦੇ ਪਾਵਨ ਉਪਦੇਸ਼ ਬਖਸ਼ਿਸ਼ ਕੀਤੇ ।ਜਿਥੇ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਨੇ ਸਦੀਆਂ ਤੋਂ ਪੀੜਤ ਸਮਾਜ ਵਿੱਚ ਆ ਕੇ ਇਸ ਦੇ ਸਾਰੇ ਬੰਧਨ ਕੱਟੇ ਉਥੇ ਨਾਲ ਹੀ ਨਾਲ ਮਾਨਵ ਵਿਰੋਧੀਆ ਨੂੰ ਵੀ ਸੱਤ ਉਪਦੇਸ਼ ਕਰਕੇ :

ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥

ਦੇ ਉਪਦੇਸ਼ ਰਾਹੀ ਵਿਸ਼ਵ ਭਾਈਚਾਰਾ ਦਾ ਪਾਵਨ ਉਪਦੇਸ਼ ਦਿੱਤਾ,ਉਥੇ ਨਾਲ ਨਾਲ ਪੂਰੇ ਵਿਸ਼ਵ ਨੂੰ ਬੇਗਮਪੁਰਾ ਵਤਨ ਬਣਾਉਣ ਦਾ ਵੀ ਸੰਕਲਪ ਦਿੱਤਾ।ਐਸੇ ਮਹਾਨ ਕ੍ਰਾਂਤੀਕਾਰੀ ਜਗਤਗੁਰੂ ਰਵਿਦਾਸ ਜੀ ਦਾ ਆਗਮਨ ਮਾਘ ਸੁਦੀ ਪੰਦ੍ਰਾਸ 1377 ਈਸਵੀ (1433 ਬਿਕਰਮੀ ਸੰਮਤ) ਨੂੰ ਸੀਰ ਗੋਵਰਧਨਪੁਰ,ਵਾਰਾਨਸੀ ਸਤਿਕਾਰਯੋਗ ਪਿਤਾ ਸ਼੍ਰੀ ਸੰਤੋਖ ਦਾਸ ਜੀ,ਸਤਿਕਾਰਯੋਗ ਮਾਤਾ ਕਲਸੀ ਜੀ ਦੇ ਗ੍ਰਹਿ ਵਿਖੇ ਹੋਇਆ।

ਆਪ ਜੀ ਨੇ ਸਮਾਨਤਾ ਸਥਾਪਿਤ ਕਰਨ ਲਈ ਚੌਹਾਂ ਯੁੱਗਾਂ ਦੇ ਜੰਜੂ ਮਾਘ ਦੀ ਸੰਗਰਾਂਦ ਨੂੰ ਦਿਖਾ ਕੇ ਬਾਅਦ ਵਿਚ ਸੂਤ ਦਾ ਜਨੇਊ ਵੀ ਉਤਾਰ ਦਿੱਤਾ।ਵਿਸਾਖੀ ਦੇ ਇਤਿਹਾਸਕ ਪੁਰਬ ਤੇ ਗੰਗਾ-ਘਾਟ 'ਤੇ ਪੱਥਰ ਤਰਾਏ ਅਤੇ ਰਾਜਾ ਕੁੰਭਾ ਅਤੇ ਰਾਣੀ ਝਾਲਾਂ ਬਾਈ ਦੇ ਦਰਬਾਰ ਵਿਚ ਅਨੇਕਾਂ ਰੂਪ ਧਾਰਣ ਕਰਕੇ ਸੰਗਤ-ਪੰਗਤ ਦੀ ਪ੍ਰਥਾ ਸ਼ੁਰੂ ਕੀਤੀ।ਆਪ ਜੀ ਨੇ ਜੀਵਨ ਦਾ ਬਹੁਤ ਵੱਡਾ ਹਿੱਸਾ ਉਦਾਸੀਆਂ ਕਰਕੇ ਸਭ ਜੀਵਾਂ ਨੂੰ ਸਤ-ਮਾਰਗ 'ਤੇ ਚੱਲਣ ਦਾ ਉਪਦੇਸ਼ ਦਿੱਤਾ।ਆਪ ਜੀ ਦੇ ਚਰਨ ਕਮਲਾਂ ਵਿੱਚ ਅਣਗਿਣਤ ਰਾਜੇ ਮਹਾਰਾਜੇ ਅਤੇ ਸਾਰੇ ਵਰਗਾ ਦੇ ਲੋਕ ਆਣ ਝੁਕੇ।ਹਾੜ੍ਹ ਦੀ ਸੰਗਰਾਂਦ 1584 ਬਿਕਰਮੀ ਸੰਮਤ 1528 ਈ. ਨੂੰ ਬਨਾਰਸ ਵਿਖੇ ਜੋਤੀ ਜੋਤ ਸਮਾਏ।ਜਗਤਗੁਰੂ ਰਵਿਦਾਸ ਜੀ ਨੂੰ ਭਗਤੀ ਦਾ ਸਿਰਮੌਰ ਸਮਝਦੇ ਹੋਏ ਸਤਿਗੁਰੂ ਕਬੀਰ ਸਾਹਿਬ ਜੀ ਫਰਮਾਉਂਦੇ ਹਨ:

ਸਾਧਨ ਮੇਂ ਰਵਿਦਾਸ ਸੰਤ ਹੈ ਸੁਪਚ ਰਿਸੀ ਸੋ ਮਾਨਿਆ
ਹਿੰਦੂ ਤੁਰਕ ਦੁਈ ਦੀਨ ਬਨੇ ਹੈ ਕਛੂ ਨਹੀਂ ਪਹਿਚਾਨਿਆ॥

ਭਾਵ-ਸੰਤਾਂ ਵਿੱਚ ਮਹਾਨ ਸੰਤ ਗੁਰੂ ਰਵਿਦਾਸ ਮਹਾਰਾਜ ਜੀ ਹਨ,ਜਿਨ੍ਹਾਂ ਨੂੰ ਦੁਨੀਆਂ ਇੱਕ ਮਹਾਨ ਰਿਸ਼ੀ ਮੰਨਦੀ ਹੈ।ਤਤਕਾਲੀ ਸਮੇਂ ਦੇ ਹਿੰਦੂ ਅਤੇ ਮੁਸਲਮਾਨ ਦੋਨੋਂ ਹੀ ਚਰਨੀ ਪਏ ਅਤੇ ਜਗਤਗੁਰੂ ਰਵਿਦਾਸ ਜੀ ਮਹਾਰਾਜ ਜੀ ਨੂੰ ਪ੍ਰਭੂ ਕਰਕੇ ਜਾਣਿਆ।

ਜਗਤਗੁਰੂ ਰਵਿਦਾਸ ਜੀ ਦੇ ਮਾਨਵਤਾ ਪ੍ਰਤੀ ਉਪਕਾਰ ਨੂੰ ਆਪਣੀ ਬਾਣੀ ਰਾਹੀਂ ਸੰਤ ਪੀਪਾ ਜੀ ਇਸ ਤਰ੍ਹਾਂ ਉਚਾਰਦੇ ਹਨ:-

ਜੇ ਕਲਿ ਰੈਦਾਸ ਕਬੀਰ ਨ ਹੋਤੇ ਲੋਕ ਵੇਦ ਅਰੁ ਕਲਿਜੁਗ
ਮਿਲਿ ਕਰ ਭਗਤਿ ਰਸਾਤਲ ਦੇਤੇ।

ਭਾਵ ਜੇਕਰ ਸਤਿਗੁਰੂ ਰਵਿਦਾਸ ਜੀ ਅਤੇ ਸਤਿਗੁਰੂ ਕਬੀਰ ਜੀ ਲੋੜ ਸਮੇਂ ਨਾ ਆਉਦੇ ਤਾਂ ਤਤਕਾਲੀ ਉੱਚ ਵਰਗ ,ਵੇਦ ਅਤੇ ਕਲਯੁੱਗੀ ਵਿਚਾਰਧਾਰਾ ਨੇ ਭਗਤੀ ਨੂੰ ਪਤਾਲ ਵਿੱਚ ਦਫਨਾ ਕਰ ਦੇਣਾ ਸੀ

ਰਵਿਦਾਸ ਚਮਾਰੁ ਉਸਤਤਿ ਕਰੇ
ਹਰਿ ਕੀਰਤਿ ਨਿਮਖ ਗਿਾਇ॥
ਪਤਿਤ ਜਾਤਿ ਉਤਮੁ ਭਾਇਆ
ਚਾਰਿ ਵਰਨ ਪਏ ਪਗਿ ਆਇ॥

ਸਤਿਗੁਰੂ ਰਾਮ ਦਾਸ ਜੀ ਮਹਾਰਾਜ ਫਰਮਾਉਂਦੇ ਹਨ ਕਿ ਸਤਿਗੁਰੂ ਰਵਿਦਾਸ ਜੀ ਨੇ ਹਰਿ ਦੀ ਐਸੀ ਭਗਤੀ ਤੇ ਉਸਤਤ ਕੀਤੀ ਕਿ ਉਹ ਰੱਬ ਦੇ ਰੂਪ ਹੋ ਗਏ।ਦੁਨੀਆਂ ਦੀ ਨਜ਼ਰ ਵਿਚ (ਕਹਿਣ ਮਾਤਰ ਲਈ) ਤਾਂ ਉਹ ਨੀਚ ਸਨ,ਪਰੰਤੂ ਉਨ੍ਹਾਂ ਦੀ ਬੰਦਗੀ ਤੇ ਰੂਹਾਨੀਅਤ ਕਾਰਨ ਮਹਾਨ ਬਣੇ ਅਤੇ ਚਾਰ ਵਰਣਾਂ ਦੇ ਲੋਕ ਉਹਨਾਂ ਦੇ ਚਰਨੀਂ ਢਹਿ ਪਏ।ਸਤਿਗੁਰੂ ਅਰਜਨ ਦੇਵ ਜੀ ਆਪ ਜੀ ਦੀ ਉਸਤਤ ਕਰਦੇ ਹੋਏ ਫਰਮਾਉਂਦੇ ਹਨ:-

ਊਚ ਤੇ ਊਚ ਨਾਮਦੇਉ ਸਮਦਰਸੀ।
ਰਵਿਦਾਸ ਠਾਕੁਰ ਬਣਿ ਆਇ॥

ਭਾਵ-ਉੱਚੇ ਤੋਂ ਉੱਚੇ ਸਮਦ੍ਰਿਸ਼ਟੀ ਵਾਲੇ ਸਤਿਗੁਰੂ ਨਾਮਦੇਵ ਮਹਾਰਾਜ ਜੀ ਹੋਏ ਹਨ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਆਪ ਇਸ ਸੰਸਾਰ ਵਿਚ ਪ੍ਰਭੂ ਬਣ ਕੇ ਆਏ। ਜਗਤਗੁਰੂ ਰਵਿਦਾਸ ਜੀ ਮਹਾਰਾਜ ਅਮ੍ਰਿਤਬਾਣੀ ਅੰਦਰ ਉਚਾਰਨ ਕਰਦੇ ਹਨ:-

ਮੇਰੀ ਜਾਤਿ ਕੁਟ ਬਾਂਡਲਾ ਢੋਰ ਢੋਵੰਤਾ।
ਨਿਤਹਿ ਬਨਾਰਸੀ ਆਸ ਪਾਸਾ॥
ਅਬ ਬਿਪ੍ਰ ਪਰਧਾਨੁ ਤਿਹਿ ਕਰਹਿ ਡੰਡਉਤਿ।
ਤੇਰੇ ਨਾਮ ਸਰਣਾਇ ਰਵਿਦਾਸ ਦਾਸਾ॥

ਭਾਵ ਮੇਰਾ ਜਨਮ ਉਨ੍ਹਾਂ ਵਿਚ ਹੋਇਆ ਜੋ ਬਨਾਰਸ ਦੇ ਆਸ-ਪਾਸ ਨਿਤਪ੍ਰਤੀ ਮਰੇ ਹੋਏ ਪਸ਼ੂ ਢੋਂਦੇ ਸਨ,ਪਰ ਮੈਂ ਪ੍ਰਭੂ ਦੇ ਨਾਮ ਦੀ ਸ਼ਰਨ ਲਈ ਹੈ।ਅੱਜ ਬਿਪ੍ਰਾਂ ਦੇ ਪ੍ਰਧਾਨ ਲੋਕ ਮੈਨੂੰ ਡੰਡੇ ਵਾਂਗ ਸਿੱਧੇ ਲੇਟ ਕੇ ਨਮਸਕਾਰਾਂ ਕਰਦੇ ਹਨ।ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਕਲਿਆਣਕਾਰੀ ਉਪਦੇਸ਼ਾਂ ਨੂੰ ਸਰਵਣ ਕਰਕੇ ਰਾਜਾ ਨਾਗਰ ਮੱਲ(ਹਰਦੇਵ ਸਿੰਘ),ਰਾਣਾ ਵੀਰ ਬਘੇਲ ਸਿੰਘ,ਰਾਜਾ ਸਿਕੰਦਰ ਲੋਧੀ,ਮਹਾਰਾਣਾ ਸੰਗਰਾਮ ਸਿੰਘ(ਰਾਣਾ ਸਾਂਗਾ) ਰਾਜਾ ਚੰਦਰ ਪ੍ਰਤਾਪ,ਰਾਜਾ ਅਲਾਵਦੀ ਬਾਦਸ਼ਾਹ,ਰਾਜਾ ਬਿਜਲੀਖਾਨ,ਰਾਣਾ ਰਤਨ ਸਿੰਘ,ਮਹਾਰਾਣਾ ਕੁੰਭਾ ਜੀ,ਮਹਾਰਾਣੀ ਝਾਲੀਬਾਈ,ਮਹਾਨ ਸੰਤ ਮੀਰਾ ਬਾਈ ਜੀ,ਬੀਬੀ ਕਰਮਾਂ ਬਾਈ ਜੀ,ਬੀਬੀ ਭਾਨ ਮਤੀ ਤੇ ਮਹਾਨ ਸੰਤ ਗੋਰਖ ਨਾਥ ਜੀ ਸਹਿਤ ਚਰਨਾਂ ਵਿਚ ਆਏ।

ਮਾਨਵਤਾ ਦੇ ਮਸੀਹਾ ਡਾ. ਭੀਮ ਰਾਓ ਅੰਬੇਡਕਰ ਸਾਹਿਬ ਜੀ ਨੇ ਭਾਰਤੀ ਸੰਵਿਧਾਨ ਦੀ ਰਚਨਾ ਸਤਿਗੁਰੂ ਜੀ ਦੇ ਸ਼ਬਦ 'ਬੇਗਮਪੁਰਾ ਸਹਰ ਕੋ ਨਾਉਂ" ਦੇ ਮਾਨਵੀ ਅਧਿਕਾਰਾਂ ਦੇ ਸਿਧਾਂਤਾਂ 'ਤੇ ਕੀਤੀ।ਉਸੇ ਪ੍ਰਕਾਰ ਯੂ. ਐਨ. ਓ. ਨੇ ਟੋਰਾਂਟੋ (ਕੈਨੇਡਾ) ਵਿਚ ਐਲਾਨ ਕੀਤਾ ਕਿ ਸੰਸਾਰ ਵਿਚ ਸਾਰੇ ਨਾਗਰਿਕ ਅਧਿਕਾਰ ਅਤੇ ਸੰਸਾਰ ਦੀ ਵਿਵਸਥਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉਂ; ਦੇ ਆਧਾਰ 'ਤੇ ਹੋਵੇਗੀ।

ਰਵਿਦਾਸ ਸੋਇ ਸਾਧੂ ਭਲੋ,ਜਉ ਰਹਹਿ ਸਦ ਨਿਰਵੈਰ।
ਸੁਖਦਾਈ ਸਮਤਾ ਗਹੇਇ ਸਭਨਹ ਮਾਂਗਹਿ ਖੈਰ॥

ਐਸੇ ਮਹਾਨ ਪਰਉਪਕਾਰੀ ਤਪੱਸਵੀ ਬ੍ਰਹਮ ਗਿਆਨੀ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਮਹਾਰਾਜ ਜੀ ਜਿਹਨਾਂ ਨੇ ਜਿੱਥੇ ਬੱਲਾਂ ਦੀ ਪਾਵਨ ਧਰਤੀ 'ਤੇ ਸਵਾਸ-ਸਵਾਸ ਪ੍ਰਭੂ ਦਾ ਸਿਮਰਨ ਕੀਤਾ ਅਤੇ ਸੰਸਾਰੀ ਜੀਵਾਂ ਨੂੰ ਪ੍ਰਭੂ ਦਾ ਸਿਮਰਨ ਕਰਵਾਇਆ।ਆਪ ਜੀ ਹਮੇਸ਼ਾਂ ਸੰਗਤਾਂ ਨੂੰ ਵਿੱਦਿਆ ਪੜ੍ਹਾਉਣ ਦਾ ਅਤੇ ਮਾਤਾ ਪਿਤਾ ਦੀ ਸੇਵਾ ਕਰਨ,ਵੱਡਿਆਂ ਦਾ ਸਤਿਕਾਰ ਕਰਨ ਦਾ ਪਾਵਨ ਉਪਦੇਸ਼ ਦਿਆ ਕਰਦੇ ਸਨ।ਸਤਿਗੁਰੂ ਸੁਆਮੀ ਸਰਵਣ ਦਾਸ ਜੀ ਮਹਾਰਾਜ ਨੇ ਪਿੰਡ ਬੱਲਾਂ ਵਿਖੇ ਡੇਰੇ ਦੀ ਉਸਾਰੀ ਕਰਵਾਈ।2 ਫਰਵਰੀ 1964 ਨੂੰ ਡੇਰਾ ਰਵਿਦਾਸੀਆ ਦਾ ਲਿਖ ਕੇ ਸਮਾਜ ਦੀ ਪਹਿਚਾਣ ਨੂੰ ਅਗਾਂਹ ਤੋਰਿਆਂ ਅਤੇ ਉਚਾਰਿਆ ਕਿ ਇੱਕ ਦਿਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਦਾ ਗ੍ਰੰਥ ਬਣੇਗਾ।ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਨੇ ਸਦੀਆਂ ਤੋਂ ਬਾਅਦ ਆਪਣੀ ਦਿਵ ਦ੍ਰਿਸ਼ਟੀ ਰਾਹੀਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਅਸਥਾਨ ਦੀ ਖੋਜ ਕੀਤੀ ਅਤੇ ਹਾੜ੍ਹ ਦੀ ਸੰਗਰਾਂਦ 1965 ਈ. ਨੂੰ ਸ੍ਰੀ 108 ਸੰਤ ਹਰੀ ਦਾਸ ਮਹਾਰਾਜ ਜੀ ਪਾਸੋਂ-ਨੀਂਹ-ਪੱਥਰ ਰਖਵਾਏ ਅਤੇ ਸ੍ਰੀ 108 ਸੰਤ ਗਰੀਬ ਦਾਸ ਜੀ ਮਹਾਰਾਜ ਤੋਂ ਉਸਾਰੀ ਦੇ ਕਾਰਜ ਕਰਵਾ ਕੇ ਸਮਾਜ ਨੂੰ ਇੱਕ ਮਹਾਨ ਤੀਰਥ ਅਸਥਾਨ ਬਖਸ਼ਿਸ਼ ਕੀਤਾ ਅਤੇ ਉਚਾਰਨ ਕੀਤਾ ਇਸ ਸਥਾਨ ਤੇ ਸੰਗਤਾਂ ਵਿਸ਼ਵ ਪੱਧਰ ਤੋਂ ਇਕੱਠੀਆਂ ਹੋਇਆਂ ਕਰਨਗੀਆਂ।

24 ਮਈ ਮਾਨਵ ਵਿਰੋਧੀਆਂ ਨੇ ਸ੍ਰੀ ਗੁਰੂ ਰਵਿਦਾਸ ਟੈਂਪਲ ਵਿਆਨਾ ਵਿਖੇ ਹਮਲਾ ਕੀਤਾ।25 ਮਈ ਨੂੰ ਅੰਮ੍ਰਿਤ ਵੇਲੇ ਰਵਿਦਾਸੀਆ ਕੌਮ ਲਈ ਸੰਤ ਰਾਮਾ ਨੰਦ

ਮਹਾਰਾਜ ਜੀ ਸ਼ਹਾਦਤ ਦਾ ਜਾਮ ਪੀਂਦੇ ਹੋਏ ਬ੍ਰਹਮਲੀਨ ਹੋ ਗਏ।ਰਵਿਦਾਸੀਆ ਕੌਮ ਨੇ ਪੂਰੇ ਵਿਸ਼ਵ ਵਿੱਚ ਰੋਸ ਪ੍ਰਗਟ ਕਰਕੇ ਆਪਣੀ ਤਾਕਤ ਦਾ ਪਤਾ ਲਗਾਇਆ,ਜਿਸ ਵਿਚੋਂ 25 ਕਰੋੜ ਤੋਂ ਵੱਧ ਗਿਣਤੀ ਵਿਚ ਰਵਿਦਾਸੀਆ ਕੌਮ ਨੂੰ ਜਗਤਗੁਰੂ ਰਵਿਦਾਸ ਜੀ ਮਹਾਰਤਾਜ ਦੇ 633ਵੇਂ ਆਗਮਨ ਪੁਰਬ 'ਤੇ ਹਜ਼ਾਰਾਂ ਦੀ ਗਿਣਤੀ ਵਿਚ ਸੰਤ ਸਮਾਜ ਅਤੇ ਲੱਖਾਂ ਦੀ ਗਿਣਤੀ ਵਿਚ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਰ ਤੋਂ ਰਵਿਦਾਸੀਆ ਧਰਮ ਦੇ ਨਾਂ ਨਾਲ ਪਹਿਚਾਣ ਮਿਲੀ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਇਸ ਸਦੀ ਦੇ ਸਭ ਤੋਂ ਵੱਡੇ ਚੰਦਰਮਾ ਦੇ ਵਿਚ ਦਰਸ਼ਨ ਦੇ ਕੇ ਅਸ਼ੀਰਵਾਦ ਦਿੱਤੇ ।ਰਵਿਦਾਸੀਆ ਧਰਮ ਦਾ ਪ੍ਰਚਾਰ ਪ੍ਰਸਾਰ ਸਾਰੇ ਵਿਸ਼ਵ ਵਿੱਚ ਹੋ ਰਿਹਾ ਹੈ ਅਤੇ ਅੰਮ੍ਰਿਤਬਾਣੀ ਗ੍ਰੰਥ ਦੇ ਪ੍ਰਕਾਸ਼ ਲੱਖਾਂ ਦੀ ਗਿਣਤੀ ਵਿੱਚ ਪੂਰੇ ਵਿਸ਼ਵ ਵਿੱਚ ਹੋ ਰਹੇ ਹਨ।ਅੰਮ੍ਰਿਤਬਾਣੀ ਗ੍ਰੰਥ ਦੀ ਵਿਅਖਿਆ ਪੰਜਾਬੀ ,ਹਿੰਦੀ, ਅੰਗਰੇਜੀ, ਮਰਾਠੀ,ਡਚ,ਇਟਾਲੀਅਨ ਅਤੇ ਹੋਰ ਅਨੇਕਾਂ ਭਸ਼ਾਵਾਂ ਵਿੱਚ ਹੋ ਚੁਕੀਅ ਹੈ। ਸੁਖਸਾਗਰ ਗੁਟਕੇ ਅਨੇਕਾਂ ਭਾਸਾਵਾ ਲੱਖਾਂ ਦੀ ਗਿਣਤੀ ਵਿੱਚ ਪ੍ਰਕਾਸ਼ਿਤ ਹੋ ਚੁੱਕੇ ਹਨ।

"ਧਰਤੀ ਉੱਤੇ ਰੱਬ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ" ਪੁਸਤਕ ਦਾ ਭਾਗ- 1 ਦਾ ਸੰਗਤਾਂ ਵਲੋਂ ਭਰਪੂਰ ਲਾਭ ਉਠਾਇਆ ਗਿਆ। ਇਸੇ ਕੜੀ ਵਿੱਚ ਧਰਤੀ ਉੱਤੇ ਰੱਬ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਭਾਗ ਦੂਜਾ ਤਿਆਰ ਕੀਤਾ ਗਿਆ ਹੈ। ਜਿਸ ਵਿੱਚ ਜਗਤਗੁਰੂ ਰਵਿਦਾਸ ਜੀ ਮਹਾਰਾਜ ਜੀ ਅਤੇ ਸਤਿਗੁਰੂ ਸਰਵਣ ਦਾਸ ਜੀ ਜੀ ਮਹਿਮਾਂ ਅਤੇ ਮਿਸ਼ਨ ਦਾ ਵਿਖਿਆਨ ਕੀਤਾ ਗਿਆ ਹੈ। ਆਸ ਹੈ ਕਿ ਸੰਗਤ ਇਸ ਦਾ ਵੀ ਭਰਪੂਰ ਲਾਭ ਉਠਾਏਗੀ। ਜਗਤਗੁਰੂ ਰਵਿਦਾਸ ਜੀ ਮਹਾਰਾਜ ਜੀ ਅਤੇ ਸਤਿਗੁਰੂ ਸਰਵਣ ਦਾਸ ਜੀ ਦੇ ਪਾਵਨ ਮਿਸ਼ਨ ਸਮਝ ਕੇ ਸਤਿਗੁਰਾਂ ਦੀ ਮਹਿਮਾਂ ਇਕੱਤਰ ਕਰਨ ਵਿੱਚ ਕਾਸ਼ੀ ਰਾਮ ਕਲੇਰ ਜੀ ਨੇ ਮਿਸ਼ਨਰੀ ਭਾਵਨਾ ਨਾਲ ਸਹਿਯੋਗ ਦਾ ਧੰਨਵਾਦ ਕਰਦਾ ਹਾਂ । ਆਸ ਕਰਦਾ ਹਾਂ ਕਿ ਸਤਿਗੁਰਾਂ ਦੀ ਮਹਿਮਾਂ ਦਾ ਸਮੂਹ ਸੰਗਤ ਇਸ ਦਾ ਭਰਪੂਰ ਲਾਭ ਉਠਾਉਣਗੀਆਂ।

ਜੈ ਗੁਰਦੇਵ।

ਗੁਰੂ ਚਰਨਾਂ ਦਾ ਦਾਸ
ਸੰਤ ਸੁਰਿੰਦਰ ਦਾਸ ਬਾਵਾ
ਚੇਅਰਮੈਨ:-
ਰਵਿਦਾਸੀਆ ਧਰਮ ਪ੍ਰਚਾਰਕ ਸੰਤ ਸਮਾਜ ਸੁਸਾਇਟੀ(ਰਜਿ.)
ਅੰਤਰ-ਰਾਸ਼ਟਰੀ ਜਗਤਗੁਰੂ ਰਵਿਦਾਸ ਸਾਹਿਤ ਸੰਸਥਾ (ਰਜਿ.)

***********

# ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਦਾ ਸੰਖੇਪ ਇਤਿਹਾਸ

ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਜ਼ਿਲ੍ਹਾ ਜਲੰਧਰ ਵਿਚ ਜਲੰਧਰ ਤੋਂ ਪਠਾਨਕੋਟ ਜਾਂਦੀ ਜਰਨੈਲੀ ਸੜਕ 'ਤੇ ਸਥਿਤ ਹੈ।ਇਸ ਅਸਥਾਨ ਦੀ ਉਸਾਰੀ ਇਥੋਂ ਦੇ ਸਰਪ੍ਰਸਤ ਰਵਿਦਾਸੀਆ ਧਰਮ ਦੇ ਅਨਮੋਲ ਹੀਰੇ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਕਰਵਾਈ ਜਿਸ ਦਾ ਨੀਂਹ ਪੱਥਰ ਸੰਤ ਸਮਾਜ ਅਤੇ ਸੰਗਤਾਂ ਦੀ ਹਾਜ਼ਰੀ ਵਿਚ ਸਤਿਕਾਰਯੋਗ ਸ਼੍ਰੀ 108 ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ(ਗੱਦੀਨਸ਼ੀਨ) ਡੇਰਾ ਸ਼੍ਰੀ 108 ਸੰਤ ਹਰੀਦਾਸ ਮਹਾਰਾਜ ਜੀ ਬੋਪਾਰਾਏ ਕਲਾਂ ਵਾਲਿਆਂ ਨੇ ਆਪਣੇ ਕਰ ਕਮਲਾਂ ਨਾਲ 27 ਮਾਰਚ 2014 ਨੂੰ ਰੱਖਿਆ,ਜਿਸ ਲਈ ਇਕ ਪਲਾਟ ਸ਼੍ਰੀ ਐਮ.ਡੀ.ਮੰਗਾ ਸਰਪੰਚ ਕਾਹਨਪੁਰ ਦੇ ਪਰਿਵਾਰ ਵੱਲੋਂ ਦਾਨ ਵੱਜੋਂ ਦਿੱਤਾ ਗਿਆ।ਇਸ ਸਮੇਂ ਇਲਾਕੇ ਦੀਆਂ ਸੰਗਤਾਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਸੀ।ਇਹੋ ਹੀ ਕਾਰਨ ਹੈ ਕਿ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਨਾਮਲੇਵਾ ਸੰਗਤਾਂ ਨੇ ਕਾਰ ਸੇਵਾ ਰਾਹੀਂ ਸਾਲਾਂ ਵਿਚ ਹੋਣ ਵਾਲੇ ਕੰਮ ਨੂੰ ਮਹੀਨਿਆਂ ਵਿਚ ਕਰਕੇ ਤਿਆਰ ਕੀਤਾ।ਅੱਜ ਇਸ ਅਸਥਾਨ 'ਤੇ ਦੂਰ ਦੁਰਾਡੇ ਤੋਂ ਸੰਤ ਮਹਾਂਪੁਰਸ਼,ਸਮਾਜਿਕ ਤੇ ਧਾਰਮਿਕ ਸਭਾਵਾਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਨਾਮਲੇਵਾ ਸੰਗਤਾਂ ਪਹੁੰਚਦੀਆਂ ਹਨ।ਇੱਕ ਛੋਟੇ ਜਿਹੇ ਪਿੰਡ ਵਿਚ ਬੁਲੰਦੀਆ ਨੂੰ ਛੂੰਹਦਾ ਏਹ ਅਸਥਾਨ ਪੂਰੇ ਵਿਸ਼ਵ ਵਿਚ ਆਪਣੀਆ ਕਿਰਨਾਂ ਬਿਖੇਰ ਰਿਹਾ ਹੈ।ਸੰਗਤਾਂ ਵਿਚ ਵਧਦੇ ਹੋਏ ਪ੍ਰਚਾਰ ਅਤੇ ਪ੍ਰਸਾਰ ਨੂੰ ਦੇਖਦੇ ਹੋਏ ਯੂਰਪ ਦੀਆਂ ਸੰਗਤਾਂ ਵੱਲੋਂ ਵਲੋਂ ਇਸ ਅਸਥਾਨ ਦੇ ਸੰਸਥਾਪਕ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਨੂੰ ਇਕ ਸਫ਼ਾਰੀ ਗੱਡੀ 01-01-15 ਨੂੰ ਭੇਂਟ ਕੀਤੀ ਗਈ,ਤਾਂ ਕਿ ਪ੍ਰਚਾਰ ਅਤੇ ਪ੍ਰਸਾਰ ਦਾ ਕੰਮ ਹੋਰ ਤੇਜ਼ ਹੋ ਸਕੇ।ਦੋ ਮੰਜ਼ਲੀ ਵੱਡੇ ਹਾਲ ਵਿਚ ਜਗਤਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਨਾਮ 'ਤੇ ਇਕ ਸੰਗੀਤ ਅਕੈਡਮੀ ਖੋਲ੍ਹੀ ਗਈ ਹੈ,ਜਿਸ ਵਿਚ ਸੰਗੀਤ ਦੇ ਧਨੀ ਅਧਿਆਪਕ ਹਰਮੋਨੀਅਮ ਅਤੇ ਤਬਲੇ ਬਾਰੇ ਵਿਸ਼ੇਸ਼ ਸਿੱਖਿਆ ਦੇ ਰਹੇ ਹਨ,ਜਿਸ ਵਿਚ ਕਰੀਬ 50 ਲੜਕੇ-ਲੜਕੀਆਂ ਇਸ ਅਕੈਡਮੀ ਦਾ ਲਾਹਾ ਲੈ ਰਹੇ ਹਨ,ਅਤੇ ਇਕ ਹੋਰ ਅਕੈਡਮੀ ਪਿੰਡ ਮਦਾਰ ਵਿਖੇ ਵੀ ਚਾਲੂ ਕੀਤੀ ਗਈ ਹੈ।ਜਿਸ ਦਾ ਸਾਰਾ ਖਰਚਾ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਵਲੋਂ ਸੰਗਤਾਂ ਦੇ ਸਹਿਯੋਗ ਸਦਕਾ ਕੀਤਾ ਜਾ ਰਿਹਾ ਹੈ।ਰਵਿਦਾਸੀਆ ਧਰਮ ਪ੍ਰਚਾਰ ਅਸਥਾਨ 'ਤੇ ਦੁਖੀਆਂ ਰੋਗੀਆਂ ਦੀ ਮਾਇਕ ਮਦਦ ਦਵਾਈਆਂ ਆਦਿ ਰਾਹੀ ਕੀਤੀ ਜਾਂਦੀ ਹੈ।ਬੇਰੁਜ਼ਗਾਰ ਬੱਚਿਆ ਨੂੰ ਸੇਧ ਦੇ ਕੇ ਵੱਖਰੇ-ਵੱਖਰੇ ਕੋਰਸਾਂ ਅਤੇ ਕਿੱਤਾ-ਮੁੱਖੀ ਕੋਰਸਾਂ ਨਾਲ ਜੋੜਿਆ ਜਾਂਦਾ ਹੈ ਅਤੇ ਆਰਥਿਕ ਸਹਾਇਤਾ ਵੀ ਕੀਤੀ ਜਾਂਦੀ ਹੈ।

ਪਿੰਡ ਕਾਹਨਪੁਰ ਵਿਖੇ ਬਾਬਾ ਪਿੱਪਲ ਦਾਸ ਜੀ ਮਹਾਰਾਜ ਬਾਲਕ ਸੰਤ ਸਰਵਣ

ਦਾਸ ਜੀ ਨੂੰ ਨਾਲ ਲੈ ਕੇ ਨਾਲ ਲੈ ਕੇ ਆਏ ਸਭ ਤੋਂ ਪਹਿਲਾਂ ਆਏ ਜਦੋਂ ਕੁਟੀਆ ਬਨਾਉਣ ਲਈ ਨੀਂਹ ਪੁਟਣੀ ਸ਼ੁਰੂ ਕੀਤੀ ਤਾਂ ਉਥੋ ਡਮੂੰਹੀ ਨਿਕਲੀ ਮਹਾਰਾਜ ਨੇ ਕਿਹਾ ਕਿ ਅਸੀਂ ਕਿਸੇ ਦਾ ਘਰ ਉਜਾੜ ਕੇ ਆਪਣਾ ਘਰ ਕਿਵੇਂ ਬਣਾ ਸਕਦੇ ਹਾਂ ਇਹਬੋਲ ਕੇ ਅਗਲੇ ਪਿੰਡ ਚਲੇ ਗਏ ਅਤੇ ਬਚਨ ਕੀਤੇ ਅਸੀਂ ਫਿਰ ਆਵਾਗੇ ਆਪਣਾ ਅਸਥਾਨ ਬਣਾਵਾਗੇ। ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਦੇ ਪਿਤਾ ਸ਼੍ਰੀ ਗੁਰਦਾਸ ਰਾਮ ਜੀ ਤੇ ਬੀਬੀ ਗੁਰਬਚਨ ਕੌਰ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਜੀ ਦੇ ਸ਼ਰਧਾਲੂ ਸਨ।ਇਨ੍ਹਾਂ ਦੇ ਗ੍ਰਹਿ ਵਿਖੇ ਸਤਿਗੁਰੂ ਜੀ ਕਈ ਰਾਤਾਂ ਰੁਕੇ।ਇਕ ਸਮੇਂ 1972 ਈ: ਨੂੰ ਬੀਬੀ ਗੁਰਬਚਨ ਕੌਰ ਬਿਮਾਰ ਹੋ ਗਏ। ਡਾਕਟਰਾਂ ਨੇ ਜਵਾਬ ਦੇ ਦਿੱਤਾ। ਸਤਿਗੁਰੂ ਜੀ ਆਪ ਸੰਗਤਾਂ ਸਮੇਤ ਸਿਵਲ ਹਸਪਤਾਲ ਜਲੰਧਰ ਜਾ ਕੇ ਬੀਬੀ ਗੁਰਬਚਨ ਕੌਰ ਦੀ ਜਾਨ ਬਚਾਈ ਅਤੇ ਵਰ ਦਿੱਤਾ ਕਿ ਇਸ ਪੁੱਤਰ ਨੂੰ ਨਹੀਂ ਰੋਣਾ ਤੇਰੇ ਦੋ ਪੁੱਤਰ ਹੋਰ ਹੋਣਗੇ।ਬੀਬੀ ਜੀ ਨੇ ਉਸ ਸਮੇਂ ਹੀ ਵੱਡੇ ਸਪੁੱਤਰ ਨੂੰ ਸਤਿਗੁਰੂ ਸਰਵਣ ਦਾਸ ਜੀ ਦੇ ਚਰਨਾ ਵਿਚ ਭੇਂਟ ਕੀਤਾ।

ਸੇਵਾ ਭਾਵਨਾ ਦੀ ਗੁੜ੍ਹਤੀ ਆਪ ਜੀ ਨੂੰ ਮਾਤਾ ਪਿਤਾ ਜੀ ਵਲੋਂ ਹੀ ਪ੍ਰਾਪਤ ਹੋਈ ਹੈ।ਆਪ ਜੀ ਦੇ ਸਤਿਕਾਰਯੋਗ ਮਾਤਾ ਪਿਤਾ ਸਤਿਗੁਰੂ ਸਰਵਣ ਦਾਸ ਜੀ ਦੇ ਅਨਿੰਨ ਭਗਤ ਸਨ ਅਤੇ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਦਾ ਪੂਰਾ ਆਸ਼ੀਰਵਾਦ ਆਪ ਜੀ ਦੇ ਪਿਤਾ(ਦੁਨਿਆਵੀ) ਸ਼੍ਰੀ ਗੁਰਦਾਸ ਰਾਮ ਜੀ ਨੂੰ ਪ੍ਰਾਪਤ ਸੀ।ਜਿਸ ਦੀ ਇਕ ਮਿਸਾਲ ਆਪ ਜੀ ਨੂੰ ਇੱਥੇ ਦੱਸ ਰਹੇ ਹਾਂ ਕਿ ਜਿਸ ਵਕਤ ਸੁਆਮੀ ਸਰਵਣ ਦਾਸ ਜੀ ਮਹਾਰਾਜ 11 ਜੂਨ 1972 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਚੋਲਾ ਛੱਡ ਕੇ ਬ੍ਰਹਮਲੀਨ ਹੋ ਗਏ।ਸੰਸਕਾਰ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਸਨ।ਦੇਸਾਂ ਪ੍ਰਦੇਸਾਂ ਤੋਂ ਸੰਗਤਾਂ ਸਤਿਗੁਰੂ ਜੀ ਦੇ ਅੰਤਿਮ ਦਰਸ਼ਨਾ ਲਈ ਜੁੜੀਆਂ ਹੋਈਆਂ ਸਨ।ਚਿੱਖਾ ਨੂੰ ਅਗਨੀ ਭੇਂਟ ਕਰਨ ਦੀਆਂ ਤਿਆਰੀਆਂ ਸਨ।ਚਿੱਖਾ ਵਿਚ ਦੇਸੀ ਘਿਓ,ਚੰਦਨ ਦੀ ਲਕੜੀ,ਧੂਫ਼,ਠੂਠੀ,ਸਮੱਗਰੀ ਆਦਿ ਪਾਇਆ ਜਾ ਰਿਹਾ ਸੀ।ਅਗਨੀ ਭੇਂਟ ਕਰਨ ਲਈ ਅਰਦਾਸ ਸਮਾਪਤ ਹੋ ਚੁੱਕੀ ਸੀ।ਉੱਥੇ ਮੌਜੂਦ ਵਿਅਕਤੀਆ ਮੁਤਾਬਕ ਬ੍ਰਹਮਲੀਨ ਸੁਆਮੀ ਸਰਵਣ ਦਾਸ ਜੀ ਮਹਾਰਾਜ ਦੇ ਪੰਜ ਭੂਤਕ ਸਰੀਰ ਵਿਚੋਂ ਖ਼ੂਨ ਦੀਆਂ ਧਾਰਾਂ ਨਿਕਲੀਆਂ ਜੋ ਸ਼੍ਰੀ ਗੁਰਦਾਸ ਰਾਮ ਜੀ ਦੇ ਸਰੀਰ ਤੇ ਕੁਝ ਖ਼ੂਨ ਦੇ ਤੁਬਕੇ ਗਿਰੇ ਇਹ ਇੱਕ ਵਿਚਾਰਨਯੋਗ ਗੱਲ ਹੈ ਕਿ ਇਹ ਤੁਬਕੇ ਸ਼੍ਰੀ ਗੁਰਦਾਸ ਰਾਮ ਜੀ ਦੇ ਸਰੀਰ ਤੇ ਹੀ ਕਿਉਂ ਗਿਰੇ?ਤੇ ਫਿਰ...ਸਤਿਗੁਰ ਸਰਵਣ ਦਾਸ ਜੀ ਮਹਾਰਾਜ ਦੇ ਸਰੀਰਕ ਰੂਪ ਵਿਚ ਚਲੇ ਜਾਣ ਤੋਂ ਪੂਰੇ 9 ਮਹੀਨੇ ਬਾਅਦ 14 ਮਾਰਚ 1973 ਨੂੰ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਦਾ ਜਨਮ ਇਕ ਅਧਿਆਤਮਿਕ ਸਵਾਲ ਖੜ੍ਹਾ ਹੋ ਜਾਂਦਾ ਹੈ?

ਪੰਜ ਸਾਲ ਦੀ ਉਮਰ ਵਿਚ ਸ਼੍ਰੀ 108 ਸੰਤ ਹਰੀ ਦਾਸ ਜੀ ਮਹਾਰਾਜ ਬਾਵਾ ਜੀ ਨੂੰ ਭਗਵਾਂ ਭੇਖ ਪਹਿਨਾ ਕੇ ਸੁੱਚੀ ਪਿੰਡ ਤੋਂ ਡੇਰਾ ਬੱਲਾਂ ਲੈ ਆਏ ਸ਼੍ਰੀ 108 ਸੰਤ ਗਰੀਬ ਦਾਸ ਜੀ ਮਹਾਰਾਜ ਜੀ ਨੇ ਵਿੱਦਿਆ ਪੜ੍ਹਾਈ।

ਸੰਤ ਸੁਰਿੰਦਰ ਦਾਸ ਬਾਵਾ ਜੀ ਦੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਤੇ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦੀ ਅਤੇ ਸੰਤ ਸਮਾਜ ਦੀ ਕ੍ਰਿਪਾ ਨਾਲ 30 ਜਨਵਰੀ 2010 ਈ: ਨੂੰ ਰਵਿਦਾਸੀਆ ਧਰਮ ਦਾ ਐਲਾਨ ਕੀਤਾ।ਜਿਸ ਨਾਲ ਰਵਿਦਾਸੀਆ ਕੌਮ ਨੂੰ ਵੱਖਰੀ ਪਹਿਚਾਣ ਮਿਲੀ।

ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਵਿਖੇ ਇਕ ਲਾਇਬਰੇਰੀ 'ਸਤਿਗੁਰੂ ਸਰਵਣ ਦਾਸ ਮਹਾਰਾਜ ਜੀ' ਦੀ ਯਾਦ ਵਿਚ ਬਣਾਈ ਗਈ,ਜਿਸ ਵਿਚ ਹਜ਼ਾਰਾ ਦੀ ਗਿਣਤੀ ਵਿਚ ਪੁਸਤਕਾਂ ਹਨ,ਜਿਨ੍ਹਾਂ ਵਿਚ 'ਦਲਿਤ ਇਤਿਹਾਸ' ਅਤੇ ਦਲਿਤ ਪੱਖੀ ਲਿਖਾਰੀਆ ਦੀਆ ਪੁਸਤਕਾਂ ਰੱਖੀਆ ਹਨ। ਮਹਾਨ ਗੁਰੂਆਂ, ਦੇਸ਼ਭਗਤਾਂ, ਯੋਧਿਆਂ ਅਤੇ ਸਾਹਿਤਕਾਰਾਂ ਨਾਲ ਸੰਬੰਧਿਤ ਸਾਹਿਤ ਇਸ ਲਾਇਬਰੇਰੀ ਵਿਚ ਮੌਜੂਦ ਹੈ ਇੱਥੇ ਹੀ ਬਸ ਨਹੀਂ ਡਾ ਅੰਬੇਡਕਰ ਤੇ ਹੋਰ ਵੱਖ- ਵੱਖ ਲਾਇਬ੍ਰੇਰੀਆਂ ਰਾਹੀ ਪੁੰਗਰ ਰਹੇ ਨਵੇਂ ਲਿਖਾਰੀਆ ਨੂੰ ਮੁਫਤ ਕਿਤਾਬਾ ਵੰਡੀਆ ਜਾਂਦੀਆ ਹਨ ਅਤੇ ਆਉਣ ਵਾਲੇ ਸਮੇਂ ਵਿਚ ਇਕ ਮੈਗਜ਼ੀਨ ਵੀ ਚਾਲੂ ਕੀਤਾ ਜਾ ਰਿਹਾ ਹੈ, ਜੋ ਪ੍ਰਕਿਰਿਆ ਅਧੀਨ ਹੈ। ਜਗਤਗੁਰੂ ਰਵਿਦਾਸਜੀ ਮਹਾਰਾਜ ਅਤੇ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਜੀ ਦੇ ਮਿਸ਼ਨ ਦਾ ਨਿਰੰਤਰ ਪ੍ਰਚਾਰ ਹੁੰਦਾ ਹੈ।

ਸੰਤ ਸੁਰਿੰਦਰ ਦਾਸ ਬਾਵਾ ਜੀ ਨੇ 2010,2011,2012,2013 ਵਿੱਚ ਕਈ ਵਾਰ ਯੂਰਪ,ਅਸਟਰੀਆਂ,ਗਰੀਸ,ਇਟਲੀ, ਜਰਮਨ ਹੌਲੈਂਡ,ਸਪੇਨ,ਅਮਰੀਕਾ,ਕਨੇਡਾ ਯੂ.ਏ.ਈ ਅਤੇ ਯੂ.ਕੇ ਵਿੱਚ ਪ੍ਰਚਾਰ ਕੀਤਾ।2014 ਵਿੱਚ ਇਟਲੀ ਅਤੇ ਅਸਟਰੀਆ, 2015 ਵਿੱਚ ਗਰੀਸ, ਇਟਲੀ ਪੁਰਤਗਾਲ,ਅਸਰਟੀਆ,2016 ਵਿੱਚ ਅਮਰੀਕਾ,ਕਨੇਡਾ, ਗਰੀਸ, ਇਟਲੀ ਅਤੇ ਅਸਟਰੀਆ ਯੂ.ਕੇ,। 2017 ਵਿੱਚ ਅਸਟਰੀਆ ,ਯੂ.ਕੇ,ਗਰੀਸ,ਇਟਲੀ,ਅਮਰੀਕਾ,ਕਨੇਡਾ,ਅਤੇ ਯੂ.ਏ.ਈ ਵਿੱਚ ਰਵਿਦਾਸੀਆ ਧਰਮ ਦਾ ਪ੍ਰਚਾਰ ਕੀਤਾ।

ਸੰਤ ਸੁਰਿੰਦਰ ਦਾਸ ਬਾਵਾ ਜੀ ਨੂੰ 2010 ਵਿੱਚ ਸ਼੍ਰੀ ਗੁਰੂ ਰਵਿਦਾਸ ਸਭਾ ਬੈਰਗਾਮੋ ਇਟਲੀ ,2011 ਸ਼੍ਰੀ ਗੁਰੂ ਰਵਿਦਾਸ ਸਭਾ ਕਰੋਪੀ ਐਥਨ ਗਰੀਸ ਵਿੱਚ , 2014 ਵਿੱਚ ਪਿੰਡ ਮਦਾਰਾ ਜਿਲ੍ਹਾਂ ਜਲੰਧਰ(ਪੰਜਾਬ),11 ਸਤੰਬਰ 2015 ਸ਼੍ਰੀ ਗੁਰੂ ਰਵਿਦਾਸ ਸੁਖਸਾਗਰ ਦਰਵਾਰ ਮਨੀਦੀ ਗਰੀਸ,30 ਦਸੰਬਰ 2015 ਪਿੰਡ ਅਲਾਵਲਪੁਰ,11 ਸਤੰਬਰ 2016 ਸਾਉਥ ਹਾਲ ਲੰਡਨ ਵਿੱਚ,21 ਮਈ 2017 ਸ਼੍ਰੀ ਗੁਰੂ ਰਵਿਦਾਸ ਭਵਨ ਬਾਰੀ ਇਟਲੀ , 28 ਮਈ 2017 ਸ਼੍ਰੀ ਗੁਰੂ ਰਵਿਦਾਸ ਦਰਵਾਰ ਕਰੋਪੀ ਗਰੀਸ, ਅਤੇ 20 ਅਗਸਤ 2017 ਟੋਰਾਟੋਂ ਕਨੇਡਾ, 30 ਦਸੰਬਰ 2017 ਨੂੰ ਸੁੱਚੀ ਪਿੰਡ ਵਿੱਚ ਰਵਿਦਾਸੀਆ ਸਮਾਜ ਵਲੋਂ ਗੋਲਡ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ।

ਭਾਰਤੀ ਦਲਿਤ ਸਾਹਿਤ ਅਕੈਡਮੀ ਦਿੱਲੀ ਵਿੱਚ 2006 ਵਿੱਚ ਸੰਤ ਸੁਰਿੰਦਰ ਦਾਸ ਬਾਵਾ ਜੀ ਨੂੰ ਸ਼੍ਰੀ ਗੁਰੂ ਰਵਿਦਾਸ ਨੈਸ਼ਨਲ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਵੱਧਦੀ ਹੋਈ ਸੰਗਤ ਅਤੇ ਪ੍ਰਚਾਰ ਪ੍ਰਸਾਰ ਹਿੱਤਾਂ ਨੂੰ ਧਿਆਨ ਰੱਖਦੇ ਹੋਏ ਯੂਰਪ ਦੀਆਂ ਸੰਗਤਾਂ ਵੱਲੋਂ ਸੰਗਤਾਂ ਦੀਆ ਲੋੜਾਂ ਨੂੰ ਧਿਆਨ ਰੱਖਦੇ ਹੋਏ ਇੱਕ ਨਾਲ ਲੱਗਦਾ ਪਲਾਟ ਇਸ ਸਥਾਨ ਨੂੰ ਖਰੀਦ ਕੇ ਦਿੱਤਾ ਗਿਆ। ਅੱਜ ਇਹ ਪ੍ਰਚਾਰ ਅਸਥਾਨ ਇੱਕ ਚਾਨਣ ਮੁਨਾਰਾ ਬਣ ਕੇ ਸੰਗਤਾਂ ਵਿਚ ਉਭਰ ਰਿਹਾ ਹੈ।ਇਸ ਪਾਵਨ ਸਥਾਨ ਤੇ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਪੱਕੇ ਤੌਰ ਤੇ ਰੈਣ-ਬਸੇਰਾ ਬਣਾਇਆ ਹੋਇਆ ਹੈ ਜਿੱਥੇ ਆਪ ਖੁਦ ਨਾਮ ਜੱਪਦੇ,ਬਾਣੀ ਪੜ੍ਹਦੇ ਸੁਣਦੇ ਅਤੇ ਸੰਗਤਾਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰਦੇ। ਇਸ ਸਥਾਨ ਤੇ ਰਵਿਦਾਸੀਆ ਧਰਮ ਦੇ ਨਿਯਮਾ ਮੁਤਾਬਿਕ ਹੀ ਆਪਣੇ ਆਪ ਨੂੰ ਢਾਲ ਕੇ ਚੱਲਣਾ ਪੈਂਦਾ ਹੈ।

ਇਸ ਪ੍ਰਚਾਰ ਅਸਥਾਨ ਤੇ 'ਅੰਮ੍ਰਿਤ ਬਾਣੀ' ਭਵਨ ਉਸਾਰਿਆ ਗਿਆ ਹੈ ,ਜਿਸ ਵਿਚ ਅਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਸੁਸ਼ੋਭਿਤ ਹੈ ਜਿਸ ਦੇ ਸਵੇਰੇ

-ਸ਼ਾਮ ਜਾਪ ਅਤੇ ਸਤਿਸੰਗ ਹੁੰਦੇ ਹਨ। ਹਰ ਐਤਵਾਰ ਅਤੇ ਸੰਗਰਾਂਦ 'ਤੇ ਵਿਸ਼ੇਸ ਦੀਵਾਨ ਸਜਾਏ ਜਾਂਦੇ ਹਨ ਜਿੱਥੇ ਲੋਕਾਂ ਦੀਆਂ ਮਨੋਕਾਮਨਾਵਾਂ ਪੂਰੀਆ ਹੁੰਦੀਆਂ ਹਨ। ਹਰ ਮਹੀਨੇ ਵੱਖ ਵੱਖ ਬੀਮਾਰੀਆ ਦੇ ਮਾਹਿਰ ਡਾ. ਸਾਹਿਬਾਨ ਮਰੀਜ਼ਾ ਦਾ ਚੈਕਅੱਪ ਕਰਦੇ ਹਨ ਤੇ ਦਵਾਈਆ ਦਿੰਦੇ ਹਨ।

ਇਸ ਪਾਵਨ ਅਸਥਾਨ ਨੂੰ ਲੋਕ ਸ਼ਰਧਾ ਨਾਲ ਮੰਨਦੇ ਹਨ। ਰੋਜ਼ਾਨਾ ਸਵੇਰ ਤੋ ਸ਼ਾਮ ਤੱਕ ਸੰਗਤਾਂ ਦਰਸ਼ਨਾਂ ਲਈ ਆਉਂਦੀਆਂ ਹਨ।ਇਸ ਦਰਵਾਰ ਵਿਚ ਜਗਤਗੁਰੂ ਰਵਿਦਾਸ ਜੀ ਮਹਾਰਾਜ ਅਤੇ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਜੀ ਦੇ ਮਿਸ਼ਨ ਦਾ ਪ੍ਰਚਾਰ ਹੁੰਦਾ ਹੈ।ਲੋਕਾਂ ਨੂੰ ਨਾਮ ਬਾਣੀ ਦੇ ਨਾਲ-ਨਾਲ ਸਮਾਜਿਕ ਕੁਰੀਤੀਆਂ ਅਤੇ ਨਸ਼ਿਆਂ,ਦਾਜ ਦੇ ਕੋਹੜ,ਸਮਾਗਮਾਂ ਵਿਚ ਵਧੇਰੇ ਖਰਚੇ,ਭਰੂਣ ਹੱਤਿਆ,ਨਿੰਦਿਆਂ-ਚੁਗਲੀ ਤੋਂ ਮੁਕਤ ਹੋਣ ਲਈ ਬੱਚਿਆਂ ਨੂੰ ਉਚੇਰੀ ਸਿਖਿਆਂ,ਬਜੁਰਗਾਂ ਦਾ ਸਤਿਕਾਰ ਕਰਨ ਲਈ ਵਿਸ਼ੇਸ਼ ਪ੍ਰਚਾਰ ਕੀਤਾ ਜਾਂਦਾ ਹੈ।ਇਹ ਪ੍ਰਚਾਰ ਅਸਥਾਨ ਸਭ ਲਈ ਖੁੱਲ੍ਹਾ ਹੈ।ਹਰ ਸੇਠ ਹਰ ਗਰੀਬ ਲਈ ਬਰਾਬਰ ਹੈ ਅਤੇ ਸਭ ਦੇ ਸਤਿਕਾਰ ਹਿੱਤ ਬਣਾਇਆ ਗਿਆ ਹੈ।ਇੱਥੇ ਕੋਈ ਉਚ ਨੀਚ ਨਹੀਂ।ਇਸ ਪ੍ਰਚਾਰ ਅਸਥਾਨ ਵਿਚ ਮਾਨਵਤਾ ਦੀ ਭਲਾਈ,ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਬੇਗਮਪੁਰ ਦੇ ਸੰਕਲਪ ਅਤੇ ਡਾ ਭੀਮ ਰਾਓ ਅੰਬੇਡਕਰ ਜੀ ਦੇ ਪੜ੍ਹੋ ਜੜੋ ਸੰਘਰਸ਼ ਕਰੋ ਦੇ ਏਜੰਡੇ ਤੇ ਹੀ ਪ੍ਰਚਾਰ ਹੁੰਦਾ ਹੈ।

ਇਸ ਅਸਥਾਨ ਤੇ 24 ਜੁਲਾਈ 2016 ਦਿਨ ਐਤਵਾਰ ਨੂੰ ਸੰਤ ਸੁਰਿੰਦਰ ਦਾਸ ਬਾਵਾ ਜੀ ,ਸੰਤ ਸੱਤਿਆਪਾਲ ਜੀ ਚੰਡੀਗੜ, ਸੰਤ ਬੀਬੀ ਕ੍ਰਿਸ਼ਨਾ ਦੇਵੀ ਬੋਪਾਰਾਏ ਕਲਾਂ,ਸੰਤ ਹਰਵਿੰਦਰ ਦਾਸ ਆਦਮਪੁਰਅਤੇ ਹੋਰ ਸੰਤ ਸਮਾਜ ਦੀ ਹਾਜਰੀ ਵਿੱਚ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਪ੍ਰਤਿਮਾ "ਅੰਮ੍ਰਿਤਬਾਣੀ ਭਵਨ" ਵਿੱਚ ਸਥਾਪਤ ਕੀਤੀ ਗਈ ਅਤੇ ਇਸ ਮੌਕੇ ਤੇ ਸ਼੍ਰੀ ਸਾਧੂ ਰਾਮ ਹੀਰ ਜੀ (ਰਿਟਾ.ਚੀਫ ਇੰਜੀਨੀਆਰ ਨੌਰਥ ਜੌਨ ਦੂਰਦਰਸ਼ਨ)ਰਵਿਦਾਸੀਆ ਸਮਾਜ ਲਈ ਵੱਡਮੂਲੀਆਂ ਸੇਵਾਵਾਂ ਲਈ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਇਸ ਪ੍ਰਚਾਰ ਅਸਥਾਨ ਦੀ ਪ੍ਰਿਯਤਾ ਅੱਜ ਪੂਰੇ ਵਿਸ਼ਵ ਵਿਚ ਤੇਜ਼ੀ ਨਾਲ ਵੱਧ ਰਹੀ ਹੈ। ਜਿਸ ਨੂੰ ਸਫਲ ਬਣਾਉਣ ਲਈ ਸਮੁੱਚੀਆ ਸੰਗਤਾਂ ਦਾ ਸਹਿਯੋਗ ਜ਼ਰੂਰੀ ਹੈ। ਰਹਿਣ ਸਹਿਣ ਅਤੇ ਲੰਗਰ ਆਦਿ ਦੀਆਂ ਵਿਵਸਥਾਵਾਂ ਹਨ।

ਇਸ ਪ੍ਰਚਾਰ ਅਸਥਾਨ 'ਤੇ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦਾ ਉਹ ਸੰਕਲਪ ਸਾਕਾਰ ਨਜ਼ਰ ਆ ਰਿਹਾ ਹੈ,ਜਿਸ ਬਾਰੇ ਮਹਾਰਾਜ ਜੀ ਸੋਚਿਆ ਕਰਦੇ ਸਨ ਕਿ ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਘਰ-ਘਰ ਪ੍ਰਚਾਰ ਹੋਵੇ।ਇਸ ਮਹਾਨ ਕਾਰਜ ਲਈ ਸੰਤ ਸੁਰਿੰਦਰ ਦਾਸ ਬਾਵਾ ਜੀ ਦਿਨ ਰਾਤ ਇੱਕ ਕਰਦੇ ਹੋਏ ਯਤਨਸ਼ੀਲ ਹਨ।ਸਤਿਗੁਰ ਇਨ੍ਹਾਂ 'ਤੇ ਆਪਣਾ ਮਿਹਰ ਭਰਿਆ ਹੱਥ ਰੱਖਣ ਤਾਂ ਕਿ ਕੌਮੀ ਕੰਮਾਂ ਲਈ ਇਸੇ ਤਰ੍ਹਾਂ ਡਟੇ ਰਹਿਣ।

ਕਾਂਸ਼ੀ ਰਾਮ ਕਲੇਰ ਜੰਡੂ ਸਿੰਘਾ

***********

# ਸਮਰਪਿਤ

ਇਹ ਪੁਸਤਕ ਮਨੁੱਖਤਾ ਦੇ ਸੰਗ੍ਰਾਮੀਏ,ਸਮਾਜਿਕ ਪ੍ਰਗਤੀ ਦੇ ਅਲੰਬਰਦਾਰ ,ਸਮੁੱਚੀ ਮਾਨਵਤਾ ਨੂੰ ਭੇਦ-ਭਾਵ ਤੋ ਮੁਕਤ ਹੋ ਕੇ ਵਿਸ਼ਵ ਭਾਈਚਾਰੇ ,ਸੰਤਾਂ ਦੀ ਸੰਗਤ ,ਹਰਿ ਦਾ ਸਿਮਰਨ ਅਤੇ ਬੇਗਮਪੁਰ ਵਤਨ ਦੇ ਵਾਸੀ ਬਨਣ ਦਾ ਪਾਵਨ ਉਪਦੇਸ਼ ਬਖਸ਼ਿਸ਼ ਕਰਨ ਵਾਲੇ ਮਹਾਨ ਰਹਿਬਰ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਅਤੇ ਵੀਹਵੀ ਸਦੀ ਵਿੱਚ ਜਗਤ ਗੁਰੂ ਰਵਿਦਾਸ ਜੀ ਮਹਾਰਾਜ ਦੇ ਮਿਸ਼ਨ ਨੂੰ ਵਿਸ਼ਵ ਵਿਖਿਆਤ ਕਰਨ ਵਾਲੇ ਮਹਾਨ ਰਹਿਬਰ, ਦੁਖੀਆਂ ਦੇ ਤੇ ਗਰੀਬਾਂ ਦੇ ਪ੍ਰਤੀਪਾਲਕ ਬ੍ਰਹਮਲੀਨ, ਬ੍ਰਹਮਗਿਆਨੀ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਜੀ ਨੂੰ ਸਮਰਪਿਤ ਹੈ। ਪੁਸਤਕ ਨੂੰ ਪੜ੍ਹਨਾ, ਅੱਗੇ ਹੋਰਨਾਂ ਨੂੰ ਪੜ੍ਹਾਉਣਾ ਅਤੇ ਇਸ ਉਪਰ ਅਮਲ ਕਰਨਾ ਹੀ ਉਹਨਾਂ ਦੀ ਸੋਚ ਉੱਪਰਪਹਿਰਾ ਦੇਣਾ ਹੋਵੇਗਾ ।

**ਦਾਸਃ-ਸੰਤ ਸੁਰਿੰਦਰ ਦਾਸ ਬਾਵਾ**

# ਧਰਤੀ ਉੱਤੇ ਰੱਬ
# ਸਤਿਗੁਰੂ ਸਰਵਣ ਦਾਸ ਜੀ ਮਹਾਰਾਜ

ਜਗਤਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਪਾਵਨ ਮਿਸ਼ਨ ਨੂੰ ਵੀਹਵੀਂ ਸਦੀ ਵਿੱਚ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਨੇ ਮੁੜ ਸੁਰਜੀਤ ਕੀਤਾ। ਦਾਸ ਨੂੰ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਦੇ ਅਸ਼ੀਰਵਾਦ ਸਦਕਾ ਸਤਿਗੁਰੂ ਹਰੀਦਾਸ ਜੀ ਮਹਾਰਾਜ ਜੀ ਦੇ ਚਰਨਾਂ ਦੀ ਓਟ ਵਿੱਚ ਪੰਜ ਸਾਲ ਦੀ ਉਮਰ ਤੋਂ ਡੇਰਾ ਸੱਚਖੰਡ ਬੱਲਾਂ ਸਤਿਗੁਰਾਂ ਦੀ ਸੇਵਾ ਕਰਨ ਦਾ ਅਤੇ ਸਾਧ ਸੰਗਤ ਦੀ ਸੇਵਾ ਦਾ ਸੁਭਾਗ ਪ੍ਰਾਪਤ ਹੈ।ਦਾਸ ਕੋਲ ਸਤਿਗੁਰੂ ਬਾਬਾ ਪਿੱਪਲ ਦਾਸ ਜੀ,ਸਤਿਗੁਰੂ ਸੁਆਮੀ ਸਰਵਣ ਦਾਸ ਜੀ ਅਤੇ ਸਤਿਗੁਰੂ ਹਰੀ ਦਾਸ ਜੀ ਮਹਾਰਾਜ ਜੀ ਦੇ ਸ਼ਰਧਾਲੂ ਅਕਸਰ ਆਉਂਦੇ ਜਾਂਦੇ ਰਹਿੰਦੇ। ਉਹਨਾਂ ਦੀਆ ਪਰਮਾਰਥੀ ਸਾਖੀਆਂ ਸੁਣ ਕੇ ਬਹੁਤ ਮਾਣ ਮਹਿਸੂਸ ਹੁੰਦਾ ਅਤੇ ਮਨ ਨੂੰ ਤਸੱਲੀ ਹੁੰਦੀ ਕਿ ਦਾਸ ਨੂੰ ਐਸੇ ਪੂਰਨ ਸਤਿਗੁਰਾਂ ਦੇ ਚਰਨਾਂ ਵਿਚ ਸੇਵਾ ਬਖਸ਼ੀ ਗਈ ਹੈ। ਸਤਿਗੁਰੂ ਹਰੀ ਦਾਸ ਜੀ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਨੂੰ ਰੱਬ ਕਹਿ ਕੇ ਮੁਖਾਤਬ ਹੁੰਦੇ ਸਨ। ਸਤਿਗੁਰੂ ਹਰੀਦਾਸ ਜੀ ਮਹਾਰਾਜ ਨੂੰ ਜਦੋਂ ਸਤਿਗੁਰੂ ਸੁਆਮੀ ਸਰਵਣ ਦਾਸ ਮਹਾਰਾਜ ਜੀ ਬਲਾਉਂਦੇ ਸਨ ਕਿਸੇ ਕੰਮ ਲਈ ਤਾਂ ਸੰਤ ਹਰੀਦਾਸ ਜੀ ਨੇ ਇਹ ਕਹਿਣਾ ਕਿ ਰੱਬ ਜੀ ਦਾ ਹੁਕਮ ਹੈ, ਤੇ ਜਾਣ ਲੱਗੇ ਸਤਿਬਚਨ ਕਹਿੰਦੇ ਸਨ। ਸਤਿਗੁਰੂ ਹਰੀਦਾਸ ਮਹਾਰਾਜ ਜੀ ਨੇ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਦੇ ਚਰਨਾਂ ਵਿਚ ਲੱਗ ਕੇ ਸੰਗਤ ਕਰ ਕੇ ਓਹਨਾਂ ਦੇ ਅਸ਼ੀਰਵਾਦ ਸਦਕਾ ਨਾਮ ਜੱਪਣ ਭਜਨ ਸਿਮਰਨ ਅਤੇ ਸੁਰਤ ਸ਼ਬਦ ਦੇ ਅਭਿਆਸ ਨਾਲ ਜਾਣ ਲਿਆ ਸੀ ਕਿ ਜੋ ਪਰਮ ਪਿਤਾਪ੍ਰਮਾਤਮਾ ਉੱਪਰ ਸੱਚਖੰਡ ਵਿਚ ਬੈਠੇ ਕਰ ਰਹੇ ਹਨ ਅਜਿਹੇ ਕੰਮ ਮੇਰੇ ਸਤਿਗੁਰੂ ਸੁਆਮੀ ਸਰਵਣ ਦਾਸ ਮਹਾਰਾਜ ਜੀ ਧਰਤੀ ਤੇ ਬੈਠ ਕੇ ਵੀ ਕਰੀ ਜਾ ਰਹੇ ਹਨ। ਅਗਲੇਰੇ ਸੰਤਾਂ ਮਹਾਪੁਰਸ਼ਾਂ ਗੱਦੀ ਨਸ਼ੀਨਾ ਨੇ ਵੀ ਉਪਰੋਕਤ ਰੱਬ ਰੂਪੀ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਦਾ ਪ੍ਰਮਾਤਮਾ ਹੋਣਾ, ਜਗਤਗੁਰੂ ਰਵਿਦਾਸ ਜੀ ਮਹਾਰਾਜ ਦਾ ਸਰੂਪ ਹੋਣਾ ਤਸਦੀਕ ਕੀਤਾ। ਸੰਗਤ ਵਿੱਚੋ ਵੀ ਉਹਨਾਂ ਦੇ ਅਨਿੰਨ ਸ਼ਰਧਾਲੂਆਂ ਨੇ ਜੋ ਓਹਨਾਂ ਨਾਲ ਵਾਪਰੀਆ ਘਟਨਾਵਾਂ ਹਨ ਵਰਨਣ ਕਰਦੇ ਸਮੇਂ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਨੂੰ ਰੱਬ ਮੰਨਿਆ ਹੈ। ਕੁਝ ਸਾਖੀਆਂ ਜੋ ਸਤਿਗੁਰਾਂ ਦੇ ਅਨਿੰਨ ਸ਼ਰਧਾਲੂਆਂ ਨੇ ਸੁਣਾਈਆ ਦਾਸ ਨੇ ਕਲਮ ਬੱਧ ਕਰਨ ਦੀ ਕੋਸ਼ਿਸ਼ ਕੀਤੀ ਹੈ।ਸਤਿਗੁਰੂ ਦਾ ਇਕੱਠਾ ਕੀਤਾ ਹੋਇਆ ਇਤਿਹਾਸ ਆਉਣ ਵਾਲੇ ਸਮੇਂ ਲਈ ਚਾਨਣ ਮੁਨਾਰਾ ਬਣੇਗਾ ਅਤੇ ਸੰਗਤ ਇਸ ਤੋ ਵੱਧ ਤੋਂ ਵੱਧ ਲਾਭ ਉਠਾਵੇਗੀ। ਰਵਿਦਾਸੀਆ ਧਰਮ ਅਤੇ "ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਮਹਾਰਾਜ" ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਅੱਗੇ ਤੋਰਦੇ ਹੋਏ ਸਤਿਗਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਅਤੇ ਸਤਿਗੁਰੂ ਸਰਵਣ ਦਾਸ ਜੀ ਦੇ ਮਿਸ਼ਨ ਨੂੰ ਅੱਗੇ ਤੋਰਦੇ ਹੋਏ ਸੰਗਤ ਦੀ ਸੇਵਾ ਵਿਚ ਪਰਮਾਰਥੀ ਸਾਖੀਆਂ ਦਾ ਸੰਗ੍ਰਹਿ ਲਈ ਬਹੁਤ ਲਾਹੇਵੰਦ ਹੋਵੇਗਾ। ਇਹ ਤੁੱਛ ਸਾਖੀਆ ਦਾ ਸੰਗ੍ਰਿਹ ਹੈ, ਆਉਣ ਵਾਲੇ ਸਮੇਂ ਵਿਚ

ਸੰਗਤਾਂ ਦੀ ਸੇਵਾ ਵਿਚ ਭੇਂਟ ਕੀਤਾ ਜਾਵੇਗਾ ਕਿਉਂਕਿ ਜੋ ਵੀ ਸ਼ਰਧਾਲੂ ਸਤਿਗੁਰੂ ਸੁਆਮੀ ਸਰਵਣ ਦਾਸ ਮਹਾਰਾਜ ਜੀ ਦੇ ਚਰਨਾਂ ਨਾਲ ਜੁੜਿਆ ਹੈ ਉਸ ਦੀ ਹਰ ਮੁਸ਼ਕਿਲ ਹੱਲ ਕੀਤੀ ਜਾਂਦੀ ਹੈ ਜੋ ਸ਼ਰਧਾ ਨਾਲ ਜੁੜਿਆ ਉਸਦੀ ਹਰ ਮਨੋਕਾਮਨਾਂ ਪੂਰੀ ਕੀਤੀ ਜਿਸ ਨੇ ਪਰਮ ਪਿਤਾ ਪ੍ਰਮਾਤਮਾ ਦੇ ਦਰਸ਼ਨ ਕਰਨੇ ਚਾਹੇ ਉਸ ਨੂੰ ਦਰਸ਼ਨ ਕਰਵਾਏ ਅਤੇ ਸੱਚਖੰਡ ਵਿਚ ਲੈ ਕੇ ਗਏ ਅਤੇ ਅੱਜ ਵੀ ਉਨ੍ਹਾਂ ਦੇ ਸਮੇ ਦੇ ਅਤੇ ਬਾਅਦ ਦੇ ਪੈਰੋਕਾਰ ਅਨਿੰਨ ਸ਼ਰਧਾਲੂ ਉਹਨਾਂ ਦੇ ਦੱਸੇ ਮਾਰਗ ਤੇ ਚੱਲ ਕੇ ਅਭਿਆਸੀ ਸੱਚਖੰਡ ਜਗਤਗੁਰੂ ਰਵਿਦਾਸ ਮਹਾਰਾਜ ਜੀ ਅਤੇ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਮਹਾਰਾਜ ਦੇ ਪਾਵਨ ਚਰਨਾਂ ਵਿਚ ਜਾਣ ਦੀ ਤਿਆਰੀ ਕਰੀ ਬੈਠੇ ਹਨ। ਦਾਸ ਦੀ ਇਸ ਕੋਸ਼ਿਸ਼ ਤੋਂ ਸੰਗਤ ਭਰਪੂਰ ਲਾਭ ਉਠਾਏਗੀ। ਜਗਤਗੁਰੂ ਰਵਿਦਾਸ ਜੀ ਦੇ ਨਾਲ ਜੁੜ ਕੇ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਦੇ ਮਿਸ਼ਨ ਨੂੰ ਅੱਗੇ ਵਧਾਏਗੀ। ਅਸੀਂ ਰਵਿਦਾਸੀਆ ਧਰਮ ਅਤੇ ਅਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਮਹਾਰਾਜ ਅਨੁਸਾਰ ਇੱਕ ਵਿਸ਼ਾਲ ਰਵਿਦਾਸੀਆ ਧਰਮ ਨੂੰ ਫੈਲਾਉਣ ਵਿਚ ਸਫਲ ਹੋਵਾਂਗੇ 'ਐਸਾ ਚਾਹੂੰ ਰਾਜ' 'ਪ੍ਰਾਧੀਨਤਾ ਪਾਪ ਹੈ' ਅਤੇ ਬੇਗਮਪੁਰੇ ਦੇ ਸੁਪਨੇ ਨੂੰ ਸਕਾਰ ਕਰਾਂਗੇ ਅਤੇ ਅਧਿਆਤਮਿਕ ਤੌਰ ਤੇ ਸਮੁੱਚੀ ਮਾਨਵਤਾ ਨੂੰ ਸੱਚੇ ਮਾਰਗ ਤੇ ਚੱਲਣ ਲਈ ਸਹਾਈ ਹੋਵਾਂਗੇ ਅਤੇ ਸਤਿਗੁਰੂ ਸੁਆਮੀ ਸਰਵਣ ਦਾਸ ਮਹਾਰਾਜ ਜੀ ਦਾ ਸੁਪਨਾ ਸਾਕਾਰ ਕਰਾਂਗੇ।

***********

# ਬ੍ਰਹਮਗਿਆਨੀ
# ਸ਼੍ਰੀ108 ਸਤਿਗੁਰੂ ਬਾਬਾ ਪਿੱਪਲ ਦਾਸ ਜੀ ਮਹਾਰਾਜ
### ਰਵਿਦਾਸ ਭਣੈ ਜੋ ਜਾਣੈ ਸੋ ਜਾਣੁ।
### ਸੰਤ ਅਨੰਤਹਿ ਅੰਤਰੁ ਨਾਂਹੀ॥

ਜਿਵੇਂ ਕਿ ਸਾਹਿਬ ਜਗਤਗੁਰੂ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਫ਼ਰਮਾਉਂਦੇ ਹਨ ਕਿ ਇਸ ਸੰਸਾਰ ਵਿੱਚ ਸੰਤਾਂ ਅਤੇ ਪ੍ਰਮਾਤਮਾ ਵਿੱਚ ਕੋਈ ਭੇਦ ਨਹੀਂ ਹੈ ।ਸੰਤ ਸੰਸਾਰ ਵਿੱਚ ਨਿੱਤ ਅਵਤਾਰ ਹਨ ਜਿਥੇ ਸੰਤ ਇਸ ਸੰਸਾਰ ਵਿੱਚ ਭੁੱਲੇ ਭਟਕੇ ਜੀਵਾਂ ਨੂੰ ਪ੍ਰਮਾਤਮਾ ਨਾਲ ਜੋੜਦੇ ਹਨ ,ਉੱਥੇ ਉਹਨਾ ਦਾ ਸੰਸਾਰਕ ਜੀਵਨ ਵੀ ਸੁਧਾਰਦੇ ਹਨ ।ਉਹਨਾ ਵਿੱਚੋ ਇਕ ਸਨ ਮਹਾਨ ਸਮਾਜ ਸੁਧਾਰਕ ,ਬ੍ਰਹਮ ਗਿਆਨੀ,ਬੇਗਮਪੁਰੇ ਦੇ ਧਾਰਨੀ ਸ਼੍ਰੀ 108 ਸੰਤ ਬਾਬਾ ਪਿੱਪਲ ਦਾਸ ਜੀ ਮਹਾਰਾਜ ਸਨ।ਬਾਬਾ ਪਿੱਪਲ ਦਾਸ ਜੀ ਦਾ ਜਨਮ ਪਿੰਡ ਗਿੱਲ ਪੱਟੀ ਜਿਲ੍ਹਾਂ ਬਠਿੰਡਾ ਵਿਖੇ ਹੋਇਆ ਆਪ ਜੀ ਦੇ ਦਾਦਾ ਜੀ ਪਿੰਡ ਕੁਤੀਵਾਲਾ ਨੂੰ ਛੱਡ ਕੇ ਕੁੱਝ ਸਾਲ ਪਿੰਡ ਜੋਗਾਨੰਦ ਰਹਿ ਪੱਕੇ ਤੋਰ ਤੇ ਪਿੰਡ ਗਿੱਲ ਪੱਟੀ ਜਿਲ੍ਹਾ ਬਠਿੰਡਾ ਵਿਖੇ ਹੀ ਰਹਿਣ ਲੱਗ ਪਏ ਸਨ ਆਪ ਜੀ ਦਾ ਪਹਿਲਾ ਨਾਮ ਹਰਨਾਮ ਦਾਸ ਸੀ ।ਆਪ ਜੀ ਦੇ ਮਾਤਾ ਪਿਤਾ ਧਾਰਮਿਕ ਖਿਆਲਾਂ ਦੇ ਸਨ ।ਆਪ ਜੀ ਹਮੇਸ਼ਾ ਇਕਾਂਤ ਵਿੱਚ ਬੈਠ ਕੇ ਪ੍ਰਭੂ ਸਿਮਰਨ ਕਰਿਆ ਕਰਦੇ ਸਨ ।ਆਪ ਜੀ ਨਾਲ ਨਗਰ ਦੇ ਸਾਰੇ ਲੋਕ ਪਿਆਰ ਕਰਦੇ ਸਨ ਆਪ ਜੀ ਆਪਣੇ ਮਾਤਾ ਪਿਤਾ ਜੀ ਦੀ ਆਗਿਆ ਅਨੁਸਾਰ ਖੇਤੀ ਦਾ ਕੰਮ ਬੜੀ ਮਿਹਨਤ ਨਾਲ ਕਰਿਆ ਕਰਦੇ ਸਨ ।ਆਪ ਜੀ ਨੇ ਗੁਰਮੁੱਖੀ ਦੀ ਸਿੱਖਿਆ ਪ੍ਰਾਪਤ ਕੀਤੀ ।ਆਪ ਜੀ ਪੰਜਾਬੀ ਅਤੇ ਬਹੁਤ ਸਾਰੇ ਧਾਰਮਿਕ ਗ੍ਰੰਥਾਂ ਦੇ ਵਿਦਵਾਨ ਸਨ।ਆਪ ਜੀ ਹਮੇਸ਼ਾ ਹੀ ਵੈਰਾਗਮਈ ਗ੍ਰੰਥ ਪੜ੍ਹਿਆ ਕਰਦੇ ਸਨ।ਆਪ ਜੀ ਨੂੰ ਦਰਖਤ ਲਗਾਉਣ ਦਾ ਬਹੁਤ ਸੌਂਕ ਸੀ ।ਆਪ ਜੀ ਦੁਆਰਾ ਲਗਾਇਆ ਹੋਇਆਬੇਰੀ ਦਾ ਦਰਖਤ ਅੱਜ ਵੀ ਗਿੱਲ ਪੱਟੀ ਵਿਖੇ ਮੌਜੂਦ ਹੈ।ਆਪ ਜੀ ਦੀ ਸ਼ਾਦੀਸ਼ੋਭਾਵਤੀ ਜੀ ਨਾਲ ਹੋਈ ਜੋ ਕਿ ਬਹੁਤ ਹੀ ਨੇਕ ਖਿਆਲਾਂ ਦੇ ਸਨ। ਆਪ ਜੀ ਨੇ ਸ਼੍ਰੀ 108 ਸੰਤ ਮੋਹਨ ਦਾਸ ਜੀ ਪਾਸੋਂ ਨਾਮਦਾਨ ਦੀ ਦਾਤ ਪ੍ਰਪਤ ਕੀਤੀ ਸੀ।ਆਪ ਜੀ ਦੇ ਘਰ ਦੋ ਪੁੱਤਰਾਂ ਨੇ ਜਨਮ ਲਿਆ। ਆਪ ਜੀ ਦੇ ਵੱਡੇ ਸਪੁੱਤਰ ਦਾ ਨਾਮ ਸ਼੍ਰੀ ਸੇਵਾ ਦਾਸ ਸੀ ਅਤੇ ਦੂਸਰੇ ਛੋਟੇ ਪੁੱਤਰ ਦਾ ਨਾਮ ਸਰਵਣ ਦਾਸ ਸੀ ।ਜਿਸ ਸਮੇਂ ਸੰਤ ਸਰਵਣ ਦਾਸ ਜੀ ਦੀ ਉਮਰ ਕੇਵਲ ਪੰਜ ਸਾਲ ਦੀ ਸੀ ਉਸ ਸਮੇ ਮਾਤਾ ਸ਼ੋਭਾਵੰਤੀ ਜੀ ਪ੍ਰਮਾਤਮਾ ਦੇ ਚਰਨਾਂ ਵਿੱਚ ਜਾ ਵਿਰਾਜੇ।ਆਪ ਜੀ ਨੇ ਖੇਤੀ ਵਾੜੀ ਦਾ ਕੰਮ ਆਪਣੇ ਵੱਡੇ ਸਪੁੱਤਰ ਸ਼੍ਰੀ ਸੇਵਾ ਦਾਸ ਜੀ ਨੂੰ ਸੰਭਾਂਲ ਦਿੱਤਾ ਅਤੇ ਛੋਟੇ ਪੁੱਤਰ ਨੂੰ ਨਾਲ ਲੈ ਕੇ ਆਪ ਜੀ ਬਹੁਤ ਸਾਰੇ ਅਸਥਾਨਾਂ ਦੀ ਯਾਤਰਾਂ ਕਰਦੇ ਹੋਏ ,ਸੰਸਾਰੀ ਜੀਵਾ ਨੂੰ ਪ੍ਰਮਾਤਮਾ ਦੇ ਨਾਮ ਨਾਲ ਜੋੜਦੇ ਹੋਏ ਜਲੰਧਰ ਆਏ ਪਿੰਡ ਕਾਹਨਪੁਰ ,ਸਰਮਸਤਪੁਰ,ਬੱਲਾਂ ,ਰਾਏ ਪੁਰ ਆਦਿ ਨਗਰਾਂ ਵਿੱਚ ਚਰਨ ਪਾਏ।ਇਹਨਾ ਨਗਰਾਂ ਦੀਆ ਸੰਗਤਾਂ ਨੇ ਆਪ ਜੀ ਦਾ ਬਹੁਤ ਸਤਿਕਾਰ ਕੀਤਾ। ਕਾਹਨਪੁਰ ਪਿੰਡ ਵਿਚ ਪਹਿਲੀ ਵਾਰ ਪਧਾਰਨ ਤੇ ਆਪ ਜੀ ਨੇ ਕੁਟੀਆ ਬਨਾਉਣੀ ਚਾਹੀ ਜਦੋਂ ਆਪ ਕਹੀ ਲੈ ਕੇ ਮੋੜੀ ਗੱਡਣ ਲੱਗੇ ਤਾਂ ਜਮੀਨ ਦੀ ਖੁਦਾਈ ਸਮੇਂ ਦੋ ਮੂੰਹੀ (ਡਮੂਹੀ) ਦੀ ਖੁੱਡ ਨਿਕਲੀ। ਆਪ ਜੀ ਨੇ ਕਿਸੇ ਜੀਵ ਦਾ ਘਰ ਢਾਹ ਕੇ ਆਪਣਾ ਘਰ ਬਨਾਉਣ ਦੀ ਇੱਛਾ ਨੂੰ ਤਿਆਗਦੇ ਹੋਏ ਬਾਲ ਸਰਵਣ ਨੂੰ ਲੈ ਕੇ ਅੱਗੇ ਚਾਲੇ ਪਾ ਲਏ।ਫਿਰ ਕਦੇ

ਆਉਣ ਦਾ ਬਚਨ ਦੇ ਕੇ ਪਿੰਡ ਬੱਲਾਂ ਵੱਲ ਚਲ ਪਏ। ਪਿੰਡ ਬੱਲਾਂ ਦੀ ਆਬਾਦੀ ਖੁੱਲੀ ਅਤੇ ਸਾਫ ਸੁਥਰੀ ਸੀ ਅਤੇ ਇਥੇ ਡੇਕਾ ਦੇ ਦਰੱਖਤ ਸਨ ਆਪ ਜੀ ਨੇ ਇਸ ਆਸਥਾਨ ਨੂੰ ਬਹੁਤ ਪਸੰਦ ਕੀਤਾ ।ਕੁਝ ਦਿਨ ਸੰਗਤਾਂ ਨੂੰ ਪ੍ਰਭੂ ਦੇ ਨਾਮ ਨਾਲ ਜੋੜਨ ਤੋ ਬਾਆਦ ਆਪ ਇਸ ਨਗਰ ਨੂੰ ਛੱਡ ਕੇ ਸਿੰਗੜੀਵਾਲਾ ਸ੍ਰੀ ਲਾਲੂ ਰਾਮ ਦੇ ਚਲੇ ਗਏ,ਤਾਂ ਸੰਤ ਸਰਵਣ ਦਾਸ ਜੀ ਮਹਾਰਾਜ ਨੇ ਬੇਨਤੀ ਕੀਤੀ ਕਿ ਪਿਤਾ ਜੀ ਮੇਰਾ ਮਨ ਇੱਥੇ ਨਹੀਂ ਲੱਗਦਾ,ਆਪ ਮੈਨੂੰ ਡੇਕਾਂ ਵਾਲੇ ਪਿੰਡ ਹੀ ਲੈ ਚਲੋ। ਬਾਬਾ ਪਿੱਪਲ ਦਾਸ ਜੀ ਸੰਤ ਸਰਵਣ ਦਾਸ ਜੀ ਨੂੰ ਲੈ ਕੇ ਪਿੰਡ ਬੱਲਾਂਆ ਗਏ,ਪਿੰਡ ਬੱਲ਼ਾ ਆਉਣ ਤੇ ਸੰਗਤਾਂ ਨੇ ਆਪ ਜੀ ਦਾ ਬਹੁਤ ਸਵਾਗਤ ਕੀਤਾ ਅਤੇ ਪਹਿਲਾ ਨਾਲੋ ਵੱਧ ਕੇ ਆਪ ਨੂੰ ਪਿਆਰ ਕਰਨ ਲੱਗੇ ਤੇ ਆਪ ਨੇ ਉਸ ਦਿਨ ਤੋਂ ਹੀ ਨਿਸ਼ਚੇ ਕਰ ਲਿਆ ਪਿੰਡ ਬੱਲਾਂ ਰਹਿਣ ਦਾ,ਪਿੰਡ ਦੀਆਂ ਸੰਗਤਾਂ ਨੇ ਰਹਿਣ ਵਾਸਤੇ ਪਿੰਡ ਵਿੱਚ ਹੀ ਪੱਕਾ ਮਕਾਨ ਦੇ ਦਿੱਤਾ ਆਪ ਜੀ ਸਥਾਨ ਤੇ ਸਵੇਰ ਸ਼ਾਮ ਪ੍ਰਮਾਤਮਾ ਦਾ ਸਿਮਰਨ ਕਰਿਆ ਕਰਦੇ ਅਤੇ ਸੰਗਤਾਂ ਨੂੰ ਪ੍ਰਭੂ ਭਗਤੀ ਨਾਲ ਜੋੜਿਆਂ ਕਰਦੇ। ਉਸ ਸਮੇ ਪਿੰਡ ਵਿੱਚ ਪਿੱਪਲ ਦਾ ਦਰੱਖਤ ਸੀ ਜੋ ਸੁੱਕ ਚੁੱਕਾ ਸੀ ਪਿੰਡ ਬੱਲਾਂ ਦੇ ਲੋਕਾ ਨੇ ਬੇਨਤੀ ਕੀਤੀ ਕੇ ਮਹਾਰਾਜ ਗਰਮੀਆ ਦੇ ਦਿਨਾਂ ਵਿੱਚ ਪਿੰਡ ਦੀ ਲੋਕ ਇਸ ਦੀ ਛਾਵੇਂ ਬੈਠਦੇ ਹਨ ਤੁਸੀਂ ਕਿਰਪਾ ਕਰੋ ਇਸ ਨੂੰ ਹਰਾ ਕਰ ਦਿਓ,ਬਾਬਾ ਪਿੱਪਲ ਦਾਸ ਜੀ ਨੇ ਆਪਣੀ ਚਿੱਪੀ ਨਾਲ ਉਸ ਸੁੱਕੇ ਪਿੱਪਲ ਨੂੰ ਪਾਣੀ ਪਾਇਆ ਅਤੇ ਕੁਝ ਦਿਨਾਂ ਬਾਅਦ

ਉਹ ਪਿੱਪਲ ਦਾ ਦਰੱਖਤ ਹਰਾ ਹੋਣ ਲੱਗ ਪਿਆ। ਇਸ ਘਟਨਾ ਤੋ ਬਾਦ ਪਿੰਡ ਦੀਆਂ ਸੰਗਤਾਂ ਨੇ ਸੰਤ ਹਰਨਾਮ ਦਾਸ ਜੀ ਨੂੰ ਬਾਬਾ ਪਿੱਪਲ ਦਾਸ ਜੀ ਕਹਿਣਾ ਸ਼ੁਰੂ ਕਰ ਦਿੱਤਾ। Mark Juergens Meyer ਆਪਣੀ ਪ੍ਰਸਿੱਧ ਪੁਸਤਕ Religionus Rebels in the Punjab ਸਫਾ ਨੰ:84 ਵਿੱਚ ਲਿਖਦੇ ਨੇ ਬਾਬਾ ਪਿੱਪਲ ਦਾਸ ਜੀ ਨੇ ਇਹ ਡੇਰਾ ਉਸ ਸਮੇ ਸਥਾਪਿਤ ਕੀਤਾ ਜਦੋਂ ਉਹ ਸੱਚ ਦੀ ਭਾਲ ਵਿੱਚ ਯਾਤਰਾਂ ਉਪਰ ਨਿਕਲੇ ਸਨ ਜਦੋਂ ਉਹਨਾ ਨੇ ਇਸ ਜਗ੍ਹਾ ਡੇਰਾ ਲਾਇਆ ਤਾਂ ਵੇਖਿਆਂ ਕਿ ਪਿੱਪਲ ਦਾ ਦਰਖਤ ਸੁੱਕਾ ਹੈ ਪਰ ਜਦੋਂ ਉਹਨਾ ਨੇ ਸੁੱਕੇ ਪਿੱਪਲ ਨੂੰ ਪਾਣੀ ਦਿੱਤਾ ਤਾਂ ਉਹ ਮੁੜ ਹਰਾ ਹੋ ਗਿਆ ਇਸ ਤਰਾਂ ਉਹਨਾ ਨੂੰ ਇਹ ਦ੍ਰਿੜ ਹੋ ਗਿਆ ਕਿ ਇਸ ਜਗ੍ਹਾ ਉੱਪਰ ਬੈਠ ਕੇ ਹੀ ਸੱਚਾਈ ਦੀ ਖੋਜ ਕੀਤੀ ਜਾ ਸਕਦੀ ਹੈ। ਇਸ ਤਰਾਂ ਪਿੰਡ ਵਾਲਿਆ ਨੇ ਆਪ ਜੀ ਨੂੰ ਭੂਮੀ ਦਾਨ ਕਰ ਦਿੱਤੀ ਇਸ ਜਗਾ ਉੱਪਰ ਹੀ ਆਪ ਜੀ ਨੇ ਡੇਰੇ ਦਾ ਨਿਰਮਾਣ ਕਰਨਾ ਸ਼ੁਰੂ ਕਰ ਦਿੱਤਾ। ਉਹ ਜਲਦੀ ਹੀ ਅਛੂਤ ਕਹੇ ਜਾਣ ਵਾਲੇ ਲੋਕਾਂ ਦਾ ਰੂਹਾਨੀ ਕੇਂਦਰ ਬਣ ਗਿਆ। ਜਿਹੜੇ ਕਿ ਖਾਸ ਕਰਕੇ ਮੱਧ ਪੰਜਾਬ ਨਾਲ ਸਬੰਧ ਰੱਖਦੇ ਸਨ। ਇਹ ਜਗਤ ਗੁਰੁ ਰਵਿਦਾਸ ਮਹਾਰਾਜ ਜੀ ਪੈਰੋਕਾਰਾਂ ਦਾ ਕੇਂਦਰ ਸਥਾਨ ਸੀ। ਆਪ ਦਿਨ ਸਮੇ ਪਿੰਡ ਦੇ ਪੱਛਮ ਵੱਲ ਬਾਲਕ ਸਰਵਣ ਦਾਸ ਨੂੰ ਨਾਲ ਲੈ ਕੇ ਇਕਾਂਤ ਵਿੱਚ ਭਜਨ ਕਰਿਆ ਕਰਦੇ ਸਨ, ਜਿਥੇ ਬਹੁਤ ਭਿਆਨਕ ਜੰਗਲ ਸੀ, ਅੱਜ ਉਸ ਅਸਥਾਨ ਤੇ ਡੇਰਾਂ ਸੱਚਖੰਡ ਬੱਲਾਂ ਸ਼ੁਸ਼ੋਭਿਤ ਹੈ। ਆਪ ਜੀ ਨੇ ਡੇਰੇ ਵਿਖੇ ਇਕ ਪਾਠਸ਼ਾਲਾ ਖੋਲੀ। ਆਪ ਜੀ ਬੱਚਿਆ ਨੂੰ ਪੰਜਾਬੀ ਅਤੇ ਪਾਵਨ ਅੰਮ੍ਰਿਤ ਬਾਣੀ ਦਾ ਅਧਿਐਨ ਕਰਾਇਆ ਕਰਦੇ ਸਨ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਅਤੇ ਮਿਸ਼ਨ ਨਾਲ ਜੋੜਿਆ ਕਰਦੇ ਸਨ ।ਸੰਗਤਾਂ ਹਰ ਵੇਲੇ ਆਪ ਜੀ ਲਈ ਪ੍ਰੇਮ ਨਾਲ ਪ੍ਰਸ਼ਾਦ ਲੈ ਕੇ ਆਇਆ ਕਰਦੀਆ ਸਨ ।ਆਪ ਜੀ ਨੇ ਸੰਗਤਾਂ ਨੂੰ ਹਮੇਸ਼ਾ ਹੀ ਬੱਚਿਆ ਨੂੰ ਪੜਾਉਣ ਲਈ ,ਸਮਾਜਿਕ ਬੁਰਾਈਆ ਅਤੇ ਕਰਮ ਕਾਂਡਾ ਤੋ ਦੂਰ ਰਹਿਣ ਲਈ ਅਤੇ ਨਸ਼ਿਆਂ ਤੋ ਦੂਰ ਰਹਿਣ ਦਾ ,ਮਾਤਾ ਪਿਤਾ ਦੀ

ਸੇਵਾ ਕਰਨ ਦਾ ਆਪਸ ਵਿੱਚ ਰਲ ਮਿਲ ਕੇ ਪਿਆਰ ਨਾਲ ਰਹਿਣ ਦਾ ਪਾਵਨ ਉਪਦੇਸ਼ ਦਿੱਤਾ । ਜਦੋ ਮਹਾਨ ਸਮਾਜ ਸੁਧਾਰਕ ਬਾਬੂ ਮੰਗੂ ਰਾਮ ਜੀ ਮੰਗੋਵਾਲੀਆ ਆਪਣੇ ਰਹਿਬਰਾਂ ਮਹਾਂਰਿਸ਼ੀ ਭਗਵਾਨ ਵਾਲਮੀਕ ਜੀ ,ਸਤਿਗੁਰੂ ਰਵਿਦਾਸ ਜੀ ,ਸਤਿਗੁਰੂ ਨਾਮਦੇਵ ਜੀ ,ਸਤਿਗੁਰੂ ਕਬੀਰ ਜੀ ਦਾ ਇਤਿਹਾਸ ਇਕੱਠਾ ਕਰ ਰਹੇ ਸਨ ਉਸ ਸਮੇ ਬਾਬੂ ਜੀ ਸੰਤ ਪਿੱਪਲ ਦਾਸ ਜੀ ਪਾਸ ਸਤਿਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾ ਅਤੇ ਲਿਖਤਾ ਬਾਰੇ ਜਾਣਕਾਰੀ ਲੈਣ ਆਏ ਸਨ।

**ਰਵਿਦਾਸ ਸੋਇ ਸਾਧੂ ਭਲੋ ਨਿਰਮਲ ਜਾ ਕੇ ਬੈਨ।**
**ਜਾ ਕਰ ਦਰਸ਼ ਔਰ ਪਰਸ ਸੋ ਮਨ ਊਪਜੈ ਸੁੱਖ ਚੈਨ ॥**

ਆਪ ਜੀ ਦੇ ਮੁੱਖ ,ਚੋ ਜੋ ਵੀ ਬਚਨ ਨਿਕਲਦਾ ਉਹ ਅਟੱਲ ਹੁੰਦਾ ਸੀ। ਇੱਕ ਵਾਰ ਜਦੋਂ ਆਪ ਆਪਣੇ ਸੇਵਕ ਸ਼ਾਮੀ ਰਾਮ ਜੀ ਹਰੀਪੁਰ ਵਾਲਿਆਂ ਦੇ ਗ੍ਰਿਹਿ ਵਿਖੇ ਗਏ ਤਾਂ ਆਪ ਜੀ ਨੇ ਉੱਥੇ ਸਤਿਸੰਗ ਕੀਤਾ,ਸੰਗਤਾਂ ਨੂੰ ਪ੍ਰਮਾਤਮਾ ਦੇ ਨਾਮ ਨਾਲ ਜੁੜਨ ਦਾ ਉਪਦੇਸ਼ ਦਿੱਤਾ। ਸ਼੍ਰੀ ਸ਼ਾਮੀ ਰਾਮ ਦੇ ਗ੍ਰਿਹਿ ਵਿਖੇ ਇੱਕ ਕੋਠੀ ਸੀ,ਇਸ ਵਿਚ ਉਹ ਸਾਲ ਵਾਸਤੇ ਕਣਕ ਦੇ ਦਾਣੇ ਪਾਉਂਦੇ ਸਨ। ਬਾਬਾ ਪਿੱਪਲ ਦਾਸ ਜੀ ਨੇ ਫਰਮਾਇਆ ਕਿ ਇਹ ਕੋਠੀ ਦਾਣਿਆ ਨਾਲ ਭਰੀ ਰਹੇਗੀ॥ ਜਦੋਂ ਤੇਰਾਂ ਮਹੀਨਿਆਂ ਬਾਅਦ ਸ੍ਰੀ ਸ਼ਾਮੀ ਰਾਮ ਜੀ ਨੇ ਸੋਚਿਆ ਕਿ ਹੁਣ ਸਾਰੇ ਦਾਣੇ ਮੁੱਕ ਗਏ ਹੋਣਗੇ ਤਾਂ ਹੋਰ ਇਕ ਸਾਲ ਵਾਸਤੇ ਦਾਣੇ ਕੋਠੀ ਵਿਚ ਪਾ ਦਈਏ ਜਦੋਂ ਉਨ੍ਹਾਂ ਨੇ ਕੋਠੀ ਦਾ ਮੂੰਹ ਖੋਲਿਆਂ ਤਾਂ ਕੋਠੀ ਦਾਣਿਆਂ ਨਾਲ ਭਰੀ ਹੋਈ ਪਈ ਸੀ। ਇਸੇ ਤਰ੍ਹਾਂ ਇਕ ਵਾਰ ਪਿੰਡ ਅਰਜਨਵਾਲ ਵਿਖੇ ਗਏ। ਉਥੇ ਇਕ ਮਾਤਾ ਜੀ ਨੇ ਆਪ ਜੀ ਦੇ ਚਰਨਾਂ ਤੇ ਸਿਰ ਰੱਖ ਕੇ ਬੇਨਤੀ ਕੀਤੀ ਕਿ ਮਹਾਰਾਜ ਜੀ ਮੇਰੇ ਕੋਈ ਔਲਾਦ ਨਹੀਂ ਹੈ।ਮੇਰੀ ਸੱਸ ਕਹਿੰਦੀ ਹੈ ਕਿ ਮੈਂ ਤੈਨੂੰ ਘਰੋਂ ਬਾਹਰ ਕੱਢ ਦਿਆਂਗੀ। ਬਾਬਾ ਪਿੱਪਲ ਦਾਸ ਜੀ ਉਸਦੇ ਸਿਰ ਤੇ ਹੱਥ ਰੱਖ ਕਿ ਅਸ਼ੀਰਵਾਦ ਦਿੰਦੇ ਹੋਏ ਕਿਹਾ ਕਿ ਤੇਰੇ ਘਰ ਪੰਜ ਪੁੱਤਰ ਪੈਦਾ ਹੋਣਗੇ। ਉਹਨਾਂ ਦੇ ਗ੍ਰਿਹਿ ਵਿਖੇ ਬਾਬਾ ਪਿੱਪਲ ਦਾਸ ਜੀ ਦੀ ਕਿਰਪਾ ਨਾਲ ਗਿਆਨੀ ਜੁਗਿੰਦਰ ਸਿੰਘ ਜੀ ਸਮੇਤ ਪੰਜ ਲੜਕਿਆ ਨੇ ਜਨਮ ਲਿਆ। ਆਪ ਜੀ ਸੰਗਤਾਂ ਨੂੰ ਪ੍ਰਮਾਤਮਾ ਦੇ ਨਾਮ ਨਾਲ ਜੋੜਦੇ ਹੋਏ ਪਹਿਲੇ ਨਵਰਾਤੇ 1928 ਈ. ਵਾਲੇ ਦਿਨ ਉਸ ਪ੍ਰਮਾਤਮਾ ਨਾਲ ਅਭੇਦ ਹੋ ਗਏ। ਆਪ ਜੀ ਤੋਂ ਬਾਅਦ ਸੰਤ ਸਰਵਣ ਦਾਸ ਜੀ ਡੇਰੇ ਦੇ ਸੰਚਾਲਕ ਬਣੇ।

***********

# ਬ੍ਰਹਮਲੀਨ
# ਸ਼੍ਰੀ108 ਸਤਿਗੁਰੂ ਸਰਵਣ ਦਾਸ ਜੀ ਮਹਾਰਾਜ

ਮਨੁੱਖਤਾ ਦੇ ਹਮਦਰਦ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਦੇ ਪ੍ਰਚਾਰਕ ਬ੍ਰਹਮਗਿਆਨੀ ਸ੍ਰੀ 108 ਸੰਤ ਸਰਵਣ ਦਾਸ ਜੀ ਮਹਾਰਾਜ,ਜਿਹਨਾਂ ਦਾ ਜਨਮ ਮਿਤੀ 15 ਫਰਵਰੀ 1895 ਈਸਵੀਂ ਨੂੰ ਮਹਾਨ ਮਾਤਾ ਸ਼ੋਭਾਵੰਤੀ ਜੀ ਦੀ ਕੁੱਖੋਂ ਪਿਤਾ ਸ੍ਰੀ 108 ਬਾਬਾ ਪਿੱਪਲ ਦਾਸ ਜੀ ਦੇ ਗ੍ਰਹਿ ਪਿੰਡ ਗਿੱਲ ਪੱਟੀ(ਬਠਿਡਾ)ਵਿਖੇ ਹੋਇਆ।ਆਪ ਜੀ ਦੇ ਸੱਜੇ ਪੈਰ ਤੇ ਪਦਮ ਦਾ ਚਿੰਨ੍ਹ ਸੀ,ਜਿਸਨੂੰ ਦੇਖਣ ਦਾ ਬਹੁਤ ਸਾਰੀਆ ਸੰਗਤਾਂ ਨੂੰ ਸੁਭਾਗ ਪ੍ਰਾਪਤ ਹੋਇਆ।ਆਪ ਜੀ ਦੇ ਮਾਤਾ ਪਿਤਾ ਦੋਵੇਂ ਹੀ ਨਾਮ ਦੇ ਰਸੀਏ ਸਨ। ਆਪ ਜੀ ਨੇ ਆਪਣੇ ਪਿਤਾ ਪਿੱਪਲ ਦਾਸ ਜੀ ਦੀ ਪ੍ਰੇਰਨਾ ਅਨੁਸਾਰ ਸ਼੍ਰੀ 108 ਸੰਤ ਹਰਨਾਮ ਦਾਸ ਜੀ ਪਾਸੋਂ ਨਾਮਦਾਨ ਦੀ ਪ੍ਰਾਪਤੀ ਕੀਤੀ।ਮਹਾਰਾਜ ਹਰਨਾਮ ਦਾਸ ਜੀ ਫਰਮਾਇਆਂ ਕਰਦੇ ਸਨ ਕਿ ਸੰਤ ਸਰਵਣ ਦਾਸ ਜੀ ਬਹੁਤ ਮਹਾਨ ਹਨ ਜੋ ਕਿ ਭਜਨ ਦੇ ਪ੍ਰਤਾਪ ਨਾਲ ਅਧਿਆਤਮਕ ਅਤੇ ਰੂਹਾਨੀ ਖੇਤਰ ਵਿਚ ਸਾਡੇ ਤੋਂ ਬਹੁਤ ਅੱਗੇ ਲੰਘ ਚੁੱਕੇ ਹਨ ਅਤੇ ਆਉਣ ਵਾਲੇ ਸਮੇਂ ਵਿਚ ਮਹਾਨ ਸੰਤ ਹੋਣਗੇ।'ਜੰਗਲ ਵਿਚ ਮੰਗਲ ਲਾ ਦਿੰਦੇ,ਜਿੱਥੇ ਵਾਸਾ ਹੋਵੇ ਸੰਤਾਂ ਦਾ' ਮਹਾਰਾਜ ਜੀ ਦਿਨ ਸਮੇਂ ਇਕਾਂਤ ਵਿਚ ਇਸ ਸਥਾਨ ਤੇ ਭਜਨ ਕਰਿਆ ਕਰਦੇ ਸਨ।ਇਥੇ ਹੀ ਗੁਰੁ ਜੀ ਨੇ ਅੰਗ ਕੱਟੀ ਯੋਗ ਦੀ ਸਾਧਨਾ ਕੀਤੀ,ਜਿਸ ਦ੍ਰਿਸ਼ ਨੂੰ ਬੱਲਾਂ ਨਿਵਾਸੀਆਂ ਨੇ ਆਪਣੀਆ ਅੱਖਾਂ ਨਾਲ ਦੇਖਿਆ।ਆਪ ਰਾਤ ਸਮੇਂ ਪਿੰਡ ਬੱਲਾਂ ਰਿਹਾ ਕਰਦੇ ਸਨ।ਜਿੱਥੇ ਆਪ ਹਰ ਰੋਜ਼ ਸਵੇਰੇ ਸ਼ਾਮ ਕਥਾ ਕਰਿਆ ਕਰਦੇ ਸਨ।ਸਤਿਗੁਰਾਂ ਦੇ ਪ੍ਰਮਾਰਥੀ ਬਚਨਾਂ ਅਤੇ ਰੂਹਾਨੀ ਕੌਤਕਾਂ ਨੂੰ ਦੇਖਦੇ ਹੋਏ ਪਿੰਡ ਦੇ ਜ਼ਿਮੀਂਦਾਰ ਹਜ਼ਾਰਾ ਸਿੰਘ ਨੇ ਕੁਟੀਆ ਵਾਸਤੇ ਇੱਕ ਕਨਾਲ ਜ਼ਮੀਨ ਦਾਨ ਦਿੱਤੀ।ਆਪ ਜੀ ਨੇ ਆਪਣੇ ਪਿਤਾ ਪਾਸੋਂ ਹੀ ਮੁਢਲੀ ਵਿੱਦਿਆ ਪ੍ਰਾਪਤ ਕੀਤੀ।ਆਪ ਬਚਪਨ ਤੋਂ ਹੀ ਇਕਾਂਤ ਵਿਚ ਬੈਠ ਕੇ ਭਜਨ ਕਰਿਆ ਕਰਦੇ ਸਨ।ਸੰਸਕ੍ਰਿਤ ਦੀ ਵਿਦਿਆ ਸੰਤ ਕਰਤਾ ਨੰਦ ਜੀ ਪਾਸੋਂ ਕਿਸ਼ਨਗੜ੍ਹ ਵਾਲਿਆਂ ਤੋਂ ਪ੍ਰਾਪਤ ਕੀਤੀ।ਆਪ ਹਿੰਦੀ,ਪੰਜਾਬੀ,ਸੰਸਕ੍ਰਿਤ ਦੇ ਵਿਦਵਾਨ ਸਨ।ਆਪ ਮਹਾਨ ਕਵੀ ਵੀ ਸਨ।ਸੰਗਤਾਂ ਦੀ ਜਾਣਕਾਰੀ ਲਈ ਆਪ ਜੀ ਦੇ ਮੁਖਾਰਬਿੰਦ ਤੋਂ ਉਚਾਰੀ ਗਈ ਕਵਿਤਾ:-

**ਆਏ ਕਾਂਸ਼ੀ ਵਿਚ ਤਾਰਿਆ ਨਾਗਰ ਮੱਲ ਜਿਸ,**
**ਇਕਦਮ ਮਾਇਅ ਵਾਲੀ ਫਾਂਸੀ ਕਿਨ ਤੋੜੀ ਆ।**
**ਫਿਰ-ਫਿਰ ਸਾਰੇ ਜੱਗ ਏਕਤਾ ਫੈਲਾਈ ਕਿਸ,**
**ਡੁੱਬੇ ਜਾਂਦੇ ਭਾਰਤ ਦੀ ਜਿੰਦ ਕਿਨ ਮੋੜੀ ਆ।**
**ਊਚ-ਨੀਚ, ਰਾਓ ਰੰਕ ਭਾਈ ਹੈ ਨਾ ਭੇਦ ਕੋਈ,**
**ਜਾਤਪਾਤ ਹਿੰਦ ਵਿਚੋਂ ਆਇ ਕਿਨ ਤੋੜੀ ਆ।**
**ਦੱਸੋ ਸਤਿਗੁਰੂ ਰਵਿਦਾਸ ਤੋਂ ਬਿਨਾਂ ਚੁੰਹਾਂ ਜੁੱਗਾਂ ਚੋਂ,**
**ਫੱਟੀ ਹੋਈ ਸ੍ਰਿਸਟੀ ਮਿਲਾਇ ਕਿਨ ਜੋੜੀ ਆ।**

"2 ਫਰਵਰੀ 1964" ਨੂੰ ਪਿੰਡ ਡੇਰੇ ਦਾ ਨਾਮ ਡੇਰਾ ਰਵਿਦਾਸੀਆ ਦਾ ਲਿਖ ਕੇ ਸਮਾਜ ਦੀ ਪਹਿਚਾਣ ਨੂੰ ਅੱਗੇ ਵਧਾਇਆ ਅਤੇ ਉਚਾਰਿਆ ਕਿ ਇਕ ਦਿਨ ਰਵਿਦਾਸੀਆ ਕੌਮ ਦਾ ਆਪਣਾ ਧਰਮ ਅਤੇ ਗ੍ਰੰਥ ਬਣੇਗਾ।ਆਪ ਜੀ ਨੇ ਇਸ ਜੰਗਲ ਵਿਚ ਪਹਿਲਾਂ

ਇੱਕ ਕੱਚੀਆਂ ਇੱਟਾਂ ਦੀ ਥੜੀ ਬਣਾਈ। ਉਸ ਤੋਂ ਬਾਅਦ ਵਿਚ ਛੋਟਾ ਮਕਾਨ ਅਤੇ ਉਸਦੇ ਅੱਗੇ ਬਰਾਡਾਂ ਬਣਾਇਆਜਿੱਥੇ ਆਪ ਭਜਨ ਕਰਿਆ ਕਰਦੇ ਸਨ। ਸੰਤ ਬਾਬਾ ਪਿੱਪਲ ਦਾਸ ਜੀ ਮਿਤੀ 26 ਅੱਸ ਬ੍ਰਿਕਮੀ ਸੰਮਤ 1985(1928) ਦਿਨ ਵੀਰਵਾਰ ਪਹਿਲੇ ਨਰਾਤੇ ਨੂੰ ਜੋਤੀ ਜੋਤ ਸਮ੍ਹਾ ਗਏ। ਉਹਨਾਂ ਤੋਂ ਬਾਅਦ ਉਨ੍ਹਾਂ ਦੇ ਬਚਨਾਂ ਅਨੁਸਾਰ ਆਪ ਸੰਗਤਾਂ ਨੂੰ ਨਾਮ ਨਾਲ ਜੋੜ ਕੇ ਭਵ ਸਾਗਰ ਤੋਂ ਪਾਰ ਕਰਨ ਲੱਗੇ। ਆਪ ਜੀ ਨੇ ਡੇਰੇ ਵਿੱਚ ਪਾਠਸ਼ਾਲਾ ਖੋਲੀ ਹੋਈ ਸੀ,ਜਿਸ ਵਿਚ ਬੱਚਿਆ ਨੂੰ ਪਾਵਨ ਧਰਮ ਗ੍ਰੰਥਾਂ ਦਾ ਅਧਿਐਨ ਅਤੇ ਸਮਾਜਿਕ ਪੱਧਰ ਉੱਚਾ ਚੁੱਕਣ ਲਈ ਲੋੜੀਂਦੀ ਸਿੱਖਿਆ ਪ੍ਰਦਾਨ ਕਰਾਉਂਦੇ। ਆਪ ਹਰ ਐਤਵਾਰ ਦੇਸੀ ਘਿਓ ਦੇ ਮਾਲ ਪੂੜੇ ਅਤੇ ਖੀਰ ਦਾ ਲੰਗਰ ਚਲਾਉਂਦੇ। ਆਪ ਜੀ ਤੋਂ ਚੰਗੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਚੰਗੇ ਅਫਸਰ ਬਣੇ। ਆਪ ਜੀ ਸਭਨਾਂ ਨੂੰ ਇਹ ਉਪਦੇਸ਼ ਦਿਆ ਕਰਦੇ ਸਨ :-

**ਮਾਤਾ ਸ਼ਤਰੂ ਪਿਤਾ ਬੈਰੀ ,ਜੇ ਨ ਬਾਲੋ ਨ ਪਾਠਿਤਾ ,**
**ਨ ਸੋਭਤੇ ਸਭਾ ਮੱਧਏ ,ਹੰਸ ਮਧਏ ਬਕੋ ਜਥਾ ॥**

ਅਰਥਾਤ ਜਿਹੜੇ ਮਾਤਾ ਪਿਤਾ ਆਪਣੇ ਬੱਚਿਆਂ ਨੂੰ ਨਹੀਂ ਪੜਾਉਂਦੇ,ਉਹ ਆਪਣੇ ਬੱਚਿਆ ਦੇ ਸਭ ਤੋਂ ਵੱਡੇ ਦੁਸ਼ਮਣ ਹਨ। ਆਪ ਅਕਸਰ ਭਜਨੀਕ ਮਹਾਂਪੁਰਸ਼ਾ ਨੂੰ ਮਿਲਣ ਜਾਇਆ ਕਰਦੇ ਸਨ। 1940 ਵਿਚ ਸੰਤ ਸਰਵਣ ਦਾਸ ਮਹਾਰਾਜ ਜੀ ਗਿਆਨੀ ਬਿਸ਼ਨਾ ਰਾਮ ਨੂੰ ਨਾਲ ਲੈ ਕੇ ਬਾਬਾ ਸਾਵਣ ਸਿੰਘ ਜੀ ਨੂੰ ਡੇਰਾ ਬਿਆਸ ਵਿਖੇ ਮਿਲਣ ਗਏ। ਬਾਬਾ ਸਾਵਣ ਸਿੰਘ ਆਪਣੇ ਨਿਵਾਸ ਅਸਥਾਨ ਦੀ ਪਹਿਲੀ ਮੰਜਿਲ ਤੇ ਸੰਗਤਾਂ ਵਿਚ ਇਕ ਪਲੰਘ ਉੱਪਰ ਬਿਰਾਜਮਾਨ ਸਨ। ਸੰਤ ਸਰਵਣ ਦਾਸ ਜੀ ਨੂੰ ਆਪਣੇ ਪਾਸ ਆਉਂਦਿਆਂ ਦੇਖ ਕੇਉਹਨਾਂ ਪਲੰਘ ਤੋਂ ਉੱਠ ਕੇ ਆਪ ਜੀ ਨੂੰ ਹੱਥ ਜੋੜ ਕੇ ਨਿਮਸਕਾਰ ਕੀਤੀ। ਆਪ ਜੀ ਨੇ ਵੀ ਉਹਨਾਂ ਨੂੰ ਨਿਮਸਕਾਰ ਕੀਤੀ ਅਤੇ ਉਹਨਾਂ ਨੇ ਆਪ ਜੀ ਨੂੰ ਆਪਣੇ ਪਲੰਘ ਦੇ ਸਿਰਾਣੇ ਵਾਲੇ ਪਾਸੇ ਬਿਠਾਇਆ ਅਤੇ ਆਪਸ ਵਿਚ ਇੱਕ ਘੰਟਾ ਅਧਿਆਤਮਿਕ ਚੜ੍ਹਾਈ ਬਾਰੇ ਵਿਚਾਰ ਵਟਾਂਦਰਾ ਕਰਦੇ ਰਹੇ। ਆਪ ਜੀ ਦਾ ਸਾਰੇ ਸੰਤ ਸਮਾਜ ਨਾਲ ਬਹੁਤ ਪਿਆਰ ਸੀ। ਆਪ ਮਹਾਨ ਵੈਦ ਸਨ। ਜੋ ਡੇਰੇ ਵਿਖੇ ਸੰਗਤਾਂ ਵਾਸਤੇ ਮੁਫਤ ਦਵਾਈਆਂ ਨਾਲ ਇਲਾਜ ਕਰਿਆ ਕਰਦੇ ਸਨ। ਜਦੋਂ ਆਪ 1948 ਈ. ਵਿਚ ਗਿਆਨੀ ਬਿਸ਼ਨਾ ਰਾਮ,ਸ. ਫਕੀਰ ਸਿੰਘ,ਸ. ਸਵਰਨ ਸਿੰਘ ਜੀ,ਸ. ਨਿਰੰਜਣ ਸਿੰਘ ਹੇਠੀ ਬੱਲ,ਸ.ਪੂਰਨ ਸਿੰਘ ਬਿਆਸ ਪਿੰਡ,ਸ਼੍ਰੀ ਭਗਤ ਸਿੰਘ ਮੱਧ,ਸ਼੍ਰੀ ਨਾਮਾ ਰਾਮ ਦਿਹਾਣਾ ਜੀ ਦੀ ਬੇਨਤੀ ਤੇ ਦਿੱਲੀ ਵਿਖੇ ਗਏ। ਆਪ ਹਰ ਰੋਜ਼ ਲਗਭਗ ਦੋ ਮਹੀਨੇ ਸ਼ਰਧਾਲੂ ਸੰਗਤਾਂ ਦੇ ਗ੍ਰਹਿ ਵਿਖੇ ਸਤਿਸੰਗ ਕਰਿਆ ਕਰਦੇ ਸਨ। ਇਸੇ ਦੌਰਾਨ ਗਿਆਨੀ ਬਿਸ਼ਨਾ ਰਾਮ ਜੀ ਤੇ ਉਹਨਾਂ ਦੇ ਸਾਥੀ ਆਪ ਜੀ ਨੂੰ ਨਾਲ ਲੈ ਕੇ ਮਾਨਵਤਾ ਦੇ ਮਸੀਹਾ ਬਾਬਾ ਸਾਹਿਬ ਅੰਬੇਡਕਰ ਨੂੰ ਮਿਲਣ ਗਏ। ਉਹਨਾਂ ਨੇ ਵੀ ਆਪ ਬਹੁਤ ਸਤਿਕਾਰ ਕੀਤਾ ਅਤੇ ਆਪ ਤੋਂ ਬਹੁਤ ਪ੍ਰਭਾਵਿਤ ਹੋਏ। ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਨੇ ਆਪਣੇ ਜੀਵਨ ਵਿਚ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਦਾ ਪ੍ਰਚਾਰ ਕਰਦੇ ਹੋਏ,ਉਹਨਾਂ ਦੇ ਨਾਂ ਤੇ ਬੇਅੰਤ ਸਥਾਨਾਂ ਦੇ ਨੀਂਹ ਪੱਥਰ ਰੱਖੇ ਅਤੇ ਉਸਾਰੀਆ ਕਰਵਾਈਆ। ਆਪ ਜੀ ਦੀ ਸਭ ਤੋਂ ਵੱਡੀ ਦੇਣ ਸ੍ਰੀ ਗੁਰੁ ਰਵਿਦਾਸ ਜਨਮ ਸਥਾਨ ਸੀਰ ਗਵਰਧਨਪੁਰ ਬਨਾਰਸ ਵਿਖੇ ਸੱਤ ਮੰਜ਼ਲੀ ਵਿਸ਼ਾਲ ਮੰਦਰ ਦੀ ਉਸਾਰੀ ਸੰਤ ਹਰੀ ਦਾਸ ਜੀ ਅਤੇ ਸੰਤ ਗਰੀਬ ਦਾਸ ਜੀ ਦੇ ਰਾਹੀਂ ਕਰਵਾਈ। ਰਵਿਦਾਸੀਆ ਕੌਮ ਲਈ ਮਹਾਨ ਤੀਰਥ ਅਸਥਾਨ ਹੈ। ਸ੍ਰੀ ਗੁਰੂ ਰਵਿਦਾਸ ਹਾਈ ਸਕੂਲ ਜਲੰਧਰ ਆਰਟ ਅਤੇ ਕਰਾਫਟ

ਟਰੇਨਿੰਗ ਕਾਲਜ ਜਲੰਧਰ ਸ੍ਰੀ ਗੁਰੂ ਰਵਿਦਾਸ ਟੈਕਨੀਕਲ ਕਾਲਜ ਫਗਵਾੜਾ,ਪ੍ਰਾਇਮਰੀ ਸਕੂਲ ਰਾਏਪੁਰ ਰਸੂਲਪੁਰ,ਭਗਵਾਨ ਰਵਿਦਾਸ ਆਸ਼ਰਮ ਨਿਰਮਲਾ ਛਾਉਣੀ ਹਰਿਦੁਆਰ,ਹਾਈ ਸਕੂਲ ਪਿੰਡ ਬੱਲਾਂ ਵਿਖੇ ਕਮਰਿਆਂ ਦੀ ਉਸਾਰੀ ਕਰਵਾਈ।ਆਪ ਜੀ ਦੇ ਰੂਹਾਨੀ ਕੌਤਕਾਂ ਤੋਂ ਸਾਰਾ ਸੰਸਾਰ ਜਾਣੂ ਹੈ।ਆਪ ਜੀ ਨੇ ਅਣਗਿਣਤ ਜੀਵਾਂ ਨੂੰ ਆਪਣੇ ਅਟੱਲ ਬਚਨਾਂ ਰਾਹੀਂ,ਔਲਾਦ ਵਰਗੀਆ ਮਿੱਠਆਂ ਦਾਤਾਂ ਬਖਸ਼ਿਸ਼ ਕੀਤੀਆਂ ਅਤੇ ਸਭ ਦੀਆਂ ਮਨੋਕਾਮਨਾਵਾਂ ਪੂਰੀਆਂ ਕੀਤੀਆਂ।ਬਹੁਤ ਸਾਰੇ ਰੋਗੀਆਂ ਦਾ ਇਲਾਜ ਜਿਨ੍ਹਾਂ ਨੂੰ ਡਾਕਟਰਾਂ ਨੇ ਜਵਾਬ ਦੇ ਦਿੱਤਾ ਸੀ,ਉਹਨਾਂ ਨੂੰ ਆਪਣੇ ਮਨੋਹਰ ਬਚਨਾਂ ਨਾਲ ਠੀਕ ਕਰ ਦਿੱਤਾ।ਜਿਸ ਵੇਲੇ ਆਪ ਨਾਮ ਦਾਨ ਬਖਸ਼ਿਸ਼ ਕਰਿਆ ਕਰਦੇ ਸਨ,ਪੰਜਾਂ ਸ਼ਬਦਾਂ ਦੇ ਪੰਜ ਮੁਕਾਮ,ਨਿਸ਼ਾਨੀਆਂ ਤੇ ਸਥਿਤੀਆਂ ਬਾਰੇ ਜਾਣਕਾਰੀ ਦਿਆ ਕਰਦੇ ਸਨ।ਅਨੇਕਾਂ ਜੀਵਾਂ ਨੇ ਆ ਕੇ ਬੇਨਤੀ ਕੀਤੀ ਕਿ ਮਹਾਰਾਜ ਜੀ ਅਸੀਂ ਭਜਨ ਕਰਦੇ ਹਾਂ ਤਾਂ ਸਾਨੂੰ ਕੁਝ ਦਿਖਾਈ ਨਹੀਂ ਦਿੰਦਾਂ ਤਾਂ ਆਪ ਉਸ ਨੂੰ ਅਸ਼ੀਰਵਾਦ ਦੇ ਕੇ ਦਸਵਾਂ ਦੁਆਰ ਖੋਲ੍ਹ ਦਿੰਦੇ ਸਨ। ਆਪ ਜੀ ਨੇ ਬਹੁਤ ਸਾਰੇ ਲੋਕਾਂ ਨੂੰ ਪਹਿਲਾਂ ਹੀ ਦੱਸੇ ਅਨੁਸਾਰ ਆਪਣੇ ਪਰਮ ਸੇਵਕ ਸੰਤ ਹਰੀ ਦਾਸ ਜੀ ਦੇ ਹਵਾਲੇ ਗੁਰਗੱਦੀ ਕਰਦੇ ਹੋਏ,ਉਸ ਪਰਮ ਪ੍ਰਮਾਤਮਾ 'ਚ 11 ਜੂਨ 1972 ਨੂੰ ਅਭੇਦ ਹੋ ਗਏ।ਸੰਸਕਾਰ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁਕੀਆਂ ਸਨ, ਉਸ ਸਮੇਂ ਉਹਨਾਂ ਦੇ ਪੰਜ ਭੌਤਿਕ ਸਰੀਰ ਵਿੱਚੋਂ ਖੂਨ ਦੀਆਂ ਧਾਰਾਂ ਨਿਕਲੀਆਂ ਜਿਸ ਦੇ ਸਾਰੀਆਂ ਸੰਗਤਾਂ ਨੇ ਦਰਸ਼ਣ ਕੀਤੇ।ਬਾਅਦ 'ਚ ਸ਼੍ਰੀ 108 ਸੰਤ ਹਰੀਦਾਸ ਜੀ ਅਤੇ ਉਨਾਂ ਤੋਂ ਬਾਅਦ ਸ੍ਰੀ 108 ਸੰਤ ਗਰੀਬ ਦਾਸ ਜੀ ਨੇ ਆਪ ਦੇ ਦੱਸੇ ਹੋਏ ਮਾਰਗ 'ਤੇ ਚੱਲਕੇ ਸੰਗਤਾਂ ਨੂੰ ਪ੍ਰਮਾਤਮਾ ਦੇ ਨਾਮ ਨਾਲ ਜੋੜਿਆ।ਆਪ ਜੀ ਦੀ ਅਪਾਰ ਕ੍ਰਿਪਾ ਸਦਕਾ ਅੱਜ ਇਹ ਪਾਵਨ ਸਥਾਨ ਵਿਸ਼ਵ ਵਿਖਿਆਤ ਪ੍ਰਸਿੱਧ ਹੋਇਆ ਹੈ।

***********

# ਬ੍ਰਹਮਲੀਨ
# ਸ਼੍ਰੀ108 ਸਤਿਗੁਰੂ ਹਰੀਦਾਸ ਜੀ ਮਹਾਰਾਜ

**ਰਵਿਦਾਸ ਸੋਇ ਸਾਧੂ ਭਲੋ ਜਉ ਰਹਇ ਸਦਾ ਨਿਰਵੈਰ।**
**ਸੁਖਦਾਈ ਸਮਤਾ ਗਹਇ ਸਭਨਹ ਮਾਂਗਹਿ ਖੇਰ॥**

ਜਗਤਗੁਰੂ ਰਵਿਦਾਸ ਮਹਾਰਾਜ ਜੀ ਪਾਵਨ ਅਮ੍ਰਿਤਬਾਣੀ ਵਿੱਚ ਫ਼ਰਮਾਉਂਦੇ ਹਨ ਕਿ ਸੰਤ ਇਸ ਸੰਸਾਰ ਦੇ ਜੀਵਾਂ ਨੂੰ ਨਾਮ ਜਪਾ ਕੇ ਭਵਸਾਗਰ ਤੋਂ ਪਾਰ ਕਰਦੇ ਹਨ। ਐਸੇ ਹੀ ਮਹਾਨ ਸੰਤ ਸਨ ਨਾਮ ਦੇ ਰਸੀਏ, ਸ਼ਾਤੀ ਦੇ ਪੁੰਜ,ਮਹਾਨ ਸਮਾਜ ਸੁਧਾਰਕ,ਬ੍ਰਹਮਲੀਨ ਡੇਰਾ ਸੱਚਖੰਡ ਬੱਲਾਂ ਦੇ ਤੀਸਰੇ ਗੱਦੀ ਨਸ਼ੀਨ ਸ਼੍ਰੀ 108 ਹਰੀ ਦਾਸ ਜੀ ਮਹਾਰਾਜ ਸੰਤ ਹਰੀ ਦਾਸ ਮਹਾਰਾਜ ਜੀ ਦਾ ਜਨਮ 1885 ਈ. ਵਿੱਚ ਸਤਿਕਾਰਯੋਗ ਪਿਤਾ ਸ੍ਰੀ ਹੁਕਮ ਚੰਦ ਜੀ ਦੇ ਘਰ ਅਤੇ ਸਤਿਕਾਰਯੋਗ ਮਾਤਾ ਤਾਬੀ ਜੀ ਦੀ ਕੁੱਖੋਂ ਪਿੰਡ ਗੜ੍ਹਾ ਜ਼ਿਲ੍ਹਾ ਜਲੰਧਰ ਦੀ ਪਵਿੱਤਰ ਧਰਤੀ ਤੇ ਹੋਇਆ। ਆਪ ਜੀ ਦਾ ਪਹਿਲਾ ਨਾਮ ਪੁਨੂੰ ਰਾਮ ਸੀ।ਆਪ ਜੀ ਦੀ ਵੱਡੀ ਭੈਣ ਦਾ ਨਾਮ ਪੁੰਨਾ ਦੇਵੀ ਸੀ। ਆਪ ਜੀ ਦੇ ਮਾਤਾ ਪਿਤਾ ਦੋਨੋਂ ਧਾਰਮਿਕ ਸਭਾਉ ਦੇ ਸਨ। ਆਪ ਜੀ ਅਜੇ ਛੋਟੀ ਅਵੱਸਥਾ ਵਿੱਚ ਹੀ ਸਨ, ਜਦੋਂ ਆਪ ਜੀ ਦੇ ਮਾਤਾ ਪਿਤਾ ਪ੍ਰਲੋਕ ਸਿਧਾਰ ਗਏ।ਇਸ ਲਈ ਛੋਟੀ ਉਮਰ ਵਿਚ ਹੀ ਆਪ ਉੱਪਰ ਘਰ ਦੀ ਜ਼ਿੰਮੇਵਾਰੀ ਪੈ ਗਈ। ਆਪ ਜੀ ਸੁੰਦਰ ਜੋੜੇ ਬਣਾਉਣ ਅਤੇ ਸਫੈਦੀ ਆਦਿ ਦਾ ਕੰਮ ਕਰਿਆ ਕਰਦੇ ਸਨ। ਆਪ ਬਚਪਨ ਤੋਂ ਹੀ ਕੀਰਤਨ ਕਰਨ,ਕੀਰਤਨ ਸੁਣਨ ਅਤੇ ਸੰਤਾਂ ਦੀ ਸੰਗਤ ਵਿੱਚ ਰੁਚੀ ਰੱਖਦੇ ਸਨ। ਆਪ ਜੀ ਨੇ ਆਪਣੀ ਵੱਡੀ ਭੈਣ ਬੀਬੀ ਪੁੰਨੀ ਦੇਵੀ ਦੀ ਸ਼ਾਦੀ ਪਿੰਡ ਮਹੇੜੂ ਵਿਖੇ ਕਰ ਦਿੱਤੀਅਤੇ ਸੰਸਾਰਿਕ ਕਾਰਜਾਂ ਤੋਂ ਵਿਹਲੇ ਹੋ ਗਏ। ਆਪ ਜੀ ਨੇ ਇਸ ਮਾਨਸ ਜਨਮ ਨੂੰ ਸਫਲ ਕਰਨ ਲਈ ਪੂਰੇ ਗੁਰੂ ਦੀ ਭਾਲ ਸ਼ੁਰੂ ਕਰ ਦਿੱਤੀ।

**ਪਰਮ ਪਰਸ ਗੁਰੂ ਭੇਟੀਐ ਪੂਰਬ ਲਿਖਤ ਲਿਲਾਟ।**

ਜਗਤ ਗੁਰੂ ਰਵਿਦਾਸ ਜੀ ਦਾ ਫ਼ਰਮਾਨ ਹੈ ਕਿ ਜੀਵ ਨੂੰ ਪਰਮ ਪਾਰਸ ਰੂਪ ਗੁਰੂ ਉਸ ਸਮੇਂ ਮਿਲਦਾ ਹੈ ਜਦੋਂ ਜੀਵ ਦੇ ਪੂਰਵਲੇ ਭਾਗ ਜਾਗਦੇ ਹਨ।ਜਦੋਂ ਆਪ ਜੀ ਨੇ ਆਪਣੇ ਪਿੰਡ ਦੇ, ਬਾਬਾ ਪਿੱਪਲ ਦਾਸ ਜੀ ਦੇ ਸੇਵਕਾਂ ਕੋਲੋ,ਬਾਬਾ ਜੀ ਦੀ ਮਹਿਮਾ ਸੁਣੀ ਮਨ ਦਰਸ਼ਨਾਂ ਲਈ ਤੜਫ ਉਠਿਆ।ਆਪ ਜੀ ਬਾਬਾ ਜੀ ਦੇ ਦਰਸ਼ਨਾ ਲਈ ਪਿੰਡ ਬੱਲਾਂ ਆਏ।ਉਸ ਸਮੇਂ ਬਾਬਾ ਪਿੱਪਲ ਦਾਸ ਜੀ ਕੁਟਿਆ ਵਿੱਚ ਰਹਿੰਦੇ ਸਨ।ਆਪ ਜਦੋਂ ਕੁਟੀਆਂ ਵਿੱਚ ਆਏ ਤਾਂ ਸੰਤ ਸਰਵਣ ਦਾਸ ਜੀ ਡੇਰੇ ਵਿੱਚ ਸਨ।ਆਪ ਜੀ ਨੇ ਸੰਤਾਂ ਨੂੰ ਨਮਸਕਾਰ ਕਰ ਕੇ ਬਾਬਾ ਜੀ ਬਾਰੇ ਪੁੱਛਿਆ ਤੇ ਸੰਤ ਸਰਵਣ ਦਾਸ ਜੀ ਨੇ ਆਪ ਜੀ ਨੂੰ ਲੰਗਰ ਛਕਾਇਆ ਤੇ ਫਿਰ ਦੱਸਿਆ ਕਿ ਬਾਬਾ ਪਿੱਪਲ ਦਾਸ ਜੀ ਪਿੰਡ ਹਰੀ ਪੁਰ ਵਿਖੇ ਸ਼ਾਮੀ ਰਾਮ ਜੀ ਦੇ ਗ੍ਰਹਿ ਵਿਖੇ ਗਏ ਹਨ ਤੇ ਆਪ ਜੀ ਬਾਬਾ ਜੀ ਦੇ ਦਰਸ਼ਨ ਉੱਥੇ ਜਾ ਕੇ ਕਰ ਸਕਦੇ ਹੋ। ਉਸ ਸਮੇਂ ਆਪ ਸੰਤ ਸਰਵਣ ਦਾਸ ਜੀ ਨੂੰ ਨਮਸਕਾਰ ਕਰ ਕੇ ਪਿੰਡ ਹਰੀਪੁਰ ਪਹੁੰਚੇ।ਉਸ ਸਮੇਂ ਬਾਬਾ

ਜੀ ਸ਼ਾਮੀ ਰਾਮ ਜੀ ਦੇ ਗ੍ਰਿਹਿ ਵਿਖੇ ਸਤਿਸੰਗ ਕਰ ਰਹੇ ਸੀ। ਬਾਬਾ ਜੀ ਦੇ ਦਰਸ਼ਨ ਕਰ ਕੇ ਆਪ ਜੀ ਦਾ ਮਨ ਨਿਹਾਲ ਹੋ ਗਿਆ ਆਪ ਜੀ ਨੇ ਇਸ ਤਰ੍ਹਾਂ ਮਹਿਸੂਸ ਕੀਤਾ ਕਿ ਅੱਜ ਪੂਰਨ ਮਹਾਤਮਾ ਮਿਲ ਗਏ ਹਨ ਅਤੇ ਮਾਨਸ ਜਨਮ ਮਨੋਰਥ ਪੂਰਾ ਹੋ ਗਿਆ ਹੈ। ਆਪ ਜੀ ਬਾਬਾ ਜੀ ਨੂੰ ਨਿਮਸਕਾਰ ਕਰ ਕੇ ਬੈਠੇ ਅਤੇ ਸਤਿਸੰਗ ਸੁਣਨ ਲੱਗੇ ਜਦੋਂ ਸਤਿਸੰਗ ਦੀ ਸਮਾਪਤੀ ਹੋਈ ਤੇ ਆਪ ਜੀ ਨੇ ਬਾਬਾ ਜੀ ਨੂੰ ਨਾਮ ਦਾਨ ਪ੍ਰਾਪਤ ਕਰਨ ਲਈ ਬੇਨਤੀ ਕੀਤੀ। ਬਾਬਾ ਜੀ ਨੇ ਆਪਜੀ ਦਾ ਪ੍ਰੇਮ ਦੇਖਦੇ ਹੋਏ ਬਚਨ ਕੀਤਾ ਕਿ ਅਸੀਂ ਪਰਸੋਂ ਨੂੰ ਤੁਹਾਡੇ ਪਿੰਡ ਗੜ੍ਹੇ ਆਵਾਂਗੇ ਅਤੇ ਹਰੀਦਾਸ ਜੀ ਸਤਿਬਚਨ ਕਹਿ ਕੇ ਪਿੰਡ ਵਾਪਸ ਆਏ। ਤੀਸਰੇ ਦਿਨ ਬਾਬਾ ਜੀ ਪਿੰਡ ਗੜ੍ਹੇ ਪਹੁੰਚੇ। ਆਪ ਜੀ ਦੇ ਪ੍ਰੇਮ ਨੂੰ ਦੇਖਦੇ ਹੋਏ ਨਾਮ ਦੀ ਦਾਤ ਬਖਸ਼ਿਸ਼ ਕੀਤੀ। ਆਪ ਜੀ ਨੇ ਆਪਣਾ ਤਨ ਮਨ ਧਨ ਬਾਬਾ ਜੀ ਅੱਗੇ ਅਰਪਣ ਕੀਤਾ। ਆਪ ਜੀ ਆਪਣਾ ਬਹੁਤ ਸਮਾਂ ਭਜਨ ਸਿਮਰਨ ਵਿਚ ਗੁਜਾਰਦੇ ਸਨ। ਆਪ ਜੀ ਡੇਰੇ ਵਿਖੇ ਬਾਬਾ ਜੀ ਦੇ ਦਰਸ਼ਨ ਕਰਕੇ ਕਈ ਕਈ ਦਿਨ ਡੇਰੇ ਵਿਖੇ ਸੇਵਾ ਕਰਦੇ ਸਨ। ਆਪ ਜੀ ਦਾ ਸੰਤ ਸਰਵਣ ਦਾਸ ਜੀ ਨਾਲ ਵੀ ਬਹੁਤ ਪਿਆਰ ਸੀ। ਬਾਬਾ ਪਿੱਪਲ ਦਾਸ ਜੀ ਬਿਕਰਮੀ ਸੰਮਤ 1985 ਅੱਸੂ 26 ਦਿਨ ਵੀਰਵਾਰ ਸਵੇਰ ਸਮੇਂ ਪੰਜ ਭੌਤਿਕ ਸਰੀਰ ਤਿਆਗ ਕੇ ਬੇਗਮਪੁਰੇ ਜਾ ਵਿਰਾਜੇ । ਇਸ ਕਾਰਣ ਆਪ ਬਹੁਤ ਉਦਾਸ ਰਹਿਣ ਲੱਗ ਪਏ। ਬਾਬਾ ਜੀ ਨੇ ਆਪਣਾ ਪੰਜ ਭੌਤਿਕ ਸਰੀਰ ਤਿਆਗਣ ਤੋਂ ਪਹਿਲਾਂ ਸੰਤ ਸਰਵਣ ਦਾਸ ਜੀ ਨੂੰ ਬਚਨ ਕੀਤਾ ਸੀ ਕਿ ਅਸੀਂ ਸੰਤ ਹਰੀ ਦਾਸ ਜੀ ਨੂੰ ਨਾਮਦਾਨ ਦੇ ਦਿੱਤਾ ਹੈ। ਆਪ ਜੀ ਨੇ ਸਮਾਂ ਵਿਚਾਰ ਕੇ ਭੇਖ ਦੇ ਕੇ ਡੇਰੇ ਵਿਖੇ ਲਿਆਉਣਾ ਹੈ। ਉਹਨਾਂ ਇਹ ਵੀ ਕਿਹਾ ਕਿ ਸੰਤ ਹਰੀ ਦਾਸ ਜੀ ਮਹਾਨ ਸੰਤ ਹੋਵਣਗੇ ਅਤੇ ਸੰਸਾਰ ਦੇ ਜੀਵਾਂ ਨੂੰ ਪ੍ਰਮਾਤਮਾ ਨਾਲ ਜੋੜ ਕੇ ਤਾਰਨਗੇ। ਕੁਝ ਸਮੇਂ ਬਾਅਦ ਆਪ ਜੀ ਨੇ ਸੰਤ ਸਰਵਣ ਦਾਸ ਜੀ ਦੇ ਹੁਕਮ ਅਨੁਸਾਰ ਆਪਣੇ ਪਿੰਡ ਗੜ੍ਹੇ ਵਿਖੇ ਸੰਤ ਸੰਮੇਲਨ ਰੱਖਿਆ, ਜਿਸ ਵਿਚ ਸੰਤ ਸਰਵਣ ਦਾਸ ਜੀ, ਮੁਸਲਿਮ ਫਕੀਰ ਸੱਯਦ ਗੁਲਾਮ ਜੱਲਾਨੀ ਅਤੇ ਹੋਰ ਅਨੇਕ ਮਹਾਂਪੁਰਸ਼ ਪਹੁੰਚੇ। ਰੱਬੀ ਬਾਣੀ ਦੇ ਭੋਗ ਪੈਣ ਉਪਰੰਤ ਸੰਤ ਪ੍ਰਵਚਨ ਹੋਏ। ਸੰਤ ਸਰਵਣ ਦਾਸ ਜੀ ਨੇ ਪ੍ਰਬਚਨਾਂ ਰਾਹੀਂ ਸੰਸਾਰ ਦੇ ਜੀਵਾਂ ਨੂੰ ਪ੍ਰਮਾਤਮਾ ਦਾ ਨਾਮ ਜੱਪ ਕੇ ਜੀਵਨ ਸਫਲ ਕਰਨ ਦਾ ਉਪਦੇਸ਼ ਦਿੱਤਾ। ਉਹਨਾਂ ਤੋਂ ਬਾਅਦ ਫਕੀਰ ਸੱਯਦ ਗੁਲਾਮ ਜੱਲਾਨੀ ਜੀ ਨੇ ਆਪਣੇ ਪ੍ਰਬਚਨਾਂ ਰਾਹੀਂ ਸੰਤ ਹਰੀ ਦਾਸ ਜੀ ਦਾ ਧੰਨਵਾਦ ਕੀਤਾ ਕਿ ਜਿਹਨਾਂ ਨੇ ਸੰਤ ਸਰਵਣ ਦਾਸ ਜੀ ਦੇ ਸੰਗਤਾਂ ਨੂੰ ਦਰਸ਼ਨ ਕਰਾਏ ਹਨ। ਉਹਨਾਂ ਕਿਹਾ ਕਿ ਸੰਤ ਸਰਵਣ ਦਾਸ ਜੀ ਦੇ ਚਿਹਰੇ ਤੇ ਅੱਲ੍ਹਾ ਦਾ ਨੂਰ ਨਜ਼ਰ ਆਉਂਦਾ ਹੈ। ਆਪ ਜੀ ਨੇ ਬਾਬਾ ਪਿੱਪਲ ਦਾਸ ਜੀ ਦੀ ਬਚਨਾਂ ਤੇ ਚੱਲਦੇ ਹੋਏ ਸੰਤ ਹਰੀ ਦਾਸ ਜੀ ਨੂੰ ਭੇਖ ਪਹਿਨਾਇਆ। ਉਸ ਦਿਨ ਤੋਂ ਆਪ ਡੇਰੇ ਵਿਖੇ ਰਹਿਣ ਲੱਗ ਪਏ। ਆਪ ਜੀ ਹਰ ਸਮੇਂ ਸੰਤ ਸਰਵਣ ਦਾਸ ਜੀ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਸਨ। ਆਪ ਜੀ ਨੇ ਸੰਤ ਸਰਵਣ ਦਾਸ ਜੀ ਹੁਰਾਂ ਪਾਸੋਂ ਗੁਰਮੁਖੀ ਸਿੱਖੀ ਅਤੇ ਧਾਰਮਿਕ ਗ੍ਰੰਥਾਂ ਦਾ ਅਧਿਐਨ ਕੀਤਾ। ਆਪ ਜੀ ਨੂੰ ਧਾਰਮਿਕ ਗ੍ਰੰਥਾਂ ਦੀ ਕਥਾ ਕਰਨ ਦਾ ਬਹੁਤ ਸ਼ੌਕ ਸੀ। ਆਪ ਜੀ ਪਿੰਡ ਡੇਰੇ ਵਿਖੇ ਹਰ ਰੋਜ਼ ਸ਼ਾਮ ਨੂੰ ਸੰਗਤਾਂ ਨੂੰ ਕਥਾ ਸਰਵਣ ਕਰਾਇਆ ਕਰਦੇ ਸਨ। ਆਪ ਜੀ ਨੂੰ ਫੁੱਲਵਾੜੀ ਅਤੇ ਬੂਟੇ ਆਦਿ ਲਗਾਉਣ ਦਾ ਬਹੁਤ ਸ਼ੌਕ ਸੀ। ਆਪ ਜੀ ਦੁਆਰਾ ਲਗਾਏ ਗਏ ਪੇੜ ਅੱਜ ਵੀ ਡੇਰੇ ਵਿਖੇ ਮੌਜੂਦ ਹਨ। ਬਾਬਾ ਪਿੱਪਲ ਦਾਸ ਜੀ ਡੇਰੇ ਵਿਖੇ ਬੱਚਿਆ ਨੂੰ ਗੁਰਮੁਖੀ ਅਤੇ ਗੁਰਬਾਣੀ ਦਾ ਅਧਿਐਨ ਕਰਵਾਉਂਦੇ ਸਨ। ਸੰਤ ਸਰਵਣ ਦਾਸ ਜੀ ਨੇ ਡੇਰੇ ਵਿਖੇ ਪਾਠਸ਼ਾਲਾ ਖੋਲੀ ਸੀ। ਉਸ ਵਿੱਚ ਆਪ ਬੱਚਿਆ ਨੂੰ

ਵਿਦਿਆ ਪੜ੍ਹਾਇਆ ਕਰਦੇ ਸਨ। ਆਪ ਹਮੇਸ਼ਾ ਫ਼ਰਮਾਇਆ ਕਰਦੇ ਸਨ:-

**ਮਾਤਾ ਸ਼ੱਤਰੂ ਪਿਤਾ ਵੈਰੀ ਜੋ ਨਾ ਬਾਲ ਪਾਠਿਤਾ।**

ਜਿਹੜੇ ਮਾਤਾ ਪਿਤਾ ਆਪਣੇ ਬੱਚਿਆ ਨੂੰ ਵਿਦਿਆ ਨਹੀਂ ਪੜ੍ਹਾਉਂਦੇ ਉਹ ਉਹਨਾਂ ਦੇ ਦੁਸ਼ਮਣ ਹਨ। ਆਪ ਹਮੇਸ਼ਾ ਜੀਵਾਂ ਨੂੰ ਸੰਤਾਂ ਦੀ ਸੰਗਤ,ਭਜਨ ਸਿਮਰਨ,ਵਹਿਮਾਂ ਭਰਮਾਂ ਤੋਂ ਦੂਰ ਰਹਿਣ,ਏਕਤਾ,ਸਮਾਨਤਾ ਅਤੇ ਭਾਈਚਾਰੇ ਦਾ ਉਪਦੇਸ਼ ਦਿਆ ਕਰਦੇ ਸਨ।ਆਪ ਜੀ ਨੇ ਸੰਤ ਸਰਵਣ ਦਾਸ ਜੀ ਦੇ ਹਰ ਹੁਕਮ ਨੂੰ 'ਸਤਿ ਬਚਨ' ਕਹਿ ਕੇ ਮੰਨਿਆ ਆਪ ਜੀ ਨੇ ਸੰਤ ਸਰਵਣ ਦਾਸ ਜੀ ਦੇ ਹੁਕਮਾਂ ਅਨੁਸਾਰ ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਦਾ ਨੀਂਹ ਪੱਥਰ ਰੱਖਿਆ ਅਤੇ ਉਸਾਰੀ ਕਰਵਾਈ।ਜਿਥੇ ਅੱਜ ਸਮੁੱਚੀ ਮਾਨਵਤਾ ਲਈ ਆਲੀਸ਼ਾਨ ਮੰਦਰ ਬਣਿਆ ਹੈ।ਮਿਤੀ 11 ਜੂਨ 1972 ਈ. ਦਿਨ ਮੰਗਲਵਾਰ ਸੰਤ ਸਰਵਣ ਦਾਸ ਜੀ ਸੱਚਖੰਡ ਜਾ ਬਿਰਾਜੇ।ਉਹਨਾਂ ਤੋਂ ਬਾਅਦ ਆਪ ਸੱਚਖੰਡ ਬੱਲਾਂ ਦੇ ਤੀਸਰੇ ਸੰਚਾਲਕ ਬਣੇ।ਆਪ ਜੀ ਦੇ ਮਨ ਵਿਚ ਸੰਤ ਸਰਵਣ ਦਾਸ ਜੀ ਲਈ ਇੰਨਾ ਪਿਆਰ ਸੀ ਔਰ ਫ਼ਰਮਾਇਆ ਕਰਦੇ ਸਨ ਜੇਕਰ ਸੰਤ ਸਰਵਣ ਦਾਸ ਜੀ ਮਹਾਰਾਜ 10 ਸਾਲ ਹੋਰ ਸਰੀਰ ਕਰਕੇ ਰਹਿੰਦੇ ਤਾਂ ਅਸੀਂ ਵੀ ਸੰਤ ਬਣ ਜਾਂਦੇ।ਆਪ ਜੀ ਨੇ ਸੰਤ ਸਰਵਣ ਦਾਸ ਜੀ ਦੀ ਯਾਦ ਵਿੱਚ ਕੁਟੀਆ ਵਿਖੇ ਪੰਜ ਮੰਜ਼ਿਲਾਂ ਆਲੀਸ਼ਾਨ ਮੰਦਰ ਬਣਾਇਆ ਅਤੇ ਕੁਟੀਆ ਵਿਖੇ ਹੀ ਸਤਿਸੰਗ ਹਾਲ ਦਾ ਨਿਰਮਾਣ ਕਰਵਾਇਆ।ਆਪ ਜੀ ਹਮੇਸ਼ਾ ਸੰਗਤਾਂ ਨੂੰ ਸੰਤਾਂ ਦੀ ਸੰਗਤ ਕਰਨ ਨਾਮ ਜੱਪਣ ਵਿਸ਼ੇ ਵਿਕਾਰਾਂ ਤੋਂ ਦੂਰ ਰਹਿਣ,ਨਸ਼ਿਆ ਤੋਂ ਦੂਰ ਰਹਿਣ ਦਾ ਉਪਦੇਸ਼ ਦਿਆ ਕਰਦੇ ਸਨ।ਆਪ ਸੰਗਤਾਂ ਨੂੰ ਅਕਸਰ ਕਵੀ ਗਿਰਧਰ ਰਾਇ ਦੀਆਂ ਕੁੰਡਲੀਆਂ ਸੁਣਾਇਆ ਕਰਦੇ ਸਨ।

**ਸੰਗਤ ਕਰੀਏ ਸਾਧ ਕੀ ਬੰਦਿਓ ਕਰੇ ਖੁਦਾ।**
**ਲੋਹਾ ਕੰਚਨ ਹੋਤ ਹੈ ਦੇਖੋ ਪਾਰਸ ਲਾ।**
**ਦੇਖੋ ਪਾਰਸ ਲਾ ਸੂਮ ਤ ਕਰ ਮਾਨੋਂ ਹਾਸਾ।**
**ਸਭ ਬਣ ਚੰਦਨ ਹੋਤ ਜਹਾ ਬਣਨ ਕਾ ਵਾਸਾ।**
**ਕਹਿ ਗਿਰਧਰ ਕਵਿ ਰਾਇ ਨਦੀ ਸੰਸੇ ਕੀ ਤਰੀਏ।**
**ਵੱਡੇ ਭਾਗ ਜਬ ਹੋਇ ਸੰਤਾਂ ਦੀ ਸੰਗਤ ਕਰੀਏ।**

ਆਪ ਸੰਸਾਰ ਨੂੰ ਜਗਤ ਮੁਸਾਫ਼ਰਖਾਨਾ ਸਮਝਦੇ ਸਨ।ਡੋਲੀ ਚੁਕ ਲਉ ਕਹਾਰੋ ਮੇਰੀ ਰੋਦਿਆ ਨੂੰ ਰੋਣ ਦਿਉ।

**ਜਿੰਦੇ ਮੇਰੀਏ ਨੀ ਤੇਰਾ ਕੋਈ ਨਾਹੀ,**
**ਐਵੇਂ ਕੂੜ ਹਵੇਲੀਆਂ ਮੱਲੀਆਂ ਨੀ।**
**ਛੱਡ ਦੇਣਾ ਦੇਸ਼ ਇਹ ਮਾਪਿਆ ਦਾ,**
**ਫੇਰ ਆਣਿ ਨਾ ਦੇਖੇਂਗੀ ਗਲੀਆਂ ਨੀ।**
**ਚਰਖੇ ਤੰਦ ਨਾ ਪਾਵਣਾ ਮਿਲੈ ਤੈਨੂੰ,**
**ਜਦੋਂ ਕੰਤ ਨੇ ਚਿੱਠੀਆਂ ਘੱਲੀਆਂ ਨੀ ।**
**ਤੂੰ ਰੋਵੰਦੀ ਜਾਵੇਗੀ ਏਸ ਸ਼ਹਿਰੋਂ,**
**ਜਿਵੇਂ ਅਗਲੀਆਂ ਰੋਂਦੀਆਂ ਚੱਲੀਆ ਨੀ।**

ਆਪ ਜੀ ਬ੍ਰਹਮ ਗਿਆਨੀ ਸਨ ਆਪ ਜੀ ਦੇ ਮੁਖਾਰਬਿੰਦ ਤੋਂ ਉਚਾਰਨ ਕੀਤੇ ਬਚਨ

ਹਮੇਸ਼ਾ ਸੱਤ ਹੁੰਦੇ ਸਨ।ਸ੍ਰੀ ਗੁਰਨਾਮ ਚੰਦ ਸੁੰਮਨ ਜੱਜ ਜਿਹਨਾਂ ਦੇ ਗ੍ਰਹਿ ਵਿਖੇ ਸੰਤ ਸਰਵਣ ਦਾਸ ਜੀ ਮਹਾਰਾਜ ਦੀ ਕ੍ਰਿਪਾ ਨਾਲ ਤਿੰਨ ਲੜਕੀਆਂ ਤੋਂ ਬਾਅਦ ਪੁੱਤਰ ਨੇ ਜਨਮ ਲਿਆ ਸੀ ।1973 ਈ. ਵਿਚ ਪਰਿਵਾਰ ਸਮੇਤ ਡੇਰੇ ਵਿਖੇ ਪਹੁੰਚੇ।ਉਹਨਾਂ ਦੀਆਂ ਬੇਟੀਆ ਨਾਲ ਉਹਨਾਂ ਦਾ ਬੇਟਾ ਬੌਬੀ ਨਹਿਰ ਦੇ ਪਾਣੀ ਨੂੰ ਛੂੰਹਦਾ ਹੋਇਆ ਨਹਿਰ ਵਿਚ ਡੁੱਬ ਗਿਆ।ਲੜਕੇ ਦੇ ਪਾਣੀ ਵਿਚ ਡੁੱਬਣ ਦੀ ਖਬਰ ਸੁਣਕੇ ਉਸ ਦੀ ਮਾਤਾ ਬੇਹੋਸ਼ ਹੋ ਗਈ।ਸੰਤ ਅਤੇ ਸਭ ਸੰਗਤਾਂ ਬੱਚੇ ਨੂੰ ਨਹਿਰ ਵਿੱਚੋਂ ਲੱਭਣ ਲੱਗੇ ਮਰੇ ਹੋਏ ਲੜਕੇ ਨੂੰ ਮੰਦਰ ਵਿਚ ਮਹਾਰਾਜ ਸਰਵਣ ਦਾਸ ਜੀ ਦੀ ਮੂਰਤੀ ਅੱਗੇ ਪਾਇਆ ਗਿਆ।ਸ੍ਰੀ ਗੁਰਨਾਮ ਚੰਦ ਜੀ ਅਤੇ ਬੀਬੀ ਗੁਰਬਚਨ ਕੌਰ ਨੇ ਸੰਤ ਹਰੀ ਦਾਸ ਜੀ ਅੱਗੇ ਬੇਨਤੀ ਕੀਤੀ ਕਿ ਬੱਚੇ ਉੱਤੇ ਕਿਰਪਾ ਕਰੋ।ਸੰਤ ਹਰੀ ਦਾਸ ਜੀ ਨੇ ਅਕਾਲਪੁਰਖ ਅੱਗੇ ਅਰਦਾਸ ਕੀਤੀ।ਲੜਕੇ ਨੂੰ ਜੀਪ ਵਿਚ ਸਿਵਲ ਹਸਪਤਾਲ ਜਲੰਧਰ ਵਿਚ ਡਾ. ਸਿੰਗਾਰਾ ਸਿੰਘ ਦੇ ਪਾਸ ਲੈ ਕੇ ਗਏ।ਡਾਕਟਰ ਨੇ ਬੱਚੇ ਨੂੰ ਦੇਖਕੇ ਕਿਹਾ ਕਿ ਲੜਕਾ ਤਾਂ ਬਿਲਕੁਲ ਠੀਕ ਹੈ।ਡਾਕਟਰ ਨੇ ਸਾਰੀ ਹਕੀਕਤ ਜਾਣ ਕੇ ਕਿਹਾ ਕਿ ਇਹ ਸੰਤਾਂ ਦੀ ਕਿਰਪਾ ਨਾਲ ਹੈ ਕਿ ਇਹ ਲੜਕਾ ਇੱਕ ਘੰਟਾ ਪਾਣੀ ਵਿਚ ਰਹਿ ਕੇ ਡੁਬਕੇ ਬਚ ਗਿਆਂ ਹੈ।ਡਾਕਟਰ ਨੇ ਬੌਬੀ ਨੂੰ ਪੁੱਛਿਆਂ ਕਿ ਹੋਇਆ, ਬੌਬੀ ਕਹਿੰਦਾ ਸੰਤ ਖੂੰਡੀ ਦੇ ਨਾਲ ਮੈਨੂੰ ਕਿਨਾਰੇ ਲਗਾਉਂਦੇ ਸੀ।ਸੰਤਾਂ ਨੇ ਬੱਚੇ ਨੂੰ ਜੀਵਨ ਦਾਨ ਦਿੱਤਾ।ਸੰਤ ਹਰੀ ਦਾਸ ਜੀ ਸੰਸਾਰ ਦੇ ਜੀਵਾਂ ਨੂੰ ਪ੍ਰਮਾਤਮਾ ਦੇ ਨਾਲ ਜੋੜਦੇ ਹੋਏ।ਮਿਤੀ 6 ਫਰਵਰੀ 1982 ਈ. ਨੂੰ ਸਵੇਰੇ 11 ਵਜੇ ਪ੍ਰਮਾਤਮਾ ਵਿਚ ਅਭੇਦ ਹੋ ਗਏ।ਆਪ ਜੀ ਨੇ ਆਪਣਾ ਪੰਜ ਭੌਤਿਕ ਸਰੀਰ ਤਿਆਗਣ ਤੋਂ ਕੁਝ ਸਮਾਂ ਪਹਿਲਾਂ ਫੁਰਮਾਇਆ ਕਿ ਸ੍ਰੀ ਗੁਰੂ ਰਵਿਦਾਸ ਜੀ,ਬਾਬਾ ਸ੍ਰੀ ਚੰਦ ਜੀ,ਬਾਬਾ ਪਿੱਪਲ ਦਾਸ ਜੀ ਅਤੇ ਸੰਤ ਸਰਵਣ ਦਾਸ ਜੀ ਆ ਗਏ ਹਨ।ਆਪ ਜੀ ਤੋਂ ਬਾਅਦ ਸ਼੍ਰੀ 108 ਸੰਤ ਗਰੀਬ ਦਾਸ ਜੀ ਡੇਰਾ ਸੱਚਖੰਡ ਬੱਲਾਂ ਦੇ ਸੰਚਾਲਕ ਬਣੇ।

***********

# ਬ੍ਰਹਮਲੀਨ
# ਸ੍ਰੀ 108 ਸਤਿਗੁਰੂ ਗਰੀਬ ਦਾਸ ਜੀ ਮਹਾਰਾਜ

ਡੇਰਾ 108 ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਦੇ ਚੌਥੇ ਸੰਚਾਲਕ ਸ੍ਰੀ 108 ਸੰਤ ਗਰੀਬ ਦਾਸ ਜੀ ਮਹਾਰਾਜ,ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਇਸ ਸੰਸਾਰ ਦੇ ਭੁੱਲੇ -ਭਟਕੇ ਜੀਵਾਂ ਨੂੰ ਨਾਮ ਨਾਲ ਜੋੜਨ ਲਈ,ਵਹਿਮਾਂ-ਭਰਮਾਂ ਨੂੰ ਦੂਰ ਕਰਨ ਲਈ ਅਤੇ ਸਮਾਜ ਨੂੰ ਸੁਧਾਰਨ ਵਿਚ ਲਗਾ ਦਿੱਤਾ।ਐਸੀ ਮਹਾਨ ਆਤਮਾ ਦਾ ਜਨਮ ਸੰਨ 1925 ਈਸਵੀ ਨੂੰ ਸਤਿਕਾਰਯੋਗ ਮਾਤਾ ਹਰਕੌਰ ਜੀ ਦੀ ਕੁੱਖੋਂ ਸਤਿਕਾਰਯੋਗ ਪਿਤਾ ਸ੍ਰੀ ਨਾਨਕ ਚੰਦ ਜੀ ਦੇ ਗ੍ਰਹਿ ਵਿਖੇ ਪਿੰਡ ਜਲਭੇ,ਜ਼ਿਲ੍ਹਾ ਜਲੰਧਰ,ਪੰਜਾਬ ਦੀ ਪਵਿੱਤਰ ਧਰਤੀ ਤੇ ਹੋਇਆ।ਆਪ ਜੀ ਦੇ ਪੰਜ ਭਾਈ ਸਨ।ਆਪ ਸਭ ਤੋਂ ਛੋਟੇ ਸਨ। ਆਪ ਜੀ ਦੇ ਮਾਤਾ ਪਿਤਾ ਦੋਨੋਂ ਹੀ ਧਾਰਮਿਕ ਖਿਆਲਾਂ ਵਾਲੇ ਸਨ।ਜਿਸ ਵੇਲੇ ਆਪ ਜੀ ਦੀ ਉਮਰ ਛੇ ਮਹੀਨੇ ਦੀ ਸੀ ਤਾਂ ਆਪ ਜੀ ਦੇ ਪਿਤਾ ਜੀ ਪ੍ਰਲੋਕ ਸਿਧਾਰ ਗਏ।ਆਪ ਜੀ ਦਾ ਪਾਲਣ ਪੋਸ਼ਣ ਆਪ ਜੀ ਦੇ ਮਾਤਾ ਜੀ ਨੇ ਕੀਤਾ।ਮਾਤਾ ਜੀ ਹਮੇਸ਼ਾ ਹੀ ਆਪ ਜੀ ਨੂੰ ਸਾਧ ਸੰਗਤ ਦੀ ਸੇਵਾ ਲਈ ਪ੍ਰੇਰਣਾ ਦਿੰਦੇ ਸਨ।ਆਪ ਬਚਪਨ ਤੋਂ ਹੀ ਆਪਣੇ ਸਭ ਹਾਣੀਆਂ ਨਾਲ ਪ੍ਰੇਮ ਪਿਆਰ ਨਾਲ ਰਹਿੰਦੇ ਸਨ।ਆਪ ਸਭ ਨਾਲ ਮਿੱਠਾ ਬੋਲਦੇ ਸਨ। ਜਦੋਂ ਆਪ ਜੀ ਦੇ ਪਿੰਡ ਕੋਈ ਵੀ ਸਰਧਾਲੂ ਡੇਰਾ ਬੱਲਾਂ ਵਿਖੇ ਆਉਂਦਾ ਤਾਂ ਆਪ ਵੀ ਉਸ ਨਾਲ ਡੇਰੇ ਆਉਂਦੇ ਸਨ।ਮਹਾਰਾਜ ਸੁਆਮੀ ਸਰਵਣ ਦਾਸ ਜੀ ਬਾਲਕ ਗਰੀਬ ਦਾਸ ਦਾ ਪਿਆਰ ਦੇਖ ਕੇ ਆਪ ਜੀ ਨੂੰ ਬਹੁਤ ਪਿਆਰ ਕਰਦੇ ਸਨ।ਆਪ ਸਭ ਨੂੰਬਹੁਤ ਪਿਆਰੇ ਲੱਗਦੇ ਸਨ।ਜਦੋਂ ਇੱਕ ਵਾਰ ਆਪ ਡੇਰੇ ਮਹਾਰਾਜ ਸੁਆਮੀ ਸਰਵਣ ਦਾਸ ਜੀ ਪਾਸ ਆਏ ਤਾਂ ਮਹਾਰਾਜ ਜੀ ਨੇ ਆਪ ਨੂੰ ਆਪਣੇ ਪਾਸ ਬਿਠਾ ਕੇ ਪੁੱਛਿਆ ਕਿ ਕਾਕਾ ਤੇਰਾ ਨਾਂ ਕੀ ਹੈ? ਤਾਂ ਆਪ ਜੀ ਨੇ ਉੱਤਰ ਦਿੱਤਾ ਮੇਰਾ ਨਾਂ ਗਰੀਬੂ ਹੈ ਜੀ ਤਾਂਮਹਾਰਾਜ ਸੁਆਮੀ ਸਰਵਣ ਦਾਸ ਜੀ ਨੇ ਕਿਹਾ ਹੇ ਬਾਲਕ ਤੂੰ ਗਰੀਬੂ ਨਹੀਂ, ਤੂੰ ਤਾਂ ਗਰੀਬਾਂ ਦਾ ਮਾਲਕ ਹੈ।ਜਿਸਦੇ ਹਿਰਦੇ ਵਿਚ ਬਚਪਨ ਤੋਂ ਹੀ ਸੰਤਾਂ ਨਾਲ ਪ੍ਰੇਮ ਹੈ ਤੂੰ ਇਕ ਦਿਨ ਮਹਾਨ ਸੰਤ ਬਣੇਗਾ ਅਤੇ ਜਿਸ ਤਰ੍ਹਾਂ ਤੂੰ ਸਾਡੇ ਦਰਸ਼ਨਾਂ ਨੂੰ ਆਉਂਦਾ ਹੈ,ਇਸੇ ਤਰ੍ਹਾਂ ਸੰਸਾਰ ਦੇ ਕੋਨੇ-ਕੋਨੇ ਤੋਂ ਦੁਨੀਆਂ ਤੇਰੇ ਦਰਸ਼ਨ ਕਰਨ ਆਇਆ ਕਰੇਗੀ।ਆਪ ਜੀ ਦੇ ਪਿੰਡ ਦੇ ਵਸਨੀਕ ਜੋ ਕਿ ਆਪ ਨਾਲ ਆਏ ਸਨ ਇਹ ਕੌਤਕ ਵੇਖਕੇ ਬਹੁਤ ਖੁਸ਼ ਹੋਏ। ਸੰਤ ਗਰੀਬ ਦਾਸ ਜੀ ਹਮੇਸ਼ਾ ਡੇਰੇ ਵਿਖੇ ਸੰਤ ਸਰਵਣ ਦਾਸ ਜੀ ਅਤੇ ਸੰਤ ਹਰੀ ਦਾਸ ਜੀ ਦੀ ਆਗਿਆ ਵਿਚ ਰਹਿੰਦੇ ਸਨ।ਡੇਰੇ ਵਿਚ ਸੰਤ ਚੇਤਨ ਦਾਸ ਜੀ ਵੀ ਰਿਹਾ ਕਰਦੇ ਸਨ,ਡੇਰੇ ਵਿਖੇ ਆਪ ਸੰਗਤਾਂ ਦੀ ਸੇਵਾ ਵਾਸਤੇ ਦੇਸੀ ਦਵਾਈਆਂ ਦਿੰਦੇ ਸਨ।ਆਪ ਸੰਤਸਰਵਣ ਦਾਸ ਜੀ ਮਹਾਰਾਜ ਦੀ ਕਿਰਪਾ ਨਾਲ ਜਿਸ ਮਰੀਜ਼ ਨੂੰ ਵੀ ਦਵਾਈ ਦਿੰਦੇ ਉਹ ਠੀਕ ਹੋ ਜਾਂਦਾ।ਆਪ ਜੋਤਿਸ਼ ਵਿੱਦਿਆ ਵਿਚ ਬਹੁਤ ਨਿਪੁੰਨ ਸਨ। ਆਪ ਜੀ ਦਾ ਸੁਭਾਉ ਬਹੁਤ ਹੀ ਗੰਭੀਰ ਅਤੇ ਪਿਆਰ ਭਰਿਆ ਸੀ। ਆਪ ਸੁਆਸ-ਸੁਆਸ ਪ੍ਰਭੂ ਦਾ ਸਿਮਰਨ ਕਰਿਆ ਕਰਦੇ ਸਨ। ਮਹਾਰਾਜ ਜੀ ਦੇ ਹੁਕਮ ਅਨੁਸਾਰ

ਆਪ ਬਹੁਤ ਵਾਰ ਬਨਾਰਸ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮੰਦਰ ਦੀ ਉਸਾਰੀ ਵਾਸਤੇ ਸੰਗਤਾਂ ਸਮੇਤ ਗਏ।1964 ਵਿਚ ਮਹਾਰਾਜ ਸਰਵਣ ਦਾਸ ਜੀ ਦੀ ਆਗਿਆ ਅਨੁਸਾਰ ਆਪ ਬਨਾਰਸ ਸੰਗਤਾਂ ਸਮੇਤ ਗਏ ਅਤੇ ਮੰਦਰ ਦੀ ਪਹਿਲੀ ਮੰਜ਼ਿਲ ਉੱਤੇ ਲੈਂਟਰ ਪਾ ਕੇ ਆਏ। ਆਪ ਜੀ ਨੇ ਮੁਹੱਲਾ ਸੁੰਦਰ ਨਗਰ ਜਲੰਧਰ ਸ਼ਹਿਰ ਵਿਖੇ ਸਮਾਜ ਦੇ ਭਲੇ ਲਈ ਸਪਤਾਹਿਕ ਬੇਗਮਪੁਰਾ ਪੱਤ੍ਰਿਕਾ ਦਾ ਨੀਂਹ ਪੱਥਰ 1991 ਵਿਚ ਰੱਖਿਆ। ਉਸ ਸਮੇਂ ਪੰਜਾਬ ਦੇ ਅਨੇਕਾਂ ਸਾਧੂ ਸੰਤ ਸੰਗਤਾਂ ਉੱਥੇ ਪੁੱਜੀਆ।ਜਿਸ ਵੇਲੇ ਆਪ ਸਟੇਜ ਉੱਤ ਬੋਲੇ ਤਾਂ ਸਾਰੀਆਂ ਸੰਗਤਾਂ ਹੈਰਾਨ ਹੋ ਗਈਆ। ਆਪ ਜੀ ਨੇ ਫਰਮਾਇਆ ਕਿ ਸਤਿਗੁਰੂ ਸਵਾਮੀ ਸਰਵਣ ਦਾਸ ਜੀ ਮਹਾਰਾਜ ਹੁਰਾਂ ਨੇ ਮੇਰੀਆਂ ਦੋ ਡਿਊਟੀਆ ਲਗਾਈਆਂ ਹਨ। ਇਕ ਸਮਾਜ ਸੇਵਾ ਕਰਨੀ ਅਤੇ ਦੂਸਰਾ ਭਜਨ ਬੰਦਗੀ ਕਰਨੀ।ਇਨ੍ਹਾਂ ਦੋਨਾਂ ਕੰਮਾਂ ਵਿਚ ਮੈਨੂੰ ਜ਼ਿਆਦਾ ਬੋਲਣ ਦੀ ਲੋੜ ਨਹੀਂ ਪੈਂਦੀ। ਆਪ ਜੀ ਨੇ ਬਾਹਰਲੇ ਦੇਸ਼ਾਂ ਵਿਚ ਸ੍ਰੀ ਗੁਰੁ ਰਵਿਦਾਸ ਮਿਸ਼ਨ ਦਾ ਪ੍ਰਚਾਰ ਕਰਕੇ ਸੰਗਤਾਂ ਨੂੰ ਪ੍ਰਮਾਤਮਾ ਦੇ ਨਾਮ ਨਾਲ ਜੋੜਿਆ।ਆਪ ਛੇ ਵਾਰ ਇੰਗਲੈਂਡ ਅਤੇ ਦੋ ਵਾਰ ਅਮਰੀਕਾ ਅਤੇ ਕਨੇਡਾ ਗਏ। ਆਪ ਜੀ ਨੇ ਪਿੰਡ ਦੀ ਮੁੱਖ ਸੜਕ ਉੱਤੇ ਸੰਤ ਸਰਵਣ ਦਾਸ ਮੈਮੋਰੀਅਲ ਗੇਟ ਦੀ ਉਸਾਰੀ ਕਰਵਾਈ।ਆਪ ਜੀ ਨੇ ਸ੍ਰੀ ਗੁਰੂ ਰਵਿਦਾਸ ਜਨਮ ਸਥਾਨ ਸੀਰ ਗੋਵਰਧਨਪੁਰ ਵਿਖੇ ਸੋਨੇ ਦਾ ਕਲਸ ਚੜ੍ਹਾਇਆ ਅਤੇ ਬੇਗਮਪੁਰਾ ਐਕਸਪ੍ਰੈਸ ਟਰੇਨ ਹਰ ਸਾਲ ਬਨਾਰਸ ਵਿਖੇ ਰਵਿਦਾਸ ਜਨਮ ਉਤਸਵ ਉੱਤੇ ਲੈ ਕੇ ਜਾਂਦੇ ਰਹੇ। ਇਸ ਸਬੰਧ ਵਿਚ ਬਨਾਰਸ ਵਿਖੇ 19 ਜੂਨ 1994 ਨੂੰ ਬਹੁਤ ਵੱਡਾ ਸਮਾਗਮ ਰੱਖਿਆ ਅਤੇ ਇੰਗਲੈਂਡ, ਅਮਰੀਕਾ ਅਤੇ ਕਨੇਡਾ ਦੀਆਂ ਸੰਗਤਾਂ ਨੂੰ ਬਨਾਰਸ ਪਹੁੰਚਣ ਲਈ ਸੰਦੇਸ਼ ਭੇਜਿਆ। ਤਕਰੀਬਨ 300 ਦੇ ਕਰੀਬ ਵਿਦੇਸ਼ਾਂ ਵਿੱਚੋਂ ਸੰਗਤਾਂ ਆਈਆ ਉਹਨਾਂ ਦਿਨਾਂ ਵਿਚ ਭਾਰਤ ਵਿਚ ਸਖਤ ਗਰਮੀ ਪੈ ਰਹੀ ਸੀ। ਆਪ ਸੰਗਤ ਸਮੇਤ 15 ਜੂਨ 1994 ਨੂੰ ਬਨਾਰਸ ਗਏ।ਅਤੇ 23 ਜੂਨ 1994 ਨੂੰ ਵਾਪਿਸ ਪਰਤੇ। ਆਪ ਜੀ ਨੇ ਗੁਰੂ ਰਵਿਦਾਸ ਮਹਾਰਾਜ ਦੀ ਯਾਦ ਵਿਚ ਬਹੁਤ ਵੱਡਾ ਸਮਾਗਮ ਕੀਤਾ। ਆਪ ਜੀ ਨੇ ਬਨਾਰਸ ਵਿਖੇ ਹੀ ਕਹਿ ਦਿੱਤਾ ਸੀ,ਅਸੀਂ ਹੁਣ ਮੁੜਕੇ ਬਨਾਰਸ ਨਹੀਂ ਆਉਣਾ, ਅਸੀਂ ਹੁਣ ਗੁਰੂ ਸਰਵਣ ਦਾਸ ਜੀ ਦੇ ਬਚਨ ਨੂੰ ਨਿਭਾ ਦਿੱਤਾ ਹੈ।ਇਸ ਦੌਰਾਨ ਆਪ ਜੀ ਨੇ ਵਿਦੇਸ਼ ਯਾਤਰਾ ਦੌਰਾਨ ਵੀ ਮਿਤੀ 9 ਅਕਤੂਬਰ 1993 ਤੋਂ ਲੈ ਕੇ 26 ਨਵੰਬਰ 1993 ਦੌਰਾਨ ਸੰਗਤਾਂ ਨੂੰ ਕਹਿ ਦਿੱਤਾ ਸੀ ਕਿ ਅਸੀਂ ਹੁਣ ਮੁੜ ਕੇ ਇੰਗਲੈਂਡ ਨਹੀਂ ਆਉਣਾ ਸਾਰੀਆ ਸੰਗਤਾਂ ਸੋਚ ਰਹੀਆ ਸਨ ਕਿ ਇੰਨੀ ਗਰਮੀ ਵਿਚ ਮਹਾਰਾਜ ਜੀ ਨੇ ਪ੍ਰੋਗਰਾਮ ਕਿਉਂ ਰੱਖਿਆ ਹੈ। ਪਰ ਆਪ ਜਾਣਦੇ ਸਨ ਕਿ ਆਪ ਜੀ ਨੇ ਆਪਣਾ ਸਰੀਰ ਤਿਆਗ ਕੇ ਸੁਆਮੀ ਸਰਵਣ ਦਾਸ ਜੀ ਮਹਾਰਾਜ ਕੋਲ ਸੱਚਖੰਡ ਵਿਚ ਚਲੇ ਜਾਣਾ ਹੈ।ਆਪ ਜੀ ਦੇ ਸਰੀਰ ਛੱਡਣ ਤੋ ਤਿੰਨ ਦਿਨ ਪਹਿਲਾਂ (ਦਾਸ) ਬਾਵਾ ਅਤੇ ਸ੍ਰੀਮਾਨ ਭਾਗ ਮੱਲ ਭੰਡਾਰੀ ਜੀ ਆਪ ਜੀ ਨੂੰ ਬਾਥਰੂਮ ਤੱਕ ਲੈ ਗਏ ਅਤੇ ਆਪ ਜੀ ਨੇ ਫੁਰਮਾਇਆ ਕਿ ਅਸੀਂ ਹੁਣ ਸੰਸਾਰ ਛੱਡ ਕੇ ਚਲੇ ਜਾਣਾ ਹੈ। ਕੁਝ ਦਿਨ ਪਹਿਲਾਂ ਸ਼ਾਮ ਦੇ ਸਮੇਂ ਸੰਤ ਰਾਮਾ ਨੰਦ ਜੀ ਅਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਆਪ ਪਾਸ ਬੈਠੇ ਸਨ, ਤਾਂ ਆਪ ਜੀ ਨੇ ਫੁਰਮਾਇਆ ਕਿ ਜਿਹੜੀਆਂ ਡਿਊਟੀਆਂ ਮੇਰੀਆਂ ਮਹਾਰਾਜ ਜੀ ਨੇ ਲਗਾਈਆਂ ਸਨ ਉਹ ਅਸਾਂ ਪੂਰੀਆਂ ਕਰ ਦਿੱਤੀਆਂ ਹਨ। 23 ਜੁਲਾਈ 1994 ਨੂੰ ਦੁਪਹਿਰ 2:55 ਮਿੰਟ ਉੱਤੇ ਆਪ ਸੱਚਖੰਡ ਜਾ ਬਿਰਾਜੇ। ਆਪ ਜੀ ਦੇ ਸੱਚਖੰਡ ਬਿਰਾਜਨ ਦੀ ਖਬਰ ਸੁਣ ਕੇ

ਸਾਰੀਆਂ ਸੰਗਤਾਂ ਵਿਚ ਸੋਕ ਦੀ ਲਹਿਰ ਫੈਲ ਗਈ।ਆਪ ਜੀ ਦੇ ਦਰਸ਼ਨ ਕਰਨ ਲਈ ਲੱਖਾਂ ਦੀ ਗਿਣਤੀ ਵਿਚ ਦੇਸ਼ਾਂ ਅਤੇ ਵਿਦੇਸ਼ਾਂ ਤੋਂ ਸੰਗਤਾਂ ਅਤੇ ਮਹਾਂਪੁਰਸ਼ ਆਏ 25 ਜੁਲਾਈ 1994 ਨੂੰ ਆਪ ਜੀ ਦੇ ਪੰਜ ਭੌਤਿਕ ਸਰੀਰ ਦਾ ਡੇਰੇ ਵਿਖੇ ਸੰਸਕਾਰ ਕਰ ਦਿੱਤਾ ਗਿਆ।

***********

# ਰਵਿਦਾਸੀਆ ਕੌਮ ਦੇ ਅਮਰ ਸ਼ਹੀਦ
# ਸ਼੍ਰੀ 108 ਸੰਤ ਰਾਮਾ ਨੰਦ ਜੀ

ਵਸਦੇ-ਰਸਦੇ ਸੰਸਾਰ ਅੰਦਰ ਕੁਝ ਅਜੀਮ ਸਖਸ਼ ਪੈਦਾ ਹੁੰਦੇ ਹਨ,ਜਿਹੜੇ ਆਪਣੇ ਪਰਉਪਕਾਰੀ ਕੰਮਾਂ ਸਦਕਾ ਰਹਿੰਦੀ ਦੁਨੀਆਂ ਤੱਕ ਆਪਣਾ ਨਾਂ ਕਮਾ ਜਾਂਦੇ ਹਨ,ਪਰ ਸੰਤ ਜਨ ਕੁਲ ਮਨੁੱਖਤਾ ਲਈ ਇੱਕ ਚਾਨਣ ਮੁਨਾਰਾ ਹੋ ਜਾਂਦੇ ਹਨ।ਬਾਰਡਰਾਂ ਦੀਆਂ ਸੀਮਤ ਲਕੀਰਾਂ,ਰੰਗਾਂ,ਨਸਲਾਂ ਮਜ਼ਬਾਂ ਦੀਆ ਕੂੜ-ਕਹਾਣੀਆਂ ਉਨ੍ਹਾਂ ਲਈ ਕੋਈ ਅਰਥ ਨਹੀਂ ਰੱਖਦੀਆਂ। ਸੰਤ ਜਨ ਬੋਹੜ ਦੀ ਛਾਂ ਵਾਂਗਰ ਹੁੰਦੇ ਹਨ,ਜਿਹੜੇ ਪਾਪਾਂ ਰੂਪੀ ਗਰਮੀ ਨਾਲ ਤਪਦੀ ਮਨੁੱਖਤਾ ਨੂੰ ਪੱਛਮ ਦੀਆਂ ਠੰਡੀਆਂ-ਠਾਰ ਪੌਣਾਂ ਬਣ ਠਾਰਦੇ ਹਨ।

ਸ਼੍ਰੀ 108 ਸੰਤ ਰਾਮਾਨੰਦ ਜੀ ਦਾ ਜਨਮ 2 ਫਰਵਰੀ 1952 ਨੂੰ ਪਿਤਾ ਸ਼੍ਰੀਮਾਨ ਮਹਿੰਗਾ ਰਾਮ ਜੀ ਦੇ ਗ੍ਰਹਿ ਵਿਖੇ ਮਾਤਾ ਸ਼੍ਰੀਮਤੀ ਜੀਤ ਕੌਰ ਦੀ ਪਵਿੱਤਰ ਕੁਖੋਂ ਹੋਇਆ।ਆਪ ਜੀ ਬਚਪਨ ਤੋਂ ਸਾਧੂ ਸੁਭਾਅ ਰੱਖਦੇ ਸਨ।ਆਪ ਜੀ ਦੀ ਮਨਮੋਹਣੀ ਦਿੱਖ ਗਲੀ-ਮੁਹੱਲੇ ਦੇ ਲੋਕਾਂ ਨੂੰ ਕੀਲ ਕੇ ਰੱਖ ਦਿੰਦੀ ਸੀ।ਬੀ.ਏ. ਤੱਕ ਦੀ ਪੜ੍ਹਾਈ ਆਪ ਨੇ ਦੁਆਬਾ ਕਾਲਜ ਜਲੰਧਰ ਤੋਂ ਕੀਤੀ।ਆਪ ਜਿਸ ਵਕਤ ਪੜ੍ਹਾਈ ਕਰਨ ਜਾਂਦੇ ਸਾਨ ਤਾਂ ਅਕਸਰ ਗੁੰਮ-ਸੁਮ ਰਿਹਾ ਕਰਦੇ ਸਨ।ਆਪ ਬਚਪਨ ਤੋਂ ਹੀ ਸਾਧੂ-ਸੰਗਤ ਦੇ ਮੁਰੀਦ ਸਨ,ਸੋ ਫਿਰ ਰੰਗ ਤਾਂ ਚੜ੍ਹਨਾ ਹੀ ਸੀ,ਜੋ ਪ੍ਰਵਾਨ ਹੋ ਕੇ ਹੱਦੋਂ ਵੱਧ ਚੜ੍ਹਿਆ।ਘਰ ਦੇ ਹੋਰਨਾਂ ਮੈਂਬਰਾਂ ਨੇ ਜ਼ੋਰਦਾਰ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਕਿ ਸੰਤ ਰਾਮਾ ਨੰਦ ਨੂੰ ਸਾਧੂਆਂ ਦੀ ਸੰਗਤ ਤੋਂ ਰੋਕਿਆ ਜਾਵੇ।ਘਰ ਵਿਚ ਅਕਸਰ ਸਾਧੂ-ਸੰਗਤ ਦੀ ਗੱਲਬਾਤ ਹੁੰਦੀ ਰਹਿੰਦੀ।ਸੰਤ ਰਾਮਾ ਨੰਦ ਜੀ ਘਰ ਦੇ ਘਰੇਲੂ ਕੰਮ ਕਰਦੇ ਹੋਏ ਵੀ ਹਰ ਵਕਤ ਪ੍ਰਮਾਤਮਾ ਦਾ ਸਿਮਰਨ ਕਰਦੇ ਰਹਿੰਦੇ।ਅਖੀਰ ਸੰਤ ਰਾਮਾ ਨੰਦ ਜੀ ਨੂੰ ਸ੍ਰੀਮਾਨ 108 ਸੰਤ ਹਰੀ ਦਾਸ ਜੀ ਮਹਾਰਾਜ ਸੱਚਖੰਡ ਬੱਲਾਂ ਵਾਲੇ ਮਹਾਂਪੁਰਸ਼ਾਂ ਦੇ ਚਰਨੀਂ ਲਗਾ ਦਿੱਤਾ ਗਿਆ।ਆਪ ਜੀ ਨੂੰ ਹਰੀ ਦਾਸ ਮਹਾਰਾਜ ਜੀ ਵਲੋਂ ਨਾਮ ਦੀ ਦਾਤ ਬਖਸ਼ਿਸ਼ ਕੀਤੀ ਗਈ।ਸੰਤ ਰਾਮਾਨੰਦ ਜੀ 1973 ਤੋਂ ਬਾਬਾ ਪਿੱਪਲ ਦਾਸ ਜੀ ਮਹਾਰਾਜ ਜੀ ਦੀ ਯਾਦ ਵਿਚ ਪਿੰਡ ਵਿਚ ਬਣੇ ਸੁੰਦਰ ਮੰਦਰ ਵਿਚ ਰਹਿ ਕੇ ਪ੍ਰਭੂ ਸਿਮਰਨ ਕਰਦੇ।ਸੰਤ ਰਾਮਾਨੰਦ ਜੀ ਬ੍ਰਹਮਲੀਨ ਸੰਤ ਹਰੀ ਦਾਸ ਜੀ ਮਹਾਰਾਜ ਦੇ ਸਮੇਂ ਅਤੇ ਸੰਤ ਗਰੀਬ ਦਾਸ ਜੀ ਦੇ ਸਮੇਂ ਦਿਨ ਵੇਲੇ ਡੇਰੇ ਵਿਚ ਰਹਿ ਕੇ ਸੰਗਤਾਂ ਦੀ ਸੇਵਾ ਕਰਦੇ ਅਤੇ ਰੋਜ਼ਾਨਾ ਸ਼ਬਦ ਕੀਰਤਨ ਅਤੇ ਕਥਾ ਕਰਦੇ। ਇੱਥੇ ਵਰਣਨਯੋਗ ਹੈ ਕਿ ਸੰਤ ਰਾਮਾ ਨੰਦ ਜੀ ਨੂੰ ਗਿਆਨ ਸਤਿਗੁਰੂ ਹਰੀ ਦਾਸ ਜੀ ਮਹਾਰਾਜ ਜੀ ਤੋਂ ਪ੍ਰਾਪਤ ਹੋਇਆ ਅਤੇ ਸਤਿਗੁਰੂ ਗਰੀਬ ਦਾਸ ਜੀ ਮਹਾਰਾਜ ਨੇ ਉਨ੍ਹਾਂ ਨੂੰ ਭੇਖ ਧਾਰਨ ਕਰਵਾਇਆ।ਉਨ੍ਹਾਂ ਨਾਲ ਹੀ ਸੰਤ ਰਾਮਾਨੰਦ ਜੀ ਵੱਖ-ਵੱਖ ਦੇਸ਼ਾਂ ਵਿਚ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਦੇ ਪ੍ਰਚਾਰ ਤੇ ਪ੍ਰਸਾਰ ਹਿੱਤ ਜਾਣ ਦਾ ਸੁਭਾਗ ਪ੍ਰਾਪਤ ਹੋਇਆਂ।ਇਸ ਤੋਂ ਬਾਅਦ ਡੇਰਾ ਸੱਚਖੰਡ ਬੱਲਾਂ ਦੇ ਮਹਾਨ ਸੰਤ ਬ੍ਰਹਮਲੀਨ ਸਤਿਗੁਰੂ ਗਰੀਬ ਦਾਸ ਜੀ ਦੀ ਰਹਿਨੁਮਾਈ ਹੇਠ ਵਿਦੇਸ਼ੀ ਸੰਗਤਾਂ ਨੂੰ ਜਗਤਗੁਰੂ ਰਵਿਦਾਸ ਜੀ ਮਹਾਰਾਜ ਦੀ ਵਿਚਾਰਧਾਰਾ ਨਾਲ ਜੋੜਿਆ।ਆਪ ਵਿਦੇਸ਼ੀ ਸੰਗਤਾਂ ਦੀਆਂ ਅੱਖਾਂ ਦੇ ਤਾਰੇ ਸਨ।ਆਪ ਜੀ ਦੀ ਰਸਨਾਂ ਤੋਂ ਬਾਣੀ ਦੇ ਮਿੱਠੇ ਬੋਲ ਸਰਵਣ ਕਰਕੇ ਸੰਗਤਾਂ ਮੰਤਰ-ਮੁਗਧ ਹੋ ਜਾਂਦੀਆਂ ਸਨ। ਆਪ ਇੱਕ ਕੁਸ਼ਲ ਪ੍ਰਸ਼ਾਸ਼ਕ ਸਨ,ਜਿਨ੍ਹਾਂ ਨੇ ਡੇਰੇ ਦੇ ਪ੍ਰਬੰਧ ਨੂੰ ਬਹੁਤ ਹੀ ਸੁਚਾਰੂ ਢੰਗ ਨਾਲ ਚਲਾਇਆ।ਵਿਸ਼ਵ ਵਿਚ

ਸੰਤ ਸੰਮੇਲਨਾਂ ਵਿਚ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਦੇ ਨਾਲ-ਨਾਲ ਆਪ ਡੇਰਾ ਸੱਚਖੰਡ ਬੱਲਾਂ ਵਲੋਂ ਮਾਨਵ ਭਲਾਈ ਲਈ ਚਲਾਏ ਜਾ ਰਹੇ ਵੱਖ-ਵੱਖ ਪ੍ਰੋਜੈਕਟਾਂ ਦੇ ਕਾਰਜਾਂ ਨੂੰ ਚਲਾਉਣ ਲਈ ਵੱਧ-ਚੜ੍ਹ ਕੇ ਭਾਗ ਲੈਂਦੇ ਸਨ।'ਬੇਗਮਪੁਰਾ ਸ਼ਹਿਰ' ਦੇ ਸੰਪਾਦਕ ਵਜੋਂ ਆਪ ਜੀ ਨੇ ਸ਼ਲਾਘਾਯੋਗ ਸੇਵਾਵਾਂ ਨਿਭਾਈਆਂ,ਜਿਸ ਵਾਸਤੇ ਆਪ ਜੀ ਨੂੰ ਭਾਰਤੀ ਦਲਿਤ ਸਾਹਿਤ ਅਕਾਦਮੀ ਵਲੋਂ ਪੁਰਸਕਾਰਿਤ ਕੀਤਾ ਗਿਆ।ਇਹ ਪਹਿਲੀ ਵਾਰ ਸੀ ਕਿ ਆਪ ਜੀ ਨੇ ਯੂ.ਕੇ. ਦੀ ਪਾਰਲੀਮੈਂਟ ਸਦਨ ਵਿਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਬਾਰੇ ਸਪੀਚ ਪੜ੍ਹ ਕੇ ਇੱਕ ਨਵੇਂ ਇਤਿਹਾਸ ਦੀ ਸਿਰਜਣਾ ਕੀਤੀ।ਆਪ ਬਾਣੀ ਦੇ ਮਹਾਨ ਗਿਆਤਾ ਸਨ ਅਤੇ ਬੜੀਆਂ ਹੀ ਸਰਲ ਉਦਾਹਰਣਾਂ ਦਾ ਵਰਣਨ ਕਰਕੇ ਗੁਰਬਾਣੀ ਦੇ ਜਟਿਲ ਅਰਥਾਂ ਦੀ ਵਿਆਖਿਆ ਕਰਨ ਵਿਚ ਮਾਹਿਰ ਸਨ।ਆਪ ਜਦੋਂ ਸੰਗੀਤਮਈ ਕੀਰਤਨ ਕਰਦੇ ਸਨ ਤਾਂ ਪੰਡਾਲ ਵਿਚ ਬੈਠੀ ਸੰਗਤ ਪੂਰੀ ਤਰ੍ਹਾਂ ਕੀਲੀ ਜਾਂਦੀ ਸੀ। ਨਵੀਂ ਪੀੜ੍ਹੀ ਵਿਚ ਸੰਗੀਤ ਪ੍ਰਤੀ ਚੇਟਕ ਪੈਦਾ ਕਰਨ ਲਈ ਆਪ ਜੀ ਨੇ ਨਾ ਸਿਰਫ ਸ੍ਰੀ ਗੁਰੂ ਰਵਿਦਾਸ ਸੰਗੀਤ ਅਕੈਡਮੀ ਖੋਲ੍ਹੀ,ਸਗੋਂ ਆਪ ਜੀ ਦੀ ਪਾਰਖੂ ਨਜ਼ਰ ਨੇ ਅਨੇਕਾਂ ਮਿਸ਼ਨਰੀ ਗਾਇਕਾਂ,ਗੀਤਕਾਰਾਂ ਅਤੇ ਸਾਹਿਤਕਾਰਾਂ ਦੀ ਪਛਾਣ ਕੀਤੀ ਅਤੇ ਉਹਨਾਂ ਨੂੰ ਗੋਲਡ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ।ਆਪ ਜੀ ਦੀ ਰਸਭਿੰਨੀਅਵਾਜ਼ ਵਿਚ ਜਲੰਧਰ ਦੂਰਦਰਸ਼ਨ ਤੋਂ ਅੰਮ੍ਰਿਤਬਾਣੀ ਸ੍ਰੀ ਗੁਰੂ ਰਵਿਦਾਸ ਜੀ ਅਤੇ ਬੇਗਮਪੁਰਾ ਸਹਿਰ ਕੋ ਨਾਉ' ਨਾਂ ਦੇ ਪ੍ਰੋਗਰਾਮ ਵੀ ਦਿਖਾਏ ਜਾ ਰਹੇ ਹਨ। ਸੰਤ ਰਾਮਾਨੰਦ ਜੀ ਇੱਕ ਅਣਥੱਕ ਸਿਰੜੀ ਯੋਧੇ ਸਨ,ਜਿਹੜੇ ਮਿਸ਼ਨਰੀ ਕਾਰਜਾਂ ਨੂੰ ਸੰਪੂਰਨ ਕਰਨ ਲਈ ਦਿਨ-ਰਾਤ ਇੱਕ ਕਰਦੇ ਹੋਏ ਨਾ ਥੱਕਦੇ ਸਨ ਅਤੇ ਨਾ ਹੀ ਅੱਕਦੇ ਸਨ।ਆਪ ਅਕਸਰ ਕਿਹਾ ਕਰਦੇ ਸਨ 'ਜਿਹੜਾ ਸਮਾਂ ਮਹਾਰਾਜ ਜੀ ਦੀ ਸੇਵਾ ਵਿਚ ਲੱਗ ਜਾਵੇ ਉਹੀ ਚੰਗਾ ਹੈ,ਕੀ ਪਤਾ ਫਿਰ ਸਮਾਂ ਮਿਲੇ ਨਾ ਮਿਲੇ।' ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਦੇ ਪ੍ਰਚਾਰ ਤੇ ਪ੍ਰਸਾਰ ਕਰਨ ਗਏ ਕੀਰਤਨ ਦੇ ਧਨੀ ਮਹਾਨ ਵਿਦਵਾਨ,ਨਾਮ ਦੇ ਰਸੀਏ,ਮਹਾਨ ਵੈਦ,ਜਗਤਗੁਰੂ ਰਵਿਦਾਸ ਮਿਸ਼ਨ ਦੇ ਧੁਰੇ,ਸੰਤ ਸਮਾਜ ਦੇ ਅਨਮੋਲ ਹੀਰੇ 108 ਸੰਤ ਰਾਮਾਨੰਦ ਜੀ ਨੂੰ ਮਾਨਵ ਵਿਰੋਧੀਆਂ ਨੇ ਵਿਆਨਾ(ਅਸਟਰੀਆ) ਦੇ ਇੱਕ ਗੁਰੂ ਘਰ ਦੇ ਵਿਚ ਹਮਲਾ ਕਰਕੇ ਗੰਭੀਰ ਰੂਪ ਵਿਚ ਜ਼ਖਮੀ ਕਰ ਦਿੱਤਾ।ਗੋਲੀਆਂ ਲੱਗਣ ਤੋਂ ਬਾਅਦ ਵੀ ਸੰਤ ਰਾਮਾਨੰਦ ਜੀ ਧੰਨ ਧੰਨ ਜਗਤਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ ਨਾਮ ਉਚਾਰਨ ਕਰਦੇ ਰਹੇ,ਜਿਵੇਂ ਕਹਿ ਰਹੇ ਹੋਣ ਕਿ ਉਹ ਅਜੇ ਮਿਸ਼ਨ ਦੇ ਪ੍ਰਚਾਰ ਤੇ ਪ੍ਰਸਾਰ ਲਈ ਬਹੁਤ ਕੁਝ ਕਰਨਾ ਚਾਹੁੰਦੇ ਹਨ।ਪਰ ਭਾਵੀ ਨੂੰ ਇਹ ਮਨਜ਼ੂਰ ਨਾ ਹੋਇਆ ਅਤੇ ਆਪ ਜੀ ਮਿਤੀ 25 ਮਈ ਦੇ ਅੰਮ੍ਰਿਤ ਵੇਲੇ ਰਵਿਦਾਸੀਆ ਕੌਮ ਲਈ ਸ਼ਹਾਦਤ ਦਾ ਜਾਮ ਪੀਂਦੇ ਹੋਏ ਬ੍ਰਹਮਲੀਨ ਹੋ ਗਏ। ਸੰਤ ਰਾਮਾਨੰਦ ਜੀ ਮਹਾਰਾਜ ਆਪਣਾ ਪੂਰਾ ਜੀਵਨ ਸ਼ਹਾਦਤ ਦਾ ਜਾਮ ਪੀਂਦੇ ਹੋਏ ਬ੍ਰਹਮਲੀਨ ਹੋਣ ਤੱਕ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਨੂੰ ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਪਾਵਨ ਉਪਦੇਸ਼ 'ਸਤਿਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ'ਦਿੰਦੇ ਹੋਏ ਵਿਸ਼ਵ ਪੱਧਰ ਤੇ ਇਕੱਠੇ ਹੋਣ ਦਾ ਉਪਦੇਸ਼ ਦੇ ਗਏ।ਸੰਤ ਰਾਮਾਨੰਦ ਜੀ ਦੀ ਸ਼ਹਾਦਤ ਨਾਲ ਰਵਿਦਾਸੀਆ ਧਰਮ ਦੇ ਨਾਮ ਨਾਲ ਵਿਸ਼ਵ ਪੱਧਰ 'ਤੇ ਆਪਣੀ ਵੱਖਰੀ ਪਹਿਚਾਣ ਬਣ ਚੁੱਕੀ ਹੈ,ਜਿਸ ਦਾ ਪ੍ਰਚਾਰ ਅਤੇ ਪ੍ਰਸਾਰ ਪੂਰੇ ਵਿਸ਼ਵ ਵਿੱਚ ਹੋ ਚੁੱਕਾ ਹੈ ਅਤੇ ਅੰਮ੍ਰਿਤਬਾਣੀ ਦੇ ਪ੍ਰਕਾਸ਼ ਹਜ਼ਾਰਾਂ ਦੀ

ਗਿਣਤੀ ਵਿਚ ਪੂਰੇ ਵਿਸ਼ਵ ਵਿੱਚ ਹੋ ਚੁੱਕੇ ਹਨ। ਅੱਜ ਆਪ ਜੀ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ,ਰਵਿਦਾਸੀਆਂ ਸਮਾਜ ਵਿਚ ਧਾਰਮਿਕ ਭਾਵਨਾ ਪੈਦਾ ਕਰਨ,ਦਲਿਤ ਸਮਾਜ ਵਿਚ ਜਨ ਚੇਤਨਾ ਪੈਦਾ ਕਰਕੇ ਗੁਲਾਮੀ ਦੀਆਂ ਜੰਜੀਰਾਂ ਤੋਂ ਮੁਕਤ ਭਾਈਚਾਰਾ ਕਾਇਮ ਕਰਨ ਲਈ ਅਰੋਗੀ ਮਾਨਸਿਕਤਾ ਅਤੇ ਵਿਦਿਆਂ ਭਰਪੂਰ ਸਮਾਜ ਦੀ ਸਿਰਜਣਾ ਕਰਨ ਲਈ ਸੰਤ ਸੁਰਿੰਦਰ ਦਾਸ ਬਾਵਾ ਜੀ ਉਨ੍ਹਾਂ ਦੇ ਨਕਸ਼ੇ ਕਦਮ ਤੇ ਚਲਕੇ ਸੇਵਾਵਾਂ ਨਿਭਾਅ ਰਹੇ ਹਨ। ਕਾਫਿਲਾ ਮੰਜ਼ਿਲ ਵੱਲ ਵੱਧ ਰਿਹਾ ਹੈ ਜਾਰੀ ਰਹੇਗਾ।

***********



# ਆਏ ਕਾਂਸ਼ੀ ਵਿਚ .....

## (ਜਗਤਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾਂ ਵਿੱਚ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਦੇ ਮੁਖਾਰਬਿੰਦ ਤੋਂ ਉਚਾਰੀ ਗਈ ਕਵਿਤਾ)

ਆਏ ਕਾਂਸ਼ੀ ਵਿਚ ਤਾਰਿਆ ਨਾਗਰ ਮੱਲ ਜਿਸ,
ਇਕਦਮ ਮਾਇਆ ਵਾਲੀ ਫਾਂਸੀ ਕਿਨ ਤੋੜੀ ਆ।

ਫਿਰ-ਫਿਰ ਸਾਰੇ ਜੱਗ ਏਕਤਾ ਫੈਲਾਈ ਕਿਸ,
ਡੁੱਬੇ ਜਾਂਦੇ ਭਾਰਤ ਦੀ ਜਿੰਦ ਕਿਨ ਮੋੜੀ ਆ।

ਊਚ-ਨੀਚ, ਰਾਓ ਰੰਕ ਭਾਈ ਹੈ ਨਾ ਭੇਦ ਕੋਈ,
ਜਾਤਪਾਤ ਹਿੰਦ ਵਿਚੋਂ ਅਇ ਕਿਨ ਤੋੜੀ ਆ।

ਦੱਸੋ ਸਤਿਗੁਰੂ ਰਵਿਦਾਸ ਤੋਂ ਬਿਨਾਂ ਚੁੰਹਾਂ ਜੁੱਗਾਂ ਚੋਂ,
ਫੱਟੀ ਹੋਈ ਸ੍ਰਿਸਟੀ ਮਿਲਾਇ ਕਿਨ ਜੋੜੀ ਆ।

**ਸਤਿਗੁਰੂ ਸਰਵਣ ਦਾਸ ਮਹਾਰਾਜ ਜੀ**



# ਧੰਨ ਗੁਰੂ ਸਰਵਣ ਦਾਸ ਜੀ

ਧੰਨ ਗੁਰੂ ਸਰਵਣ ਦਾਸ ਜੀ,ਪਿੰਡ ਬੱਲਾਂ ਸੱਚ ਖੰਡ ਬਣਾ ਤਾ,
ਜਗਤ ਗੁਰੂ ਰਵਿਦਾਸ ਦਾ,ਸਾਰੇ ਜਗ ਵਿਚ ਮਿਸ਼ਨ ਫੈਲਾ ਤਾ।

ਗਿੱਲਪੱਤੀ ਬਾਬਾ ਪਿੱਪਲ ਦਾਸ ਜੀ ਮਾਤਾ ਸੋਭਾਵੰਤੀ ਘਰ ਜਾਏ ਨੇ,
ਧਰਤੀ ਬੱਲਾਂ ਦੀ ਤਪ ਕਰਕੇ ਭਾਗ ਸੁੱਤੀ ਹੋਈ ਕੌਮ ਦੇ ਜਗਾਏ ਨੇ,
ਨਸ਼ਿਆ ਦਾ ਕਰਕੇ ਤਿਆਗ ਜੀ,ਪੜ੍ਹੋ ਵਿਦਿਆ ਇਹ ਪਾਠ ਪੜ੍ਹਾਤਾ,
ਜਗਤ ਗੁਰੂ ਰਵਿਦਾਸ ਦਾ,ਸਾਰੇ ਜਗ ਵਿਚ ਮਿਸ਼ਨ ਫੈਲਾ ਤਾ।

ਡੇਰੇ ਨੂੰ ਲਿਖਾ ਕੇ ਰਵਿਦਾਸੀਆ ਸੰਨ 64 ਵਿਚ ਸ਼ਾਨ ਵਧਾਈ ਜੀ,
ਦਿੱਬ-ਦ੍ਰਿਸ਼ਟੀ ਨਾਲ ਖੋਜ ਕਰਕੇ,ਕਾਂਸ਼ੀ ਮੰਦਰ ਦੀ ਨੀਂਹ ਰਖਵਾਈ ਜੀ,
ਵਰਲਡ ਲੈਵਲ ਤੇ ਕੱਠੇ ਹੋਣ ਦਾ ਸਭ ਸੰਗਤਾਂ ਨੂੰ ਰਸਤਾ ਦਿਖਾ ਤਾ,
ਜਗਤ ਗੁਰੂ ਰਵਿਦਾਸ ਦਾ,ਸਾਰੇ ਜਗ ਵਿਚ ਮਿਸ਼ਨ ਫੈਲਾ ਤਾ।

ਕੌਮ ਦੀ ਤਰੱਕੀ ਭਲਾ ਸਭ ਦਾ,ਹਰ ਵੇਲੇ ਅਰਦਾਸ ਕਰਦੇ,
ਸਭ ਸੰਗਤਾਂ ਦੀਆਂ ਝੋਲੀਆਂ,ਹਰਿ ਜੀ ਨਾਮ ਨਾਲ ਭਰਦੇ,
ਗੁਰੂ ਜੀ ਦੀ ਅੰਮ੍ਰਿਤਬਾਣੀ ਨੇ,ਸਮਾਜ ਬੰਧਨਾ ਤੋ ਮੁਕਤ ਕਰਾ ਤਾ,
ਜਗਤ ਗੁਰੂ ਰਵਿਦਾਸ ਦਾ,ਸਾਰੇ ਜਗ ਵਿਚ ਮਿਸ਼ਨ ਫੈਲਾ ਤਾ।

ਸੰਤ ਹਰੀ ਦਾਸ ਗਰੀਬ ਦਾਸ ਜੀ ਮਿਸ਼ਨ ਵਧਾਇਆ ਏ,
ਰਾਮਾਨੰਦ ਦਿੱਤੀਆ ਸ਼ਹਾਦਤਾਂ ਅਮਰ ਸ਼ਹੀਦ ਕਹਾਇਆ ਏ,
ਬਾਵੇ ਫਿਰ ਸੰਤ ਸਮਾਜ ਨੇ ਨਵਾਂ ਧਰਮ ਰਵਿਦਾਸੀਆ ਸਜਾ ਤਾ,
ਜਗਤ ਗੁਰੂ ਰਵਿਦਾਸ ਦਾ,ਸਾਰੇ ਜਗ ਵਿਚ ਮਿਸ਼ਨ ਫੈਲਾ ਤਾ।

:-ਸੰਤ ਸੁਰਿੰਦਰ ਦਾਸ ਬਾਵਾ

***********



# ਸਤਿਗੁਰੂ ਸਰਵਣ ਦਾਸ ਜੀ

ਸਾਰੀਆਂ ਸੰਗਤਾਂ ਨੂੰ ਜਗਤਗੁਰੂ ਰਵਿਦਾਸ ਜੀ ਦੇ ਚਰਨੀ ਲਗਾਇਆ ਏ,
ਸਤਿਗੁਰੂ ਸਰਵਣ ਦਾਸ ਜੀ ਨੇ ਹਰਿ ਹਰਿ ਦਾ ਨਾਮ ਜਪਾਇਆ ਏ।

ਪਿਤਾ ਪਿੱਪਲ ਦਾਸ ਜੀ ਮਾਤਾ ਸ਼ੋਭਾਵੰਤੀ ਜੀ ਦੇ ਘਰ ਅਗਮਾਨ ਹੋਇਆ,
ਨਗਰ ਗਿੱਲ ਪੱਤੀ ਬਠਿੰਡਾ ਵਿਖੇ ਸਤਿਗੁਰੂ ਦਾ ਚਾਨਣ ਹੋਇਆ,
ਸਤਿਗੁਰੂ ਜੀ ਨੇ ਸੰਗਤਾਂ ਨੂੰ ਸੱਚ ਦਾ ਰਾਹ ਦਿਖਾਇਆ ਏ,
ਸਤਿਗੁਰੂ ਸਰਵਣ ਦਾਸ ਜੀ ਨੇ ਹਰਿ ਹਰਿ ਦਾ ਨਾਮ ਜਪਾਇਆ ਏ।

ਬੱਲਾਂ ਦੀ ਪਾਵਨ ਧਰਤੀ ਤੇ ਸਤਿਗੁਰੂ ਨੇ ਤੱਪ ਕੀਤਾ,
ਇਸ ਨਗਰ ਦੀ ਸ਼ੋਭਾ ਨੂੰ ਸੰਸਾਰ ਵਿੱਚ ਪ੍ਰਗਟ ਕੀਤਾ,
ਤਾਇਓ ਤਾ ਅੱਜ ਰਹਿਬਰਾਂ ਦਾ ਨਾਮ ਜੱਗ ਚ ਰੁਸ਼ਨਾਇਆ ਏ ,
ਸਤਿਗੁਰੂ ਸਰਵਣ ਦਾਸ ਜੀ ਨੇ ਹਰਿ ਹਰਿ ਦਾ ਨਾਮ ਜਪਾਇਆ ਏ।

ਦਿਬ ਦ੍ਰਿਸ਼ਟੀ ਰਾਹੀ ਸ੍ਰੀ ਗੁਰੂ ਰਵਿਦਾਸ ਮੰਦਰ ਦੀ ਖੋਜ ਕਰਵਾਈ ,
ਸੰਤ ਹਰੀ ਦਾਸ ਜੀ ਪਾਸੋ ਹਾੜ ਦੀ ਸੰਗਰਾਂਦ ਨੂੰ ਨੀਹ ਰਖਵਾਈ.,
ਸੰਤ ਗਰੀਬ ਦਾਸ ਜੀ ਤੋ ਇਸ ਕੰਮ ਸੰਪੂਰਨ ਕਰਾਇਆ ਏ ,
ਸਤਿਗੁਰੂ ਸਰਵਣ ਦਾਸ ਜੀ ਨੇ ਹਰਿ ਹਰਿ ਦਾ ਨਾਮ ਜਪਾਇਆ ਏ।

ਇਸ ਤੀਰਥ ਅਸਥਾਨ ਤੋਂ ਰਵਿਦਾਸੀਆ ਧਰਮ ਦਾ ਐਲਾਨ ਹੋਇਆ ਏ ,
ਰਵਿਦਾਸੀਆ ਕੌਮ ਨੂੰ ਸਾਰੇ ਸੰਸਾਰ ਵਿੱਚ ਰੁਤਬਾ ਪ੍ਰਪਤ ਹੋਇਆ ਏ ,
ਤਾਹੀਓ ਅੰਮ੍ਰਿਤਬਾਣੀ ਨੂੰ ਸਾਰੇ ਜੱਗ ਨੇ ਮਨ ਵਿੱਚ ਵਸਾਇਆ ਏ ,
ਸਤਿਗੁਰੂ ਸਰਵਣ ਦਾਸ ਜੀ ਨੇ ਹਰਿ ਹਰਿ ਦਾ ਨਾਮ ਜਪਾਇਆ ਏ।

:-ਸੰਤ ਸੁਰਿੰਦਰ ਦਾਸ ਬਾਵਾ

***********

# ਸਾਖੀ 407
# ਚਿਰੰਜੀ ਲਾਲ ਦਾ ਵਿਦੇਸ਼ੀ ਜੇਲ ਵਿੱਚੋ ਰਿਹਾ ਹੋਣਾ

ਸ੍ਰੀ ਮਾਨ ਪ੍ਰਕਾਸ਼ ਵਿਰਦੀ ਅਤੇ ਉਹਨਾਂ ਦੀ ਧਰਮ ਪਤਨੀ ਬੀਬੀ ਨਸੀਬ ਕੌਰ ਵਾਸੀ ਸੁੱਚੀ ਪਿੰਡ ਕੁਟੀਆ ਸੰਤ ਸਰਵਣ ਦਾਸ ਜੀ ਬੱਲਾਂ ਦੇ ਅਨਿਨ ਸ਼ਰਧਾਲੂ ਸਨ ਅਤੇ ਅਕਸਰ ਆਪਣੇ ਬੱਚਿਆਂ ਸਮੇਤ ਐਤਵਾਰ ਨੂੰ ਜਾਂ ਸੰਗਰਾਂਦ ਦੇ ਦਿਹਾੜੇ ’ਤੇ ਡੇਰਾ ਸੱਚ ਖੰਡ ਬੱਲਾਂ ਵਿੱਚ ਨਤਮਸਤਕ ਹੋਣ ਲਈ ਆਇਆ ਕਰਦੇ ਸਨ। ਸਾਰਾ ਪਰਿਵਾਰ ਹਰ ਖੁਸ਼ੀ-ਗਮੀ ਦਾ ਕੰਮ ਡੇਰੇ ਵਿੱਚੋਂ ਆਗਿਆ ਲੈ ਕੇ ਹੀ ਕਰਦੇ ਸਨ। ਸੰਤਾਂ ਵਲੋਂ ਹੋਇਆ ਹਰ ਹੁਕਮ ਖਿੜੇ ਮੱਥੇ ਪ੍ਰਵਾਨ ਕਰਦੇ ਸਨ। ਉਨ੍ਹਾਂ ਦੇ ਸਪੁੱਤਰ ਸ਼੍ਰੀ ਚਿਰੰਜੀ ਲਾਲ 1986 ਵਿੱਚ ਸਿੰਘਾਪੁਰ ਵਿਖੇ ਗਏ, ਜਿਥੇ ਓਵਰ -ਸਟੇਅ ਹੋਣ ਨਾਲ ਜੇਲ੍ਹ ਜਾਣਾ ਪਿਆ।

ਚਿਰੰਜੀ ਲਾਲ ਨੇ 1981 ਵਿੱਚ ਸੰਤ ਹਰੀਦਾਸ ਜੀ ਪਾਸੋਂ ਨਾਮ ਦਾਨ ਦੀ ਦਾਤ ਪ੍ਰਾਪਤ ਕੀਤੀ ਸੀ ਅਤੇ ਹਰ ਵਕਤ ਉਨ੍ਹਾਂ ਦਾ ਨਾਮ ਜੱਪਦੇ ਸਨ। ਜੇਲ੍ਹ ਵਿੱਚ ਦੂਸਰੇ ਕੈਦੀ ਜੋ ਕਈ ਸਾਲਾਂ ਦੇ ਜੇਲ ਵਿੱਚ ਨਜ਼ਰਬੰਦ ਸਨ, ਚਿਰੰਜੀ ਲਾਲ ਨੂੰ ਛੇੜਨ ਅਤੇ ਤਾਹਨੇ ਮਾਰਨ ਲੱਗ ਪਏ ਕਿ ਤੂੰ ਏਨਾ ਸਿਮਰਨ ਕਰਦਾ ਹੈ ਤੈਨੂੰ ਗੁਰੂ ਬਚਾਉਂਦੇ ਕਿਉ ਨਹੀਂ ਉਨ੍ਹਾਂ ਦੇ ਇਹ ਬੋਲ ਚਿਰੰਜੀ ਲਾਲ ਨੂੰ ਅੰਦਰੋ ਅੰਦਰ ਸਤਾਉਣ ਲੱਗ ਪਏ ਅਤੇ ਉਦਾਸ ਹੋ ਗਿਆ। ਅਚਾਨਕ ਇਕ ਰਾਤ ਤਤਕਾਲੀਨ ਗੱਦੀ ਨਸ਼ੀਨ 108 ਸੰਤ ਗਰੀਬ ਦਾਸ ਜੀ ਨੇ ਸਾਖਸ਼ਾਤ ਦਰਸ਼ਨ ਦਿੱਤੇ ਅਤੇ ਕਿਹਾ 'ਚਿਰੰਜੀ ਲਾਲ ਤੂੰ ਡੋਲਦਾ ਕਿਓ ਹੈ?' ਤੂੰ ਜਲਦੀ ਰਿਹਾਅ ਹੋ ਜਾਵੇਗਾ।

ਦੂਸਰੇ ਦਿਨ ਹੀ ਇੱਕ ਵਿਅਕਤੀ ਨੇ ਆ ਕੇ ਮੈਨੂੰ ਦੱਸਿਆ ਕਿ ਤੇਰੀ ਪੜਤਾਲ ਹੋ ਗਈ ਹੈ ਅਤੇ ਤੂੰ ਜਲਦੀ ਘਰ ਜਾ ਰਿਹਾ ਹੈ। ਕੁਝ ਹੀ ਦਿਨਾਂ ਵਿੱਚ ਚਿਰੰਜੀ ਲਾਲ ਬਾ-ਇੱਜਤ ਘਰ ਵਾਪਿਸ ਆ ਗਿਆ

ਸਾਰਾ ਪਰਿਵਾਰ ਖੁਸ਼ੀ-ਖੁਸ਼ੀ ਡੇਰੇ ਵਿੱਚ ਸ਼ੁਕਰਾਨੇ ਦੀ ਅਰਦਾਸ ਕਰਨ ਪਹੁੰਚਿਆ। ਸਮਰੱਥ ਗੁਰੂ ਆਪਣੇ ਸੇਵਕਾਂ ਦੀ ਆਪ ਰੱਖਿਆ ਕਰਦੇ ਹਨ। ਇਥੇ ਹੀ ਬਸ ਨਹੀਂ ਮਹਾਰਾਜ ਜੀ ਦੀ ਅਪਾਰ ਕ੍ਰਿਪਾ ਬਖਸ਼ਿਸ਼ ਸਦਕਾ ਰਿਹਾਈ ਤੋਂ ਦੂਸਰੇ ਹੀ ਦਿਨ ਘਰ ਪਰਤਿਆਂ ਉਸਨੂੰ ਪੁੱਤਰ ਦੀ ਦਾਤ ਵੀ ਪ੍ਰਾਪਤ ਹੋਈ।

***********

## ਸਾਖੀ 408

# ਸਤਿਗੁਰੂ ਦੀ ਕ੍ਰਿਪਾ ਸਦਕਾ ਬਿਆਸ ਪਿੰਡ ਗੁਰੂਘਰ ਉਸਾਰਨੇ

ਬਿਆਸ ਪਿੰਡ ਦੇ ਬਜੁਰਗ ਭਲੇ ਪੁਰਖ ਸ਼੍ਰੀ ਮੱਲੂ ਰਾਮ, ਸ਼੍ਰੀ ਅਤਰਾ ਰਾਮ, ਸ਼੍ਰੀ ਭੁੱਲਾ ਰਾਮ ਤੇ ਸ਼੍ਰੀ ਪਾਲਾ ਰਾਮ ਜੀ ਕੱਚੇ ਚਮੜੇ ਦਾ ਕੰਮ ਕਰਦੇ ਸਨ। ਇਨ੍ਹਾਂ ਨੇ ਬਿਆਸ ਪਿੰਡ ਵਿੱਚ ਹੀ ਚਮੜਾ ਰੰਗਣ ਦਾ ਕਾਰਖਾਨਾ ਲਾ ਲਿਆ, ਜਿਨ੍ਹਾਂ ਨੂੰ 'ਕੁੰਨਾਂ' ਕਿਹਾ ਜਾਂਦਾ ਹੈ।

ਸ਼੍ਰੀ ਮੱਲੂ ਰਾਮ ਜੀ ਨੇ ਨਾਮ ਦੀ ਦਾਤ ਸਤਿਕਾਰਯੋਗ ਸ਼੍ਰੀ 108 ਸੰਤ ਪ੍ਰੇਮ ਦਾਸ ਜੀ ਮਹਾਰਾਜ ਜੀ (ਤਤਕਾਲੀਨ ਗੱਦੀ ਨਸ਼ੀਨ)ਸ਼੍ਰੀ 108 ਸੰਤ  ਸ਼ੀਤਲ ਦਾਸ ਜੀ, ਡੇਰਾ ਬੋਹਣ ਪੱਟੀ ਤੋਂ ਪ੍ਰਾਪਤ ਕੀਤੀ । ਸ਼੍ਰੀ ਆਤਰਾ ਰਾਮ, ਸ਼੍ਰੀ ਭੁੱਲਾ ਰਾਮ, ਸ਼੍ਰੀ ਪਾਲਾ ਰਾਮ, ਸ਼੍ਰੀ ਦਾਸ ਰਾਮ ਜੀ ਡੇਰਾ ਸੱਚ ਖੰਡ ਬੱਲਾਂ ਦੇ ਉਪਾਸਕ ਸਨ। ਇਹਨਾਂ ਨੇ ਨਾਮ ਦੀ ਦਾਤ ਮਾਨਵਤਾ ਦੇ ਮਸੀਹਾ 108 ਸਤਿਗੁਰੂ ਸਰਵਣ ਦਾਸ ਜੀ ਬੱਲਾਂ ਪਾਸੋਂ ਪਿੰਡ ਵਿਚਲੇ ਪ੍ਰਾਚੀਨ ਡੇਰੇ ਵਿੱਚੋਂ ਪ੍ਰਾਪਤ ਕੀਤੀ। ਇਹਨਾਂ ਸਾਰੇ ਬਜੁਰਗਾਂ ਨੇ ਪਿੰਡ ਵਿੱਚ ਸਤਿਸੰਗ ਦਾ ਆਯੋਜਨ ਕਰਨਾ ਚਾਹਿਆ, ਸ਼੍ਰੀ ਪ੍ਰੇਮ ਦਾਸ ਜੀ ਨੂੰ ਬੇਨਤੀ ਕੀਤੀ ਅਤੇ ਉਹਨਾਂ ਦੀ ਪ੍ਰੇਰਣਾ ਤੇ ਸ਼੍ਰੀ 108 ਸੰਤ ਸਰਵਣ ਦਾਸ ਜੀ ਪਾਸੋਂ ਆਗਿਆ ਲੈ ਕੇ ਦਿਨ ਮੁਕੱਰਰ ਕੀਤਾ ਗਿਆ ਅਤੇ 25 ਹਾੜ੍ਹ ਦਿਨ ਬੁੱਧਵਾਰ ਰੱਖਿਆ ਗਿਆ। ਇਕ ਦਿਨ ਪਹਿਲਾਂ ਦੋ ਚਾਨਣੀਆਂ ਕਨਾਤਾਂ ਲਾ ਦਿੱਤੀਆ ਗਈਅ।

ਡੇਰਾ ਬੱਲਾਂ ਤੋਂ ਸ਼੍ਰੀ 108 ਸੰਤ ਹਰੀਦਾਸ ਜੀ ਦੀ ਦੇਖ-ਰੇਖ ਹੇਠ ਸ਼ਾਮ ਦੇ ਵਕਤ ਸਤਿਸੰਗ ਉਪਰੰਤ ਪ੍ਰਸ਼ਾਦਿ ਵਰਤਾਏ ਗਏ।

ਸਤਿਸੰਗ ਵਾਲੇ ਦਿਨ ਮਹਾਂਪੁਰਸ਼ਾ ਨੇ ਸ਼ਿਕਰੱਤ ਕੀਤੀ ਆਪਣੇ ਅਨਮੋਲ ਵਚਨ ਸੰਗਤਾਂ ਨੂੰ ਸੁਣਾਏ ਅਤੇ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਤੇ ਚੱਲਣ ਦੀ ਪ੍ਰੇਰਣਾ ਬਖਸ਼ਿਸ਼ ਕੀਤੀ ਅਤੇ ਆਏ ਹੋਏ ਮਹਾਂਪੁਰਸ਼ਾ ਨੂੰ ਸਿਰੋਪੇ ਭੇਂਟ ਕੀਤੇ ਗਏ ਅਤੇ ਅਤੁੱਟ ਲੰਗਰ ਵਰਤੇ।

ਪਿੰਡ ਦੇ ਸਭ ਬਜੁਰਗਾਂ ਨੇ ਮਿਲ ਕੇ ਸੰਤਾਂ ਨੂੰ ਬੇਨਤੀ ਕੀਤੀ ਕਿ ਸਾਡੇ ਪਿੰਡ ਸ਼੍ਰੀ ਗੁਰੂ ਰਵਿਦਾਸ ਮੰਦਰ ਨਹੀਂ ਹੈ। ਸੰਤਾਂ ਨੇ ਕਿਹਾ ਕਿ ਤੁਹਾਨੂੰ ਥਾਂ ਮਿਲ ਜਾਵੇਗੀ, ਮਿਹਨਤ ਕਰਨੀ ਪਵੇਗੀ। ਦੋ ਮਹੀਨੇ ਬਾਅਦ ਪੰਚਾਇਤੀ ਵੋਟਾ ਆ ਗਈਆਂ। ਪਿੰਡ ਦੇ ਜਿਮੀਂਦਾਰ ਇਕੱਠੇ ਹੋ ਕੇ ਸਰਪੰਚੀ ਲਈ ਵੋਟ ਮੰਗਣ ਆਏ। ਬਜੁਰਗਾਂ ਨੇ ਮੰਗ ਕੀਤੀ ਕਿ ਸਾਨੂੰ ਮੰਦਰ ਵਾਸਤੇ ਥਾਂ ਦਿਓ ਅਸੀਂ ਵੋਟਾਂ ਤੁਹਾਨੂੰ ਪਾਵਾਂਗੇ। ਸਾਰਿਆਂ ਨੇ ਮਿਲ ਕੇ ਸ. ਨਸੀਬ ਸਿੰਘ ਸਰਪੰਚ ਨੂੰ ਦੁਬਾਰਾ ਸਰਪੰਚ ਚੁਣ ਲਿਆ। ਸਭ ਤੋਂ ਪਹਿਲਾਂ ਮਤਾ ਪਾ ਕੇ ਛੱਪੜ ਵਾਲੀ ਜਗ੍ਹਾਂ ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਮੰਦਰ ਵਾਸਤੇ ਦਿਤੀ ਗਈ। ਇਸ ਛੱਪੜ ਵਿੱਚ ਪੱਤੀ ਉੱਪਲ ਤੇ ਉਧੋਪੁਰ ਪੱਤੀ ਦਾ ਪਾਣੀ ਪੈਂਦਾ ਸੀ। ਸਰਪੰਚ ਨੇ ਛੱਪੜ ਪੂਰਨ ਅਤੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਉਕਤ ਬਜੁਰਗਾਂ ਨੇ ਸ਼੍ਰੀ 108 ਸੰਤ ਸਰਵਣ ਦਾਸ ਜੀ ਦੇ ਚਰਨਾਂ ਵਿੱਚ ਆਰਿੰਭਕਾ ਦੀ ਅਰਦਾਸ ਲਈ ਪ੍ਰਾਥਨਾ ਕੀਤੀ। ਸ਼੍ਰੀ 108 ਸੰਤ ਸਰਵਣ ਦਾਸ ਜੀ ਨੇ ਆਪਣੇ ਕਰ ਕਮਲਾਂ ਨਾਲ ਅਰਦਾਸ ਕੀਤੀ ਅਤੇ ਚਾਰ ਕੀਲੇ ਗੱਡ ਦਿੱਤੇ। ਗੁੜ ਵੰਡਿਆ ਗਿਆ।

ਸ਼੍ਰੀ 108 ਸੰਤ ਸਰਵਣ ਦਾਸ ਜੀ ਦੇ ਬੋਲ ਪੂਰੇ ਹੋਏ। ਜਗਤਗੁਰੂ ਰਵਿਦਾਸ ਮਹਾਰਾਜ ਜੀ ਦੇ ਮੰਦਰ ਦੀ ਉਸਾਰੀ ਹੋਈ । ਸ਼੍ਰੀ 108 ਸੰਤ ਸਰਵਣ ਦਾਸ ਜੀ ਦਾ ਇਥੋਂ ਦੀ ਸੰਗਤ ਨਾਲ ਬਹੁਤ ਪਿਆਰ ਸੀ। ਅਮਰ ਸ਼ਹੀਦ ਸੰਤ ਰਾਮਾਨੰਦ ਜੀ ਦੀ ਸ਼ਹਾਦਤ ਤੋਂ ਬਾਅਦ ਡਰ ਦੇ ਮਾਹੌਲ ਵਿੱਚ ਸੰਗਤਾਂ ਅੰਮ੍ਰਿਤਬਾਣੀ ਦਾ ਪ੍ਰਕਾਸ਼ ਕਰਨ ਤੋਂ ਡਰਦੀਆਂ ਸਨ,ਕਿ ਕਿਧਰੇ ਕੋਈ ਤਨਾਅ ਨਾ ਪੈਦਾ ਹੋ ਜਾਵੇ। ਅਜਿਹੇ ਹਲਾਤਾਂ ਵਿੱਚ ਸੇਠ ਲਛਮਨ ਦਾਸ ਜੀ ਮਢਾਰ ਨੇ ਆਪਣੇ ਪਲਾਟ ਵਿੱਚ ਸ਼੍ਰੀ ਗੁਰੂ ਰਵਿਦਾਸ ਅੰਮ੍ਰਿਤਬਾਣੀ ਭਵਨ ਬਣਾ ਕੇ ਉਸ ਵਿੱਚ ਪਾਵਨ ਗ੍ਰੰਥ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ

ਸੁਸ਼ੋਭਿਤ ਕਰਕੇ ਇਸ ਦਰਬਾਰ ਦੇ ਮਹੂਰਤ ਸ਼੍ਰੀ 108 ਸੰਤ ਨਿਰੰਜਣ ਦਾਸ ਜੀ, ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ ਪਾਸੋਂ ਕਰਵਾ ਕੇ ਅੰਮ੍ਰਿਤਬਾਣੀ ਦਰਬਾਰ ਦੇ ਸੇਵਾਦਾਰ ਪ੍ਰਬੰਧਕਾਂ ਦੇ ਹਵਾਲੇ ਕੀਤਾ। ਇਹ ਸਭ ਸਤਿਗੁਰੂ ਸਰਵਣ ਦਾਸ ਜੀ ਦੀ ਕ੍ਰਿਪਾ ਹੈ ਜੋ ਆਪਣੇ ਸੇਵਕਾਂ 'ਤੇ ਦਿਆਲ ਹੋ ਕੇ ਕ੍ਰਿਪਾ ਕਰਕੇ ਅਜਿਹੀਆਂ ਪਾਵਨ ਸੇਵਾਵਾਂ ਕਰਵਾ ਲੈਂਦੇ ਹਨ। ਸੇਠ ਲਛਮਣ ਦਾਸ ਜੀ 'ਤੇ ਸਮੁੱਚੇ ਪਰਿਵਾਰ ਨੇ ਜੀਵਨ ਸਫਲਾ ਕਰ ਲਿਆ ਹੈ।

***********

## ਸਾਖੀ 409

## ਸੂਬੇਦਾਰ ਬ੍ਰਹਮ ਸਿੰਘ ਜੀ ਦੀ ਸਤਿਗੁਰੂ ਨੂੰ ਸ਼ਰਧਾਂਜਲੀ

ਸੂਬੇਦਾਰ ਬ੍ਰਹਮ ਸਿੰਘ ਪਰਿਵਾਰ ਸਮੇਤ ਅਬਾਦਪੁਰਾ ਵਿੱਚ ਰਹਿ ਰਿਹਾ ਸੀ । ਉਹਨਾਂ ਦੀ ਫੌਜ ਦੀ ਪਲਟਨ ਬਾਘਾ ਸਰਹੱਦ ਤੇ ਲੱਗੀ ਹੋਈ ਸੀ। ਸੰਨ 1971 ਵਿੱਚ ਭਾਰਤ-ਪਾਕਿ ਜੰਗ ਦੀਆਂ ਤਿਆਰੀਆਂ ਚਲ ਰਹੀਆਂ ਸੀ। ਸੂਬੇਦਾਰ ਬ੍ਰਹਮ ਸਿੰਘ ਨੇ ਫੌਜੀ ਕੈਂਪ ਵਿੱਚ ਬੈਠ ਕੇ ਅਰਦਾਸ ਕੀਤੀ ਹੇ ਸੱਚੇ ਸਤਿਗੁਰੂ ਸਰਵਣ ਦਾਸ ਜੀ ਦੋਹਾਂ ਮੁਲਕਾਂ ਵਿੱਚ ਜੰਗ ਚਲ ਰਹੀ ਹੈ, ਆਪ ਜੀ ਸਹਾਈ ਹੋਵੋ ।

ਉਸ ਵਕਤ ਹੀ ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਨੇ ਸੇਵਾਦਾਰ ਰਾਮ ਮੂਰਤੀ ਨੂੰ ਕਹਿ ਕੇ ਜੀਪ ਬਾਹਰ ਕਢਵਾਈ। ਉਸ ਵਿੱਚ ਪੱਗਾਂ, ਕੰਬਲ, ਲੱਡੂਆਂ ਦੇ ਡੱਬੇ, ਫਲ ਲੈ ਕੇ ਬਾਘਾ ਸਰਹੱਦ ਨੂੰ ਚੱਲ ਪਏ। ਸਰਹੱਦ ਪਹੁੰਚਣ ਤੇ ਬ੍ਰਹਮ ਸਿੰਘ ਸਤਿਗੁਰੂ ਸਰਵਣ ਦਾਸ ਜੀ ਦੀ ਜੀਪ ਨੂੰ ਆਪਣੇ ਕੈਂਪ ਵਿੱਚ ਲੈ ਗਏ। ਸਤਿਗੁਰੂ ਸਰਵਣ ਦਾਸ ਜੀ ਨੇ ਫੌਜੀਆਂ ਨੂੰ ਪੱਗਾਂ ਅਤੇ ਕੰਬਲ ਵੰਡੇ ਅਤੇ ਸਭ ਨੂੰ ਪ੍ਰਸ਼ਾਦਿ ਵੰਡਿਆ। ਆਪ ਜੀ ਨੇ ਅਰਦਾਸ ਕੀਤੀ ਅਤੇ ਕਿਹਾ ਕਿ ਜੰਗ ਖਤਮ ਹੋ ਜਾਵੇਗੀ ਅਤੇ ਜਿੱਤ ਵੀ ਤੁਹਾਡੀ ਹੋਵੇਗੀ। ਫੌਜੀਆਂ ਨੇ ਕਿਹਾ ਇਹ ਪਹਿਲਾਂ ਗੁਰੂ ਹੈ ਜੋ ਆਪਣੇ ਸੇਵਕ ਦੀ ਅਰਦਾਸ ਤੇ ਸਰਹੱਦ 'ਤੇ ਪਹੁੰਚ ਕੇ ਆਸ਼ੀਰਵਾਦ ਦਿੰਦਾ ਹੈ। ਫੌਜੀਆਂ ਦੇ ਹੌਸਲੇ ਬੁਲੰਦ ਹੋ ਗਏ।

ਰੂਸ ਦੀ ਵਿਚੋਲਗੀ ਨਾਲ ਇਹ ਜੰਗ ਖਤਮ ਹੋ ਗਈ। ਕੁਝ ਸਮਾਂ ਪਾ ਕੇ 11ਜੂਨ1972 ਵਿੱਚ ਸਤਿਗੁਰੂ ਸਰਵਣ ਦਾਸ ਜੀ ਬ੍ਰਹਮਲੀਨ ਹੋ ਗਏ। ਸਤਿਗੁਰੂ ਸਰਵਣ ਦਾਸ ਜੀ ਦੇ ਅੰਤਿਮ ਦਰਸ਼ਨਾਂ ਲਈ ਦੇਸ਼ ਵਿਦੇਸ਼ ਤੋਂ ਸੰਗਤ ਪੁੱਜੀਆਂ ਇਹ ਸਾਖੀ ਸੂਬੇਦਾਰ ਬ੍ਰਹਮ ਸਿੰਘ ਨੇ ਅੰਤਿਮ ਵਿਦਾਈ 'ਚ ਕਹੇ ਅਤੇ ਬਾਅਦ ਵਿੱਚ ਭੁੱਬਾਂ ਮਾਰ ਕੇ ਰੋ ਪਿਆ ।

***********

## ਸਾਖੀ 410

# ਸਮਰੱਥ ਗੁਰੂ ਸਨ ਸੁਆਮੀ ਸਰਵਣ ਦਾਸ ਜੀ

ਸ਼੍ਰੀ ਮਾਨਾ ਰਾਮ ਜੀ ਬਿਆਸ ਪਿੰਡ ਵਾਲੇ ਸੁਆਮੀ ਸਰਵਣ ਦਾਸ ਜੀ ਦੀ ਆਗਿਆ ਲੈ ਕੇ ਆਪਣੇ ਸਹੁਰੇ ਪਿੰਡ ਟਾਂਡਾ ਉੜਮੁੜ ਵਿਖੇ ਕੱਚਾ ਚਮੜਾ ਖ੍ਰੀਦਣ ਵੇਚਣ ਦਾ ਵਿਉਪਾਰ ਕਰਨ ਲੱਗ ਪਏ। ਆਪ ਬੜੇ ਭਜਨੀਕ ਅਤੇ ਸੰਤ ਸੇਵੀ ਸਨ। ਸਤਿਗੁਰੂ ਨੇ ਸ਼੍ਰੀ ਮਾਨਾ ਰਾਮ ਜੀ ਨੂੰ ਤਿੰਨ ਪੁੱਤਰਾਂ ਦੀ ਦਾਤ ਬਖਸ਼ਿਸ਼ ਕੀਤੀ ।ਬੱਚੇ ਜਵਾਨ ਹੋ ਗਏ।ਕੱਚੇ ਚਮੜੇ ਦਾ ਕੰਮ ਸ਼ੁਰੂ ਕਰ ਦਿੱਤਾ।ਉਸ ਨੇ ਸ਼ਰਾਬ ਪੀਣੀ ਮੀਟ ਖਾਣਾ ਸ਼ੁਰੂ ਕਰ ਦਿੱਤਾ। ਬੀਬੀ ਕ੍ਰਿਸ਼ਨੋ ਨੇ ਸੰਤਾਂ ਅੱਗੇ ਫਰਿਆਦ ਕੀਤੀ ਕਿ ਮੀਟ, ਸ਼ਰਾਬ ਵਰਤਣ ਲੱਗ ਪਏ ਹਨ। ਮਹਾਂਪੁਰਸ਼ਾ ਨੇ ਸਖ਼ਤ ਤਾੜਨਾ ਕੀਤੀ।

ਇੱਕ ਦਿਨ ਬੀਬੀ ਕਿਸ਼ਨੋ ਕੁਟੀਆ ਆਈ ਅਤੇ ਮੱਥਾ ਟੇਕਿਆ ਤੇ ਸੰਗਤਾਂ ਵਿੱਚ ਬੈਠ ਗਈ। ਸਤਿਗੁਰੂ ਸਰਵਣ ਦਾਸ ਜੀ ਨੇ ਕਿਹਾ ਕਿਸ਼ਨ ਕੌਰੇ ਤੇਰੀ ਸੱਸ ਦੇ ਪੋਤਾ ਹੋਣਾ ਹੈ। ਉਸ ਬੱਚੇ ਨੇ ਇਕ ਘੰਟੇ ਬਾਅਦ ਸਵਾਸ ਲੈਣੇ ਅਤੇ ਇਕ ਘੰਟੇ ਬਾਦ ਰੋਵੇਗਾ। ਤੂੰ ਆਪਣੀ ਸੱਸ ਨੂੰ ਨਹੀਂ ਦੱਸਣਾ।ਐਤਵਾਰ ਦੀ ਰਾਤ ਨੂੰ ਤੜਕੇ ਤਿੰਨ ਵਜੇ ਬੱਚੇ ਨੇ ਜਨਮ ਲਿਆ ਬੱਚਾ ਨਾ ਹਿੱਲੇ ਅਤੇ ਨਾ ਹੀ ਰੋਵੇ। ਕਿਸ਼ਨ ਕੌਰ ਸਿਮਰਨ ਕਰਦੀ ਅਤੇ ਸਤਿਗੁਰੂ ਸਰਵਣ ਦਾਸ ਜੀ ਨੂੰ ਯਾਦ ਕਰਦੀ ਰਹੀ। ਠੀਕ ਇੱਕ ਘੰਟੇ ਬਾਦ ਬੱਚੇ ਨੇ ਰੋਣਾ ਸ਼ੁਰੂ ਕੀਤਾ। ਮਹਾਰਾਜ ਜੀ ਦੇ ਕਹੇ ਬੋਲ ਸੱਚ ਨਿਕਲੇ। ਸਾਰੇ ਵਧਾਈਆਂ ਦੇਣ ਲੱਗੇ। ਬਾਬਾ ਮਾਨਾ ਰਾਮ ਜੀ ਤੇ ਦਾਦੀ ਨੰਦੀ ਆਪਣੀ ਵੱਡੀ ਨੂੰਹ ਕਿਸ਼ਨ ਕੌਰ ਨੂੰ ਲੈ ਕੇ ਲੱਡੂਆਂ ਦੀ ਟੋਕਰੀ ਪ੍ਰਸ਼ਾਦ ਵਜੋਂ ਲੈ ਕੇ ਬੱਲਾਂ ਨੂੰ

ਤੁਰ ਪਏ ਸਤਿਗੁਰੂ ਜੀ ਕੁਟੀਆ ਵਿੱਚ ਅਰਾਮ ਕਰ ਰਹੇ ਸਨ। ਦੁਪਿਹਰ ਤੋਂ ਬਾਦ ਸੇਵਾਦਾਰਾਂ ਨੇ ਬੇਨਤੀ ਕੀਤੀ ਮਹਾਰਾਜ ਜੀ ਚਾਹ ਤਿਆਰ ਹੈ ਆਪ ਜੀ ਦਾ ਹੁਕਮ ਹੋਵੇ ਤਾਂ ਚਾਹ ਵਰਤਾਈਏ। ਸੁਆਮੀ ਜੀ ਨੇ ਕਿਹਾ ਕਿ ਮਹਿੰਗਾ ਰਾਮ ਨੂੰ ਬੁਲਾਓ ਲੱਡੂਆਂ ਨਾਲ ਚਾਹ ਪਿਲਾਉਣੀ ਆ ਮਹਿੰਗਾ ਰਾਮ ਨੂੰ ਸਾਇਕਲ ਤੇ ਕਿਸ਼ਨਗੜ ਦੇ ਬੱਸ ਅੱਡੇ ’ਤੇ ਭੇਜਿਆ ਉਹਨਾਂ ਦੇ ਹੱਥ ਵਿੱਚ ਟੋਕਰੀ ਦੇਖ ਕੇ ਮਹਿੰਗਾ ਰਾਮ ਨੇ ਬੀਬੀ ਕਿਸ਼ਨੋ ਨੂੰ ਕਿਹਾ ਕਿ ਬੀਬੀ ਸਾਇਕਲ ਤੇ ਬੈਠੋ ਸੰਤਾਂ ਨੇ ਚਾਹ ਰੋਕੀ ਹੋਈ ਹੈ। ਡੇਰੇ ਪਹੁੰਚ ਕੇ ਸੰਤਾਂ ਨੂੰ ਮੱਥਾ ਟੇਕਿਆ। ਚਾਹ ਦੇ ਨਾਲ ਹਰ ਇਕ ਨੂੰ ਦੋ ਲੱਡੂ ਵੰਡ ਦਿਓ। ਸੁਆਮੀ ਸਰਵਣ ਦਾਸ ਜੀ ਨੇ ਹੱਸ ਕੇ ਆਖਿਆ ਮੁੰਡੇ ਦਾ ਨਾਮ ਸੁਰਜੀਤ ਰੱਖ ਦਿਓ। ਇਸ ਪ੍ਰਕਾਰ ਸੰਗਤਾਂ ਸਤਿਗੁਰੂ ਸਰਵਣ ਦਾਸ ਜੀ ਨੂੰ ਸਮਰੱਥ ਗੁਰੂ ਮੰਨਦੀਆਂ ਹਨ।

***********

## ਸਾਖੀ 411

## ਕਿਰਪਾ ਰਾਮ ਦੀ ਬਦਲੀ ਹੋਣਾ

ਕਿਰਪਾ ਰਾਮ ਵਿਰਦੀ ਰਾਮਦਾਸ ਪੁਰ ਬੱਲਾਂ ਦਾ ਰਹਿਣ ਵਾਲਾ ਸੀ। ਕਿਰਪਾ ਰਾਮ ਨੂੰ ਰੇਲਵੇ ਵਿੱਚ ਨੌਕਰੀ ਮਿਲ ਗਈ। ਸਤਿਗੁਰੂ ਸਰਵਣ ਦਾਸ ਜੀ ਦੀ ਮਿਹਰ ਸਦਕਾਂ ਜਿੰਨੇ ਜਵਾਨ ਬੱਲਾਂ ਤੋਂ ਰਮਦਾਸਪੁਰੇ ਆ ਕੇ ਰਹਿੰਦੇ ਸਨ ਸਾਰੇ ਚੰਗੀਆਂ ਨੌਕਰੀਆਂ ’ਤੇ ਨਿਯੁਕਤ ਹੋਏ। ਕਿਰਪਾ ਰਾਮ ਐਤਵਾਰ ਵਾਲੇ ਦਿਨ ਹਰ ਹਫਤੇ ਦੀ ਤਰਾਂ ਕੁਟੀਆ ਮੱਥਾ ਟੇਕਣ ਆਏ। ਸੰਤਾਂ ਨੂੰ ਮੱਥਾਂ ਟੇਕਿਆ ਮਹਾਰਾਜ ਜੀ ਨੇ ਕਿਹਾ, ਭਲਵਾਨਾ ਨੌਕਰੀ ਕਿਥੇ ਹੈ? ਕਿਰਪਾ ਰਾਮ ਨੇ ਕਿਹਾ ਕਿ ਮਹਾਰਾਜ ਜੀ ਫਿਰੋਜਪੁਰ ਹੈ। ਫਿਰ ਸੰਤਾਂ ਨੇ ਕਿਹਾ ਕਿ ਭਲਵਾਨਾ ਲਾਗੇ ਲੈ ਆਈਏ। ਕਿਰਪਾ ਰਾਮ ਨੇ ਕਿਹਾ ਆਪ ਜੀ ਦੀ ਜੋ ਇੱਛਾ ਹੈ। ਦੂਸਰੇ ਦਿਨ ਕਿਰਪਾ ਰਾਮ ਡਿਊਟੀ ’ਤੇ ਫਿਰੋਜਪੁਰ ਰੇਲਵੇ ਦਫ਼ਤਰ ਗਿਆ। ਜਾਂਦੇ ਹੀ ਅਫ਼ਸਰ ਨੇ ਕਿਹਾ ਤੁਹਾਡੀ ਬਦਲੀ ਜਲੰਧਰ ਭੋਗਪੁਰ ਹੋ ਗਈ ਹੈ।

ਕਿਰਪਾ ਰਾਮ ਸੰਤਾਂ ਦੇ ਦਰਸ਼ਨਾਂ ਨੂੰ ਕੁਟੀਆ ਆਇਆ ਸੰਤ

ਥੜੇ ’ਤੇ ਅਰਾਮ ਕਰ ਰਹੇ ਸਨ। ਮੱਥਾ ਟੇਕਿਆ ਸੰਤਾਂ ਨੇ ਕਿਹਾ ਕਿਰਪਾ ਰਾਮਾਂ ਨੇੜੇ ਆ ਗਿਆ। ਕਿਰਪਾ ਰਾਮ ਨੇ ਕਿਹਾ ਕਿ ਮਹਾਰਾਜ ਜੀ ਮੇਰੀ ਲਾਇਨ ਦੀ ਪਰਖ ਹੋਣੀ ਹੈ। ਸੰਤਾਂ ਨੇ ਕਿਹਾ ਕਿ ਸਤਿਗੁਰੂ ਰਵਿਦਾਸ ਜੀ ਦੀ ਆਰਤੀ ਪੜਨਾ ਸੱਚੇ ਦਿਲੋਂ ਅਰਦਾਸ ਕਰਨੀ ,ਸਾਰੇ ਕੰਮ ਪੂਰੇ ਹੋਣਗੇ। ਕਿਰਪਾ ਰਾਮ ਜੀ ਨੇ ਅਜਿਹਾ ਹੀ ਕੀਤਾ। ਦੂਸਰੇ ਦਿਨ ਰੇਲ ਪਟਰੀ ਦੀ ਪਰਖ ਹੋਈ ਸਾਰਾ ਕੰਮ ਪਾਸ ਹੋ ਗਿਆ ।

ਸਤਿਗੁਰੂ ਜੀ ਦੀ ਕਿਰਪਾ ਨਾਲ ਕਿਰਪਾ ਰਾਮ ਵਿਰਦੀ ਦੀ ਇਨਾਮ ਵਜੋਂ ਤਨਖਾਹ ਵੀ ਵੱਧ ਗਈ। ਸਤਿਗੁਰੂ ਆਪਣੇ ਸੇਵਕਾਂ ਦੀ ਪੈਜ਼ ਰੱਖਦਾ ਹੈ।

***********

## ਸਾਖੀ412

## ਜੈ ਚੰਦ ਹੱਥੋਂ ਆਈ ਮਾਇਆ ਨਿਕਲ ਜਾਣੀ

ਬਿਆਸ ਪਿੰਡ ਤੋਂ ਜੈ ਚੰਦ ਸਤਿਗੁਰੂ ਸਰਵਣ ਦਾਸ ਜੀ ਦਾ ਸੇਵਕ ਸੀ।ਹਰ ਐਤਵਾਰ ਨੂੰ ਸਤਿਗੁਰੂ ਦੇ ਦਰਸ਼ਨਾਂ ਲਈ ਆਉਂਦੇ ਅਤੇ ਸਾਧ ਸੰਗਤ ਦੀ ਸੇਵਾ ਕਰਦੇ। ਜਦੋਂ ਵੀ ਕੁਟੀਆ ਵਿੱਚ ਕੋਈ ਸੇਵਾ ਦਾ ਕੰਮ ਹੋਣਾ ਮਹਾਰਾਜ ਜੀ ਨੇ ਸੁਨੇਹਾ ਭੇਜਣਾ ਕਿ ਜੈ ਚੰਦ ਸੇਵਾਦਾਰਾਂ ਨੂੰ ਲੈ ਕੇ ਡੇਰੇ ਪਹੁੰਚਣਾ।ਮਹਾਰਾਜ ਜੀ ਨੇ ਡਿਉਟੀ ਦੇਣੀ ਮਾਘੀ ਲਈ ਬਾਲਣ ਦਾ ਪ੍ਰਬੰਧ ਕਰਨਾ ਹੈ ਜਾਂ ਦਾਣੇ ਪੀਸਣ ਲਈ ਚੱਕੀ ਤੇ ਲਿਜਾਣੇ ਹਨ।ਸੇਵਾ ਕਰਨ ਉਪਰੰਤ ਦੁਪਿਹਰ ਦਾ ਲੰਗਰ ਛੱਕਣ ਤੋਂ ਬਾਅਦ ਮਹਾਰਾਜ ਜੀ ਪਾਸ ਬੈਠ ਜਾਣਾ।ਜੈ ਚੰਦ ਸੰਤਾਂ ਦੀਆਂ ਲੱਤਾਂ ਘੁੱਟ ਰਿਹਾ ਸੀ ਸੰਤ ਬੋਲੇ ਜੈ ਚੰਦਾ ਮਾਇਆ ਬਹੁਤ ਆਉਣੀ ਹੈ ਪਰ ਸਾਂਭ ਨਹੀਂ ਹੋਣੀ। ਜੈ ਚੰਦ ਨੇ ਹੱਸ ਕੇ ਕਿਹਾ ਮਹਾਰਾਜ ਜੀ ਮਾਇਆ ਆਉਣ ਦਿਓ। ਅਸੀਂ ਮਾਇਆ ਨੂੰ ਜੱਫੀਆ ਪਾ ਲਵਾਂਗੇ।

ਲੋਹੜੀ ਦਾ ਮਹੀਨਾ ਸੀ ਜੈ ਚੰਦ, ਉਜਾਗਰ ਤੇ ਰਾਮ ਲਾਲ ਤਿੰਨੇ ਕੰਮ ਦੀ ਭਾਲ ਵਿੱਚ ਮਾਈ ਹੀਰਾ ਗੇਟ ਜਲੰਧਰ ਪਹੁੰਚੇ। ਮਾਈ ਹੀਰਾ ਗੇਟ ਮਜਦੂਰ ਇਕੱਠੇ ਹੁੰਦੇ ਸਨ। ਜਿਸ ਨੂੰ ਮਜਦੂਰ ਦੀ ਜਰੂਰਤ ਹੁੰਦੀ

ਸੀ ਉਥੋਂ ਲੈ ਜਾਂਦਾ ਸੀ। ਇਕ ਵਿਅਕਤੀ ਆਇਆ ਉਸਨੇ ਮੰਗ ਰੱਖੀ ਕਿ ਮਜਦੂਰ ਚਾਹੀਦੇ ਨੇ, ਨੀਹਾਂ ਪੁੱਟਣੀਆਂ ਹਨ। ਜੈ ਚੰਦ ਨੇ ਕਿਹਾ ਕਿ ਅਸੀਂ ਜਾਵਾਗੇ। ਮਾਲਕ ਰਿਕਸੇ ਤੇ ਬੈਠ ਗਿਆ । ਜੈ ਚੰਦ , ਉਜਾਗਰ ਰਾਮ ਤੇ ਰਾਮ ਲਾਲ ਅਦਰਸ਼ ਨਗਰ ਪਲਾਟ ਵਿੱਚ ਪਹੁੰਚ ਕੇ ਨੀਹਾਂ ਪੁਟਣੀਆਂ ਸ਼ੁਰੂ ਕਰ ਦਿੱਤੀਆ। ਮਾਲਕ ਚਾਹ ਪਿਲਾ ਕੇ ਆਪਣੇ ਘਰ ਨੂੰ ਚਲਾ ਗਿਆ।

ਜੈ ਚੰਦ ਨੂੰ ਨੀਹਾਂ ਪੁੱਟਦਿਆ ਨੂੰ ਗਾਗਰ ਮਿਲੀ ਗਾਗਰ ਤੋਂ ਢੱਕਣ ਚੁੱਕ ਕੇ ਵੇਖਿਆ ਕਿ ਗਾਗਰ ਚਾਂਦੀ ਦੇ ਸਿੱਕਿਆ ਨਾਲ ਭਰੀ ਪਈ ਸੀ।ਜੈ ਚੰਦ ਨੇ ਉਜਾਗਰ ਰਾਮ ਨੂੰ ਕਿਹਾ ਕਿ ਗਾਗਰ ਨੂੰ ਘਾਹ ਫੂਸ ਵਿੱਚ ਢੱਕ ਦਈਏ। ਚਾਂਦੀ ਦੇ ਸਿੱਕੇ ਸੀਮਿੰਟ ਵਾਲੇ ਬੋਰੇ ਵਿੱਚ ਪਾ ਕੇ ਮੂੰਹ ਬੰਨ ਲਿਆ ਸਾਇਕਲ ’ਤੇ ਰੱਖ ਲਈ ਤੇ ਮਾਈ ਹੀਰਾ ਗੇਟ ਤੋਂ ਆ ਗਏ।ਉੱਥੇ ਰਾਮ ਲਾਲ ਨੂੰ ਕਿਹਾ ਕਿ ਤੂੰ ਖਾਲੀ ਆ ਗਿਆ ਚਲ ਮੁੱੜੋ ਗਾਗਰ ਵੀ ਲੈ ਆਈਏ।ਲੋਹੜੀ ਨੂੰ ਗਾਗਰ ’ਤੇ ਖੀਰ ਬਣਾਵਾਗੇ।

ਜੈ ਚੰਦ ਦੇ ਸਾਇਕਲ ਤੇ ਬੋਰਾ ਰੱਖਿਆ ਸੀ।ਇੰਨੇ ਨੂੰ ਮਾਲਿਕ ਪਹੁੰਚ ਗਿਆ ਮਾਲਿਕ ਨੇ ਪੁਛਿਆ ਕਿ ਬੋਰੇ ਵਿੱਚ ਕੀ ਏ।ਜੈ ਚੰਦ ਨੇ ਕਿਹਾ ਚਾਂਦੀ ਦੀ ਗਾਗਰ ਮਿਲੀ ਹੈ। ਮਾਲਕ ਨੇ ਬੋਰਾ ਆਪਣੇ ਰਿਕਸੇ ਵਿੱਚ ਰਖਵਾ ਲਿਆ ਅਤੇ ਪੁਲਿਸ ਨੂੰ ਸੱਦਣ ਦਾ ਡਰਾਵਾ ਦਿੱਤਾ ਕਿ ਪੁਲਿਸ ਨੂੰ ਸੱਦਦੇ ਹਾਂ।ਜੈ ਚੰਦ ਨੇ ਕਿਹਾ ਕਿ ਪੁਲਿਸ ਨਾ ਬੁਲਾਓ। ਮਾਲਿਕ ਨੇ ਕਿਹਾ ਚਲੇ ਜਾਓ ਨਹੀਂ ਤਾਂ ਪੁਲਿਸ ਆ ਜਾਵੇਗੀ। ਚੋਰੀ ਦਾ ਕੇਸ ਬਣੇਗਾ। ਜੈ ਚੰਦ ,ਉਜਾਗਰ ਰਾਮ,ਅਤੇ ਰਾਮ ਲਾਲ ਚੁੱਪ ਚਪੀਤੇ ਘਰ ਆ ਗਏ।ਸਵੇਰੇ ਗੱਲਾਂ ਹੋਣ ਲੱਗ ਪਈਆ ਜੈ ਚੰਦ ਘੜੀ ਵਿੱਚ ਲੱਖਾਂ ਦਾ ਅਤੇ ਘੜੀ ਵਿੱਚ ਕੱਖਾਂ ਦਾ ਹੋ ਗਿਆ ਬਾਅਦ ਵਿੱਚ ਸਤਿਗੁਰ ਸਰਵਣ ਦਾਸ ਜੀ ਬੋਲੇ ਕਿ ਜੈ ਚੰਦਾ ਤੂੰ ਤਾਂ ਕਹਿੰਦਾ ਸੀ ਕਿ ਮਾਇਆ ਨੂੰ ਜੱਫੀ ਪਾ ਲਵਾਂਗੇ। ਬਜ਼ੁਰਗਾ ਨੇ ਕਿਹਾ ਜੈ ਚੰਦਾ ਲਾਲਚ ਨਾ ਕਰਦੇ ਤੁਸੀਂ ਘਰ ਪਹੁੰਚ ਜਾਣਾ ਸੀ।

***********

## ਸਾਖੀ 413

# ਮਰਿਆ ਕਬੂਤਰ ਜੀਵਤ ਹੋਣਾ

ਗਰਮੀਆਂ ਦੇ ਦਿਨਾਂ ਵਿਚ ਐਤਵਾਰ ਨੂੰ ਸੰਗਤ ਕੁਟੀਆ ਵਿਚ ਆਈ। ਸਭ ਸਕੂਲਾਂ ਦੇ ਬੱਚੇ ਇਕੱਠੇ ਹੋਏ। ਕੀਰਤਨ ਉਪਰੰਤ ਸਤਿਸੰਗ ਹੋਇਆ। ਸਾਰੀ ਸੰਗਤ ਨੇ ਮਿਲ ਕੇ 'ਸਤਿਨਾਮ' ਦਾ ਉਚਾਰਨ ਕੀਤਾ ਅਤੇ ਲੰਗਰ ਛਕਿਆ। ਲੰਗਰ ਵਿਚ ਜਲੇਬੀਆਂ ਖਾਧੀਆਂ। ਲੰਗਰ ਛੱਕ ਕੇ ਸੰਗਤ ਆਪਣੇ ਪਿੰਡਾ ਨੂੰ ਚੱਲ ਪਈ। ਕੁਝ ਸੰਗਤਾਂ, ਸੇਵਾਦਾਰ ਪਾਸ ਹੀ ਬੈਠੇ ਸਨ। ਕੋਲੇ ਵਾਲੀ ਭੱਠੀ ਕੋਲੇ ਨਾਲ ਭਰੀ ਪਈ ਸੀ ਅਤੇ ਪਾਸ ਹੀ ਫਲਾਹ ਦਾ ਦਰੱਖਤ ਸੀ। ਉਸਦੇ ਉੱਪਰ ਕਬੂਤਰ ਬੈਠਾ ਸੀ।

ਕਬੂਤਰ ਅਚਾਨਕ ਭੱਠੀ ਵਿਚ ਡਿੱਗ ਪਿਆ। ਸੰਗਤ ਕਹਿਣ ਲੱਗੀ ਇਹ ਕਬੂਤਰ ਮਰ ਜਾਵੇਗਾ ਅਤੇ ਪੂਰੀ ਤਰ੍ਹਾਂ ਭੁੜਥਾ ਬਣ ਜਾਵੇਗਾ। ਸੰਤਾਂ ਨੇ ਕਿਹਾ ਤੁਰੰਤ ਕਬੂਤਰ ਨੂੰ ਭੱਠੀ ਵਿੱਚੋਂ ਕੱਢ ਕੇ ਇਸ ਨੂੰ ਪਾਣੀ ਪਿਲਾ ਦਿਓ। ਦੇਖਦੇ ਦੇਖਦੇ ਕਬੂਤਰ ਬਾਟੀ ਵਿੱਚੋਂ ਪਾਣੀ ਪੀ ਕੇ ਉੱਡ ਪਿਆ। ਸੰਤ ਖਿੜ ਖਿੜਾ ਕੇ ਹੱਸ ਪਏ ਅਤੇ ਉਚਾਰਿਆ ਬਾਣੀ ਸੱਚ ਫਰਮਾਉਂਦੀ ਹੈ,

**''ਜਿਸ ਕੋ ਰਾਖੇ ਸਾਈਆਂ ਉਸ ਕੋ ਮਾਰ ਸਕੇ ਨਾ ਕੋਇ''**

***********

## ਸਾਖੀ 414

# ਮੂਲ ਰਾਜ ਦੀ ਸਾਖੀ ਆਪਣੀ ਜ਼ੁਬਾਨੀ

ਮੇਰੀ ਮੰਗਣੀ 1969 ਦਿਨ ਐਤਵਾਰ ਨੂੰ ਰਿਸ਼ਤਾ ਪੱਕਾ ਕਰਨ ਵਾਸਤੇ ਮਹਿਮਾਨ ਆਏ ਹੋਏ ਸੀ। ਸਤਿਗੁਰੂ ਸੁਆਮੀ ਸਰਵਣ ਦਾਸ ਜੀ ਜੀਪ ਵਿਚ ਬੈਠ ਕੇ ਟਾਂਡੇ ਵੱਲੋਂ ਆ ਰਹੇ ਸਨ। ਉਨ੍ਹਾਂ ਨਾਲ ਸਵਰਨ ਸਿੰਘ ਪਿੰਡ ਬੱਲ ਸੀ ਜੋ ਬਿਆਸ ਪਿੰਡ ਵਿਆਹੇ ਹੋਏ ਸਨ। ਸਤਿਗੁਰੂ ਸੁਆਮੀ ਸਰਵਣ ਦਾਸ ਜੀ ਹੱਸ ਕੇ ਬੋਲੇ ਸਵਰਨ ਸਿਆਂ ਅੱਜ ਤੇਰੇ ਸਹੁਰੇ ਪਿੰਡ ਜਾਣਾ ਹੈ ਬਿਆਸ ਪਿੰਡ। ਸਵਰਨ ਸਿਆਂ ਬੋਲਦਾ ਕਿਉਂ ਨਹੀਂ। ਸਵਰਨ ਸਿੰਘ ਨੇ ਕਿਹਾ ਮਹਾਰਾਜ ਜੀ ਅੱਗੇ ਵੀ ਜਾਂਦੇ ਹੋ। ਜੀਪ ਸਾਡੇ ਘਰਾਂ ਦੇ ਲਾਗੇ ਖੜੀ ਹੋ ਗਈ। ਬੱਚਿਆਂ ਤੇ ਬੁੱਜਰਗਾਂ ਨੇ

ਮੱਥਾਂ ਟੇਕਿਆ। ਮਹਾਰਾਜ ਸਿੱਧੇ ਘਰ ਆ ਗਏ। ਮਹਾਰਾਜ ਜੀ ਮੰਜੇ ਤੇ ਬੈਠਦਿਆਂ ਹੀ ਬੋਲੇ ਗਰੀਬ ਦਾਸਾਂ ਇਹ ਰਿਸ਼ਤੇਦਾਰ ਕਿਵੇਂ ਇਕੱਠੇ ਹੋਏ। ਪਿਤਾ ਜੀ ਹੱਥ ਜੋੜ ਕੇ ਬੇਨਤੀ ਕੀਤੀ ਅੱਜ ਮੂਲਰਾਜ ਦੀ ਮੰਗਣੀ ਹੋਣੀ ਹੈ ਮਹਾਰਾਜ ਜੀ ਹੱਸ ਕੇ ਬੋਲੇ, "ਗਰੀਬ ਦਾਸਾਂ ਸਾਨੂੰ ਪੁਛਿਆ"? ਪਿਤਾ ਜੀ ਨੇ ਕਿਹਾ ਮਹਾਰਾਜ ਜੀ ਭੁੱਲ ਹੋ ਗਈ। ਸੰਤਾਂ ਨੇ ਕਿਹਾ ਕੋਈ ਗੱਲ ਨਹੀਂ ਗ੍ਰਹਿਸਥੀ ਕੰਮ ਕਰਨੇ ਵੀ ਜਰੂਰੀ ਹਨ। ਸੰਤਾਂ ਨੇ ਮੈਨੂੰ ਬੁਲਾ ਕੇ ਦੋ ਕੇਲੇ ਅਤੇ ਇੱਕ ਸੇਬ ਮੇਰੀ ਝੋਲੀ ਵਿੱਚ ਪਾ ਦਿੱਤਾ। ਸੰਤਾਂ ਵਾਸਤੇ ਵਸਤਰ ਅਤੇ ਸਰਵਣ ਸਿੰਘ ਨੂੰ ਪਗੜੀ ਦਿੱਤੀ। ਸੰਤ ਸਰਵਣ ਦਾਸ ਜੀ ਬੋਲੇ ਜੋ ਸਾਨੂੰ ਯਾਦ ਕਰਦਾ ਹੈ ਸਾਨੂੰ ਆਉਂਣਾ ਪੈਂਦਾ ਹੈ।

ਮੇਰਾ ਵਿਆਹ ਸੋਲ੍ਹਾ ਹਾੜ੍ਹ ਦਿਨ ਬੁੱਧਵਾਰ 1971 ਨੂੰ ਰੱਖਿਆ ਗਿਆ ਉਹਨਾਂ ਸਮਿਆਂ ਵਿੱਚ ਕਾਰਡ ਨਹੀਂ ਹੁੰਦੇ ਸਨ। ਮੇਰੇ ਪਿਤਾ ਜੀ ਸੰਤਾਂ ਦੇ ਗਏ। ਮਹਾਰਾਜ ਜੀ ਮੂਲਰਾਜ ਦਾ ਵਿਆਹ ਆ ਗਿਆ ਹੈ। ਸੰਤ ਸਰਵਣ ਦਾਸ ਜੀ ਪਾਸ ਛੋਟੀ ਡਾਇਰੀ ਹੁੰਦੀ ਸੀ। ਡਾਇਰੀ 'ਤੇ ਲਿਖਿਆ ਬਿਆਸ ਪਿੰਡ ਵਲੋਂ ਬਰਾਤ ਵਿਚ ਸ਼ਰੀਕ ਹੋਣਾ ਹੈ। ਅਸੀਂ ਵੀ ਕਰਤਾਰ ਪੁਰ ਵਾਲਿਆ ਨੂੰ ਕਿਹਾ ਸਤਿਗੁਰੂ ਸਰਵਣ ਦਾਸ ਜੀ ਨੇ ਆਉਣਾ ਹੈ ਕਰਤਾਰਪੁਰ ਵਾਲਿਆ ਨੇ ਰੱਬ ਦਾ ਸ਼ੁਕਰ ਮਨਾਇਆ। ਵਿਆਹ ਤੋਂ ਦੋ ਦਿਨ ਪਹਿਲਾਂ ਮਹਾਰਾਜ ਜੀ ਨੇ ਸੰਤ ਨਿਰੰਜਣ ਦਾਸ ਜੀ ਨੂੰ ਕਿਹਾ, "ਗਰੀਬ ਦਾਸ ਬਿਆਸ ਪਿੰਡੀਏ ਨੂੰ ਕਹਿ ਕੇ ਆ ਕਿ ਸੰਤਾਂ ਨੇ ਅੱਖਾਂ ਦਾ ਅਪ੍ਰੇਸ਼ਨ ਕਰਵਾਉਣਾ ਹੈ ਉਹਨਾਂ ਤੋਂ ਵਿਆਹ ਨਹੀਂ ਆ ਹੋਣਾ। ਉਹ ਤੁਹਾਡੇ ਅੰਗ ਸੰਗ ਹਨ। ਪਹਿਲੀ ਜੁਲਾਈ 1971 ਨੂੰ ਸੰਤਾਂ ਨੇ ਸੰਤ ਨਿਰੰਜਨ ਦਾਸ ਜੀ ਨੂੰ ਕਿਹਾ ਕਿ ਬਿਆਸ ਪਿੰਡ ਜਾਓ ਅਤੇ ਉਹਨਾਂ ਨੂੰ ਕਹੋ ਕਿ ਸੰਤਾਂ ਨੇ ਤੁਹਾਨੂੰ ਕੁਟਿਆ ਬੁਲਾਇਆ ਹੈ। ਸੰਤ ਨਿਰੰਜਨ ਦਾਸ ਜੀ ਨੇ ਸੁਨੇਹਾ ਦੇ ਦਿੱਤਾ। ਦੂਸਰੇ ਦਿਨ ਅਸੀਂ ਸਾਰਾ ਪਰਿਵਾਰ ਕੁਟੀਆ ਪਹੁੰਚ ਕੇ ਸੰਤਾਂ ਨੂੰ ਮੱਥਾ ਟੇਕਿਆ। ਸੰਤਾਂ ਦੇ ਵਸਤਰ ਅਤੇ ਕਰਤਾਰਪੁਰੀਏ ਵੱਲੋਂ ਸੰਤਾਂ ਦੇ ਵਸਤਰ ਭੇਂਟ ਕੀਤੇ। ਚਾਹ ਪੀ ਕੇ ਸੰਤਾਂ ਦੇ ਪਾਸ ਬੈਠ ਗਏ। ਮੈਂ ਸੰਤ ਸਰਵਣ ਦਾਸ ਜੀ ਦੀਆਂ ਲੱਤਾਂ ਘੁੱਟ ਰਿਹਾ ਸੀ ਮੇਰੇ ਮਨ ਵਿੱਚ ਫੁਰਨਾ ਹੋਇਆ ਕਿ ਮੈਂ ਗਰੀਬ ਦਾਸ ਮਹਾਰਾਜ ਜੀ ਕੋਲ ਨਾਮਦਾਨ ਲੈਣਾ

ਹੈ। ਸਤਿਗੁਰੂ ਸਰਵਣ ਦਾਸ ਜੀ ਸੁੰਨ ਸਮਾਧੀ ਅੰਦਰ ਗਏ ਸਨ। ਮੇਰੇ ਪਿਤਾ ਜੀ ਨੇ ਬੇਨਤੀ ਕੀਤੀ ਕਿ ਬੱਚਿਆਂ ਨੂੰ ਚਰਨੀਂ ਲਾ ਲਵੋ। ਸਤਿਗੁਰੂ ਜੀ ਨੇ ਕਿਹਾ ਕਿ ਅਜੇ ਬਹੁਤ ਸਮਾਂ ਹੈ ਅਜੇ ਇਹਨਾਂ ਨੂੰ ਖਾ ਪੀ ਲੈਣ ਦਿਓ। ਸਾਡੇ ਪਰਿਵਾਰ ਨੂੰ ਸਾਡੀ ਪਸੰਦ ਦੇ ਭੋਜਨ ਕਰਵਾਇਆ। ਸਤਿਗੁਰੂ ਦੀ ਗੋਦ ਵਿਚ ਬੈਠ ਕੇ ਅਨੰਦ ਮਾਣਿਆ।

ਪਹਿਲਾਂ ਮੈਂ ਦੁਬਈ ਗਿਆ ਫਿਰ ਬਹਿਰੀਨ ਗਿਆ। 1984 ਵਿਚ ਮੈਂ ਬਹਿਰੀਨ ਤੋਂ ਛੁੱਟੀ ਕੱਟਣ ਆਇਆ ਉਸ ਸਮੇਂ ਗੱਦੀ ਨਸ਼ੀਨ ਸਤਿਗੁਰੂ ਗਰੀਬ ਦਾਸ ਜੀ ਸਨ। ਉਹਨਾਂ ਨਾਲ ਬਹੁਤ ਪਿਆਰ ਸੀ। ਮੈਂ ਸਤਿਗੁਰੂ ਗਰੀਬ ਦਾਸ ਜੀ ਨੂੰ ਬੇਨਤੀ ਕੀਤੀ ਮਹਾਰਾਜ ਜੀ ਸਾਡਾ ਨੰਬਰ ਆਇਆ ਕੇ ਨਹੀਂ ਗੁਰੂ ਜੀ ਹੱਸ ਕੇ ਬੋਲੇ ਤੁਹਾਡਾ ਨੰਬਰ ਤਾਂ ਬਹੁਤ ਪਹਿਲਾਂ ਦਾ ਹੈ ਬੁੱਧਵਾਰ ਨੂੰ ਆ ਜਾਣਾ। ਮੈਂ ਤੇ ਮੇਰੀ ਪਤਨੀ ਬੁੱਧਵਾਰ ਨੂੰ ਪੱਗੜੀ ਤੇ ਲੱਡੂਆਂ ਦਾ ਪ੍ਰਸ਼ਾਦ ਲੈ ਕੇ ਮੱਥਾ ਟੇਕਿਆ। ਸਤਿਗੁਰੂ ਗਰੀਬ ਦਾਸ ਜੀ ਨੇ ਗਰੀਬਾਂ ਦੇ ਮਸੀਹਾ ਸਤਿਗੁਰੂ ਸਰਵਣ ਦਾਸ ਜੀ ਦੇ ਆਸਣ ’ਤੇ ਬੈਠ ਕੇ ਨਾਮ ਦੀ ਦਾਤ ਬਖਸ਼ਿਸ਼ ਕੀਤੀ। ਸਤਿਗੁਰੂ ਗਰੀਬ ਦਾਸ ਮਹਾਰਾਜ ਜੀ ਨੇ ਕਿਹਾ ਮੈਂ ਤੁਹਾਡਾ ਗੁਰੂ ਨਹੀਂ ਹਾਂ ਤੁਹਾਡੇ ਗੁਰੂ ਸਤਿਗੁਰੂ ਸਰਵਣ ਦਾਸ ਜੀ ਹਨ ਜੋ ਮੇਰੇ ਗੁਰੂ ਨੇ ਨਾਮ ਦੀ ਦਾਤ ਬਖਸੀ ਸੀ ਮੈ ਤੁਹਾਨੂੰ ਦੇ ਦਿੱਤੀ ਹੈ। ਗੁਰੂ ਸਰਵਣ ਦਾਸ ਮਹਾਰਾਜ ਜੀ ਨੇ ਕਿਹਾ ਸੀ ਕਿ ਮੈਂ ਆਵਾਂਗਾ।

***********

## ਸਾਖੀ 415

# ਮੂਲ ਰਾਜ ਦੀ ਹੱਡ ਬੀਤੀ

ਮੈਂ ਬਹਿਰੀਨ ਤੋਂ 1984 'ਚ ਛੁੱਟੀ ਆਇਆ। ਮੈਂ ਆਪਣਾ ਪਾਸਪੋਰਟ ਤੇ ਹਵਾਈ ਟਿਕਟ ਆਪਣੇ ਭਰਾ ਦੇ ਘਰ ਪਾਲਮ ਕਲੋਨੀ ਵਿਚ ਰੱਖ ਦਿੱਤਾ। ਛੁੱਟੀ ਕੱਟਕੇ ਦਿੱਲੀ ਤੋਂ ਜਹਾਜ ਫੜਨਾ ਸੀ। ਅੱਤਵਾਦ ਦਾ ਦੌਰ ਸੀ, ਕਰਫਿਊ ਲਗਾਇਆ ਹੋਇਆ ਸੀ। ਮਾੜੇ ਹਾਲਾਤਾਂ ਕਾਰਣ ਮਨ ਉਦਾਸ ਸੀ, ਦਿੱਲੀ ਕਿਵੇਂ ਪਹੁੰਚਾ?

ਕਾਗਜ ਪੱਤਰ ਦਿੱਲੀ ਹਨ। ਇੱਕ ਘੰਟੇ ਦਾ ਕਰਫਿਊ ਖੁਲਿਆ। ਮਨ ਵਿਚ ਵਿਚਾਰ ਆਇਆ ਕਿ ਸਤਿਗੁਰੂਾਂ ਪਾਸੋਂ ਰਾਹ ਮੰਗੀਏ। ਮੈਂ ਤੇ ਮੇਰੀ ਪਤਨੀ ਸਾਇਕਲ ਤੇ ਬੈਠ ਕੇ ਕੁਟੀਆ ਪਹੁੰਚੇ। ਕੁਟੀਆ ਵਿਚ ਸਤਿਗੁਰੂ ਗਰੀਬ ਦਾਸ ਜੀ ਨੂੰ ਮੱਥਾ ਟੇਕਿਆ। ਮਹਾਰਾਜ ਜੀ ਨੇ ਕਿਹਾ ਮੂਲ ਰਾਜ ਤੂੰ ਕਦੋਂ ਜਾਣਾ? ਮੈਂ ਦੱਸਿਆ ਕਿ ਮੇਰਾ ਪਾਸਪੋਰਟ ਤੇ ਟਿਕਟ ਦਿੱਲ਼ੀ ਹਨ। ਕਰਫਿਊ ਕਾਰਣ ਦਿੱਲੀ ਜਾਣਾ ਮੁਸ਼ਕਿਲ ਹੈ। ਮੈਂ ਸਤਿਗੁਰੂ ਗਰੀਬ ਦਾਸ ਜੀ ਨੂੰ ਬੇਨਤੀ ਕੀਤੀ ਕਿ ਮੈਨੂੰ ਦਿੱਲੀ ਜਾਣ ਲਈ ਰਸਤਾ ਦਿਓ ਤਾਂ ਜੋ ਮੈਂ ਤੁਹਾਡੀ ਕਿਰਪਾ ਨਾਲ ਬਹਿਰੀਨ ਪੁੱਜ ਜਾਵਾ।

ਸਤਿਗੁਰੂ ਸਰਵਣ ਦਾਸ ਜੀ ਦੇ ਦਰਬਾਰ ਵਿੱਚ ਅਰਦਾਸ ਕੀਤੀ। ਖੂੰਡੇ ਵਾਲਿਆ ਮੈਨੂੰ ਰਸਤਾ ਦੇ ਦਿਓ। ਫਿਰ ਸਤਿਗੁਰੂ ਗਰੀਬ ਦਾਸ ਪਾਸ ਆ ਗਿਆ 100 ਰੁਪਏ ਦਾ ਮੱਥਾ ਟੇਕਿਆ 100 ਰੁਪਏ ਦੀਆਂ ਪਰਚੀਆਂ ਵੀ ਲਈਆ। ਮਹਾਰਾਜ ਜੀ ਨੇ ਕਿਹਾ ਚਿੰਤਾ ਨਾ ਕਰ ਆਪ ਤੇ ਕਿਰਪਾ ਹੋ ਜਾਵੇਗੀ। ਸ਼ਾਮ ਨੂੰ ਮੈਂ ਘਰ ਬੈਠ ਕੇ ਖ਼ਬਰਾਂ ਸੁਣ ਰਿਹਾ ਸੀ ਖ਼ਬਰਾਂ ਵਿਚ ਆਇਆ ਜਿਨ੍ਹਾਂ ਵਿਦਿਆਰਥੀਆ ਨੇ I.A.S ਦੇ ਪੇਪਰ ਦੇਣ ਦਿੱਲੀ ਜਾਣਾ ਹੈ ਕਾਗਜ਼ ਪੱਤਰ ਲੈ ਕੇ ਪੁਲਿਸ ਕਮਿਸ਼ਨਰ ਨੂੰ ਬੱਸ ਅੱਡਾ ਜਲੰਧਰ ਮਿਲੋ। ਮੇਰੇ ਮਨ ਵਿਚ ਫੁਰਨਾ ਫੁਰਿਆ ਜਦ ਵਿਦਿਆਰਥੀ ਦਿੱਲੀ ਜਾ ਸਕਦੇ ਹਨ ਤੂੰ ਦਿੱਲੀ ਕਿਉਂ ਨਹੀਂ ਜਾ ਸਕਦਾ। ਸਵੇਰੇ ਕਰਫਿਊ ਖੁਲ੍ਹਣ ਵੇਲੇ ਚਾਚੇ ਦੇ ਮੁੰਡੇ ਨੂੰ ਨਾਲ ਕੇ ਬੱਸ ਅੱਡੇ ਜਲੰਧਰ ਪਹੁੰਚ ਕੇ ਅਫ਼ਸਰ ਨਾਲ ਗੱਲ ਕੀਤੀ। ਅਫ਼ਸਰ ਨੇ ਕਿਹਾ ਅੱਜ ਸਾਡੀ ਮੀਟਿੰਗ ਹੋਣੀ ਹੈ ਮੈਂ ਇਹ ਮੁੱਦਾ ਉੱਥੇ ਉਠਾਵਾਗਾ। ਸ਼ਾਮ ਨੂੰ ਮੀਟਿੰਗ ਹੋਈ ਮੁੱਦਾ ਪਾਸ ਹੋ ਗਿਆ। ਟੈਲੀਵੀਜ਼ਨ ਤੇ ਖਬਰ ਆਈ ਕਿ ਜੋ ਵਿਅਕਤੀ ਵਿਦੇਸ਼ ਜਾਣਾ ਚਾਹੁੰਦੇ ਹਨ ਪੁਰਾਣੀ ਕਚਹਿਰੀ ਨਜ਼ਦੀਕ ਕੰਪਨੀ ਬਾਗ ਸੰਪਰਕ ਕਰਨ। ਮੈਂ ਵੀ ਪੁਰਾਣੀ ਕਚਹਿਰੀ ਪਹੁੰਚਾ ਮੇਰੇ ਪਾਸ ਨਾ ਪਾਸਪੋਰਟ ਅਤੇ ਨਾ ਹੀ ਹਵਾਈ ਟਿਕਟ। ਮੇਰੇ ਗੁਰੂ ਮੇਰੇ ਅੰਗ ਸੰਗ ਸਨ। ਮੈਂ ਪੁਲਿਸ ਕਮਿਸ਼ਨਰ ਨੂੰ ਦਰਖ਼ਾਸਤ ਦਿੱਤੀ ਕਿ ਜਿਸ ਵਿੱਚ ਸਭ ਕੁਝ ਵਰਨਣ ਕਰ ਦਿੱਤਾ। ਮੈਨੂੰ ਦਿੱਲੀ ਜਾਣ ਦੀ ਮਨਜੂਰੀ ਮਿਲ ਗਈ। ਮਿਲਟਰੀ ਅਫ਼ਸਰਾਂ ਨੇ ਕਿਹਾ ਤੇਰੇ ਨਾਲ ਦੋ ਆਦਮੀ ਦਿੱਲੀ ਜਾਣਗੇ। ਅਗਰ

ਦਸਤਾਤਵੇਜ ਨਾ ਮਿਲੇ ਤਾਂ ਤੈਨੂੰ ਸਜ਼ਾ ਹੋਵੇਗੀ। ਫੌਜ ਦੀ ਨਿਗਰਾਨੀ ਹੇਠ ਸਾਨੂੰ ਅੰਬਾਲਾ ਛਾਉਣੀ ਭੇਜਿਆ ਗਿਆ। ਉਥੋਂ ਬੱਸ ਰਾਹੀਂ ਦਿੱਲੀ ਭੇਜਿਆ ਗਿਆ। ਉਥੋਂ ਸਤਿਗੁਰੂਾਂ ਦੀ ਕ੍ਰਿਪਾ ਨਾਲ ਬਹਿਰੀਨ ਪੁੱਜਾ। ਉਥੋਂ 14 ਸਾਲ ਬਾਅਦ ਮੈਂ ਭਾਰਤ ਆਇਆ। ਬਿਨਾਂ ਵੀਜ਼ੇ ਦੇ ਕੰਮ ਕੀਤਾ। ਗੁਰੂ ਜੀ ਨੇ ਅੰਗ ਸੰਗ ਰਹਿ ਕੇ ਬਨਵਾਸ ਕਟਾਇਆ। ਇੱਕ ਵਾਰ ਮੈਨੂੰ ਪੁਲਿਸ ਫੜ ਕੇ ਲੈ ਗਈ। ਮੈਂ ਸੰਤਾਂ ਨੂੰ ਯਾਦ ਕੀਤਾ। ਜਦੋਂ ਅਫ਼ਸਰ ਅੱਗੇ ਪੇਸ਼ ਹੋਇਆ। ਅਫ਼ਸਰ ਨੇ ਕਿਹਾ ਭਾਈਏ ਨੂੰ ਇਸਦੇ ਘਰ ਪੁਲਿਸ ਵਾਲੀ ਗੱਡੀ ਵਿਚ ਛੱਡ ਆਓ। ਮੈਨੂੰ ਪੁਲਿਸ ਪਿਆਰ ਨਾਲ ਘਰ ਛੱਡ ਕੇ ਗਈ। ਪਾਕਿਸਤਾਨੀ ਸਿਪਾਹੀ ਨੇ ਮੈਨੂੰ ਕਿਹਾ,"ਭਾਈਆ ਪੁਲਿਸ ਫੜ ਕੇ ਲੈ ਜਾਂਦੀ ਹੈ। ਸਾਡੀ ਨੌਕਰੀ ਵਿਚ ਤੂੰ ਪਹਿਲਾਂ ਬੰਦਾ ਹੈ ਜਿਸਨੂੰ ਪੁਲਿਸ ਘਰ ਵੀ ਛੱਡ ਕੇ ਜਾਂਦੀ ਹੈ। ਮੈਂ ਕਿਹਾ, "ਇਹ ਸਭ ਖੂੰਡੇ ਵਾਲੇ ਸਤਿਗੁਰੂ ਸਰਵਣ ਦਾਸ ਜੀ ਦੀ ਕਿਰਪਾ ਹੈ।

***********

## ਸਾਖੀ ਨੰਬਰ 416

## ਸਤਿਗੁਰੂ ਸੇਵਕਾਂ ਨੂੰ ਚੇਲੇ ਨਾਲੋਂ ਵੱਧ ਪਿਆਰ ਦਿੰਦੇ ਸਨ

ਮਾਘ ਦਾ ਮਹੀਨਾ ਸੀ ਅਤੇ ਮਾਘੀ ਦਾ ਤਿਉਹਾਰ ਸੰਤਾਂ ਨੇ ਡੇਰੇ ਵਿਚ ਮਨਾਉਣ ਦੀ ਸ਼ੁਰੂਆਤ ਕੀਤੀ ਉਂਝ ਬੱਲਾਂ ਪਿੰਡ ਦੀ ਮਾਘੀ ਵਿਸ਼ਵ ਪ੍ਰਸਿੱਧ ਹੈ। ਮਾਘ ਮਹੀਨੇ ਵਿਚ ਦਾਨ ਪੁੰਨ ਕਰਨਾ ਚਾਹੀਦਾ ਹੈ ਸਾਧੂਆਂ ਦੀ ਸੰਗਤ ਕਰਨੀ ਚਾਹੀਦੀ ਹੇ।

ਮੂਲਰਾਜ ਨੇ ਦੱਸਿਆ ਕਿ ਸਾਡੇ ਬਜੁਰਗ ਮਾਘੀ ਦੇ ਤਿਉਹਾਰ ਤੇ ਸੰਤਾਂ ਨੂੰ ਲੰਗਰ ਲਈ ਆਟਾ ਦਾਲ ਤੇ ਮਾਇਆ ਭੇਂਟ ਕਰਨ ਜਾਂਦੇ ਸਨ। ਇਕ ਵਾਰ ਇਹਨਾਂ ਤੋਂ ਪਿਤਾ ਜੀ ਕੱਚਾ ਚਮੜਾ ਖਰੀਦ ਕੇ ਪਠਾਨਕੋਟ ਤੋਂ ਆਏ ਜੋ ਬੂਟਾ ਮੰਡੀ ਵੇਚ ਕੇ ਸ਼ਾਮ ਨੂੰ ਬਿਆਸ ਪਿੰਡ ਆਏ। ਦੂਸਰੇ ਦਿਨ ਲੰਗਰ ਲਈ ਰਸ਼ਦਾਂ-ਵਸਤਾਂ ਖਰੀਦ ਕੇ ਕੁਟੀਆ ਨੂੰ ਚੱਲ ਪਏ। ਸਾਰੇ ਪਰਿਵਾਰ ਨੇ ਮੱਥਾ ਟੇਕਿਆ ਮਹਾਰਾਜ ਸਰਵਣ

ਦਾਸ ਜੀ ਨੇ ਕਿਹਾ ਕਿ ਤੁਸੀਂ ਬੱਚਿਆਂ ਨੂੰ ਇੰਨੀ ਠੰਡ ਵਿਚ ਕਿਉਂ ਲੈ ਕੇ ਆਏ ਹੋ? ਸੰਤਾਂ ਨੇ ਸਾਨੂੰ ਵਰਾਂਡੇ ਵਿਚ ਬਿਠਾ ਲਿਆ। ਸੰਤਾਂ ਨੇ ਸੰਤ ਗਰੀਬ ਦਾਸ ਜੀ ਨੂੰ ਕਿਹਾ ਤੂੰ ਬਾਹਰ ਬੈਠ ਜਾ। ਸੰਤ ਗਰੀਬ ਦਾਸ ਨੇ ਬੁਕਲ ਮਾਰ ਕੇ ਸਿਮਰਣ ਕਰਨਾ ਸ਼ੁਰੂ ਕਰ ਦਿੱਤਾ।

ਸਤਿਗੁਰੂ ਸੁਆਮੀ ਸਰਵਣ ਦਾਸ ਜੀ ਸਿਮਰਨ ਸਮਾਧੀ ਵਿਚ ਲੀਨ ਹੋ ਗਏ। ਮੀਂਹ ਪੈਣਾ ਸ਼ੁਰੂ ਹੋ ਗਿਆ। ਸੰਤ ਗਰੀਬ ਦਾਸ ਬੁਕਲ ਮਾਰ ਕੇ ਮੀਂਹ ਵਿਚ ਬੈਠੇ ਰਹੇ। ਸੰਤਾਂ ਦੀ ਸਮਾਧੀ ਖੁੱਲੀ ਸੰਤ ਗਰੀਬ ਦਾਸ ਨੂੰ ਆਵਾਜ਼ ਮਾਰੀ ਤੂੰ ਬਾਹਰ ਭਿੱਜ ਰਿਹਾ ਹੈ ਅੰਦਰ ਆ ਜਾ। ਸੰਤ ਗਰੀਬ ਦਾਸ ਜੀ ਨੇ ਕਿਹਾ ਆਪ ਜੀ ਨੇ ਹੁਕਮ ਦੇ ਕੇ ਬਾਹਰ ਭੇਜਿਆ ਸੀ ਆਪ ਜੀ ਦੀ ਆਗਿਆ ਤੋਂ ਬਿਨਾਂ ਅੰਦਰ ਕਿਵੇਂ ਆਉਂਦਾ। ਇਸ ਪ੍ਰਕਾਰ ਸਤਿਗੁਰੂ ਜੀ ਨੇ ਆਪਣੀ ਸੰਗਤ ਨੂੰ ਠੰਡ ਵਿਚ ਅੰਦਰ ਰੱਖਿਆ ਅਤੇ ਚੇਲੇ ਨੂੰ ਰਾਤ ਬਾਹਰ ਕਟਵਾਈ। ਸੰਤਾਂ ਦੀ ਸੰਗਤ ਹੀ ਉਹਨਾਂ ਦਾ ਪਰਿਵਾਰ ਹੁੰਦੀ ਹੈ।

### ਸਾਖੀ 417

## ਸੱਤਾਂ ਜਨਮਾਂ ਦਾ ਫਕੀਰ

ਪੁਰਾਣੇ ਸਮਿਆਂ ਦੇ ਪੁਰਸ਼ ਬਹੁਤ ਧਰਮੀ ਖਿਆਲ ਦੇ ਹੁੰਦੇ ਸਨ, ਉਹਨਾਂ ਦੇ ਮਨ ਵਿੱਚ ਧਰਮ ਪ੍ਰਤੀ ਵਿਵਾਦ ਘ੍ਰਿਣਾ ਨਹੀਂ ਸੀ ਹੁੰਦੀ। ਖਾਸ ਕਰਕੇ ਪਿੰਡਾਂ ਵਿੱਚ ਕਾਫ਼ੀ ਸਾਂਝ ਸੀ। ਸਾਰੇ ਦਿਨ ਦਿਹਾੜੇ ਵਿਆਹ-ਸ਼ਾਦੀ, ਖੁਸ਼ੀ-ਗਮੀ ਵਿਚ ਸ਼ਰੀਕ ਹੁੰਦੇ ਸਨ। ਸਾਰੇ ਧਾਰਮਿਕ ਮਹਾਂਪੁਰਸ਼ਾ ਦਾ ਸਤਿਕਾਰ ਕਰਦੇ ਸਨ। ਇੱਕ ਬਾਰ ਬਿਆਸ ਪਿੰਡ ਤੋਂ ਇੱਕ ਜੱਟ ਨੇ ਸਤਿਗੁਰੂ ਸਰਵਣ ਦਾਸ ਜੀ ਨੂੰ ਮੱਥਾ ਟੇਕਿਆ ਸੰਤਾਂ ਨੇ ਕਿਹਾ ਚਾਹ ਪਾਣੀ ਦਿਓ ਤੇ ਚਾਹ ਪਾਣੀ ਪੀ ਕੇ ਸੰਤਾਂ ਦੇ ਪਾਸ ਬੈਠੋ ਦੁਪਹਿਰ ਦਾ ਲੰਗਰ ਛਕਣ ਉਪਰੰਤ ਵਾਪਿਸ ਚਲਾ ਗਿਆ। ਮਨ ਵਿਚ ਫੁਰਨਾ ਆਇਆ ਕਿ ਘਰੋਂ ਆਏ ਹਾਂ ਸੰਤ ਓਕਾਂਰ ਨਾਥ ਕਾਲੇ ਬਾਹੀਆਂ ਵੀ ਮੱਥਾਂ ਟੇਕ ਚਲਦੇ ਹਾਂ ਜਦੋਂ ਕਾਲੇ ਬਾਹੀਆਂ ਪੁੱਜਾ ਸੰਤ ਉਕਾਂਰ ਨਾਥ ਜੀ ਬੋਹੜ ਥੱਲੇ ਬਿਰਾਜਮਾਨ ਸਨ। ਉਹਨੂੰ ਮੱਥਾ ਟੇਕਿਆ ਸੰਤ ਉਕਾਂਰ ਨਾਥ ਜੀ ਨੇ ਕਿਹਾ ਕਿ ਮੇਰੇ ਕੋਲੋਂ ਕੀ ਲੈਣ ਆਇਆ ਹੈ। ਮੈਂ ਇੱਕ ਜਨਮ ਦਾ ਫਕੀਰ ਹਾਂ

ਸਤਿਗੁਰੂ ਸੁਆਮੀ ਸਰਵਣ ਦਾਸ ਜੀ ਸੱਤਾਂ ਜਨਮਾਂ ਦੇ ਫਕੀਰ ਹਨ ਜੋ ਮਿਲਣਾ ਹੈ ਉਸਦੇ ਦਰ ਤੋਂ ਹੀ ਮਿਲਣਾ ਹੈ।

***********

## ਸਾਖੀ 418

## ਦੋ ਕਿਲੋਮੀਟਰ ਵਿੱਚ ਤਿੰਨ ਰੇਲਵੇ ਸਟੇਸ਼ਨ

ਸਤਿਗੁਰੂ ਸਰਵਣ ਦਾਸ ਜੀ ਡੇਰੇ ਦੇ ਹਰ ਸੰਤ ਅਤੇ ਸੇਵਕਾਂ ਦੇ ਅੰਗ ਸੰਗ ਰਹਿੰਦੇ ਹਨ। ਸਤਿਗੁਰੂ ਸਰਵਣ ਦਾਸ ਜੀ ਬਿਆਸ ਪਿੰਡ ਆਏ ਸੰਗਤਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਬੱਸਾਂ ਵਾਲੇ ਬੱਸ ਨਹੀਂ ਰੋਕਦੇ। ਪਿੰਡ ਦੀ ਸਵਾਰੀ ਨੂੰ ਬਹੁਤ ਸਮੱਸਿਆ ਆਉਂਦੀ ਹੈ। ਮਹਾਰਾਜ ਜੀ ਨੇ ਕਿਹਾ ਬਿਆਸ ਪਿੰਡੀਓ ਤਹਾਨੂੰ ਰੇਲਵੇ ਸਟੇਸ਼ਨ ਬਣਾ ਦਿਆਗੇ। ਬਜੁਰਗ ਕਹਿਣ ਲੱਗੇ ਜੋ ਤੁਹਾਡੀ ਇੱਛਾ ਹੈ।

ਬਾਬੂ ਜਗਜੀਵਨ ਰਾਮ ਰੇਲਵੇ ਮੰਤਰੀ ਬਣ ਗਏ। ਰੇਲਵੇ ਵਿਭਾਗ ਤੋਂ ਮਨਜ਼ੂਰੀ ਮਿਲ ਗਈ। ਆਰਜੀ ਤੌਰ 'ਤੇ ਮਿੱਟੀ ਪਾ ਕੇ ਇਕ ਕਮਰਾ ਟਿਕਟਾਂ ਕੱਟਣ ਲਈ ਬਣਾਇਆ ਗਿਆ। ਬਿਆਸ ਪਿੰਡ ਆਏ ਸਤਿਗੁਰੂ ਸਰਵਣ ਦਾਸ ਜੀ ਟਹਿਲਦੇ ਹੋਏ ਸ਼ਟੇਸਨ ਤੇ ਚਲੇ ਗਏ। ਕਾਫ਼ੀ ਬਜੁਰਗ ਨਾਲ ਸਨ। ਉਨ੍ਹਾਂ ਨੇ ਕਿਹਾ ਮਹਾਰਾਜ ਜੀ ਟਿਕਟ ਕਿਥੋਂ ਲੈਣੀ ਹੈ? ਮਹਾਰਾਜ ਜੀ ਦੀ ਕ੍ਰਿਪਾ ਨਾਲ ਸ਼ਟੇਸ਼ਨ ਬਣ ਗਿਆ ਅਤੇ ਚਾਲੂ ਹੋ ਗਿਆ। ਬਿਆਸ ਪਿੰਡ ਤੋਂ ਇਕ ਕਿਲੋਮੀਟਰ ਕਾਲਾ ਬੱਕਰਾ ਅਤੇ ਇੱਕ ਕਿਲੋਮੀਟਰ ਅਲਾਵਲਪੁਰ । ਇਸ ਪ੍ਰਕਾਰ ਦੋ ਕਿਲੋ ਮੀਟਰ ਵਿੱਚ ਤਿੰਨ ਰੇਲਵੇ ਸਟੇਸ਼ਨ ਇਹ ਸਤਿਗੁਰੂ ਸਰਵਣ ਦਾਸ ਜੀ ਦੀ ਦੀ ਕ੍ਰਿਪਾ ਦਾ ਫਲ ਹੈ।

***********

## ਸਾਖੀ 419

## ਸਤਿਗੁਰੂ ਆਪਣੇ ਪਿਆਰਿਆਂ ਦੀ ਹਰ ਥਾਂ ਰੱਖਿਆ ਕਰਦੇ ਹਨ

ਮਹਿੰਦਰ ਪਾਲ ਸਪੁੱਤਰ ਸ਼੍ਰੀ ਕਰਨ ਚੰਦ ਬਿਆਸ ਪਿੰਡ ਵਾਲੇ ਕੁਟੀਆ ਸਤਿਗੁਰੂ ਸਰਵਣ ਦਾਸ ਜੀ ਦੇ ਅਨਿਨ ਸ਼ਰਧਾਲੂ

ਹਨ।ਸਾਰਾ ਪਰਿਵਾਰ ਸਤਿਗੁਰੂ ਦੀ ਰਹਿਮਤ ਸਦਕਾ ਮਿਹਨਤ ਮਜ਼ਦੂਰੀ ਕਰਕੇ ਹੱਕ ਦੀ ਕਮਾਈ ਨਾਲ ਗੁਜਾਰਾ ਕਰਦਾ। ਉਹਨਾਂ ਦਾ ਛੋਟਾ ਭਾਈ ਬਚਨ ਦਾਸ ਵੀ ਡੇਰੇ ਦਾ ਸ਼ਰਧਾਲੂ ਹੈ।

1971 ਈਸਵੀ ਵਿੱਚ ਬਚਨ ਦਾਸ ਦੀ ਮੰਗਣੀ ਦੇ ਸਮੇਂ ਸ਼੍ਰੀ 108 ਸੰਤ ਸਰਵਣ ਦਾਸ ਜੀ ਆਪ ਜੀ ਦੇ ਗ੍ਰਹਿ ਵਿਖੇ ਪਧਾਰੇ ਅਤੇ ਸਤਿਸੰਗ ਕੀਤਾ। ਬਚਨ ਦਾਸ ਨੇ ਮਹਾਰਾਜ ਜੀ ਪਾਸ ਨਾਮ ਦੀ ਦਾਤ ਮੰਗੀ ਸਤਿਗੁਰੂ ਸਰਵਣ ਦਾਸ ਜੀ ਨੇ ਹੁਕਮ ਕੀਤਾ ਕਿ ਸਮਾਂ ਆਉਣ 'ਤੇ ਕ੍ਰਿਪਾ ਹੋ ਜਾਵੇਗੀ।ਇਸ ਪ੍ਰਕਾਰ ਸਮਾਂ ਗੁਜਰਦਾ ਗਿਆ।ਬਚਨ ਦਾਸ ਵੀ ਘਰੇਲੂ ਕੰਮਾਂ ਵਿੱਚ ਵਿਅਸਤ ਹੋ ਗਏ। ਮਹਾਰਾਜ ਜੀ 11 ਜੂਨ 1972 ਨੂੰ ਸੱਚ ਖੰਡ ਜਾ ਬਿਰਾਜੇ।ਆਪ ਜੀ ਨੂੰ ਨਾਮ ਦੀ ਦਾਤ 108 ਸੰਤ ਹਰੀਦਾਸ ਜੀ ਪਾਸੋਂ ਪ੍ਰਾਪਤ ਹੋਈ।ਮਹਾਰਾਜ ਜੀ ਦੇ ਹੁਕਮ ਨਾਲ ਬਚਨ ਦਾਸ 1982 ਵਿੱਚ ਕੁਵੈਤ ਚਲਾ ਗਿਆ। ਮਿਤੀ 2 ਅਗਸਤ 1990 ਨੂੰ ਇਰਾਕ ਨੇ ਹਮਲਾ ਕਰ ਦਿੱਤਾ। ਉਸ ਵਕਤ ਇਰਾਕ ਵਿੱਚ ਸੁਦਾਮ ਹੁਸੈਨ ਰਾਜ ਕਰਦਾ ਸੀ। ਇਰਾਕ ਵਿੱਚ ਵਸਦੇ ਭਾਰਤੀ ਵਾਪਿਸ ਦੇਸ਼ ਪਰਤਣ ਲੱਗੇ। ਅਸ਼ਾਂਤੀ ਦਾ ਮਾਹੌਲ ਸੀ ਕੁਵੈਤ ਤੋਂ ਭਾਰਤ ਆਉਣ ਲਈ ਪਹਿਲਾਂ ਇਰਾਕ ਫਿਰ ਵਾਇਆ ਜੌਰਡਨ ਬੰਬੇ ਆਉਂਣਾ ਪੈਂਦਾ ਸੀ।

ਬਚਨ ਦਾਸ ਨੇ ਦੱਸਿਆ ਕਿ 14 ਸਤੰਬਰ 1990 ਜੌਰਡਨ ਏਅਰਪੋਰਟ ਤੇ ਰਾਤ ਦੇ ਗਿਆਰਾਂ ਵਜੇ ਦਾ ਵਕਤ ਸੀ ਅਸੀਂ ਭੁੱਖ ਨਿਭਾਣੇ ਏਅਰਪੋਰਟ ਦੇ ਅੰਦਰ ਜਾਣ ਲਈ ਕਤਾਰਾਂ ਵਿੱਚ ਖੜੇ ਸਨ। ਭਾਰੀ ਭੀੜ ਸੀ ਮੈਂ ਸਤਿਗੁਰੂ ਸਰਵਣ ਦਾਸ ਜੀ ਨੂੰ ਯਾਦ ਕੀਤਾ ਮਹਾਰਾਜ ਸਾਨੂੰ ਭੁੱਖਿਆਂ ਨੂੰ ਵੀ ਅੰਨ ਨਸੀਬ ਨਹੀਂ ਹੋਇਆ। ਆਪ ਸਾਡੇ ਅੰਨ ਦਾਤਾ ਹੋ ਕ੍ਰਿਪਾ ਕਰੋ।ਬਚਨ ਦਾਸ ਦੇ ਮਾਮੇ ਦਾ ਲੜਕਾ ਸੁਰਿੰਦਰ ਪਾਲ ਮਿਠੜੇ ਤੋਂ ਸੀ ਜਿਸ ਨੇ ਕਿਹਾ ਮੈਂ ਪੇਸ਼ਾਬ ਕਰਨ ਜਾਣਾ ਹੈ। ਮੈਂ ਉਸਨੂੰ ਕਿਹਾ ਬਾਹਰ ਹਨੇਰੇ ਵਿੱਚ ਜਾ ਆਵੋ। ਜਦ ਸੁਰਿੰਦਰ ਪਾਲ ਬਾਹਰ ਹਨੇਰੇ ਵਾਲੀ ਜਗ੍ਹਾ ਵੱਲ ਗਿਆ ਉਥੇ ਇੱਕ ਬਜੁਰਗ ਜਿਸਨੇ ਸਫੈਦ ਕੱਪੜੇ ਭਗਵੀ ਪੱਗ ਪਹਿਨੀ ਹੋਈ ਸੀ ਅਤੇ ਉਸ ਦੇ ਹੱਥ ਵਿੱਚ ਖੂੰਡਾ ਸੀ ਗੱਡੀ ਲੈ ਕੇ ਖੜ੍ਹਾ ਸੀ।ਉਸ ਨੇ ਸੁਰਿੰਦਰ ਪਾਲ ਨੂੰ ਸੱਦਿਆ ਅਤੇ ਕਿਹਾ, 'ਤੁਸੀ ਕਿੰਨੇ ਆਦਮੀ ਹੋ?'ਸੁਰਿੰਦਰ

ਪਾਲ ਨੇ ਕਿਹਾ ਕਿ ਜੀ ਅਸੀਂ ਦੋ ਆਦਮੀ ਹਾਂ। ਉਸਨੇ ਰੋਟੀਆਂ ਦਿੱਤੀਆਂ ਅਤੇ ਕਿਹਾ ਕਿ ਜਿੰਨੇ ਆਦਮੀ ਹੋ ਇੱਕ ਇੱਕ ਕਰਕੇ ਲੈ ਜਾਓ। ਫਿਰ ਮੈਂ ਗਿਆ ਤਾਂ ਮੇਰੇ ਨਾਲ ਮੇਰੇ ਨਾਲ ਵੀ ਅਜਿਹਾ ਹੀ ਵਾਪਰਿਆ। ਬਾਕੀ ਆਦਮੀ ਪੁਛਣ ਲੱਗੇ ਕਿ ਤੁਸੀਂ ਇਹ ਖਾਣਾ ਕਿਥੋ ਲਿਆ ਅਸੀਂ ਦੱਸਿਆ ਬਾਹਰ ਇੱਕ ਸਾਧੂ ਇਹ ਖਾਣਾ ਵੰਡ ਰਿਹਾ ਹੈ।ਜਦ ਉਹ ਬਾਹਰ ਗਏ, ਤਾਂ ਉਥੇ ਕੋਈ ਵੀ ਨਹੀਂ ਸੀ।ਸਾਰੇ ਹੈਰਾਨ ਹੋਏ। ਅਸੀਂ ਸਤਿਗੁਰੂ ਦਾ ਸ਼ੁਕਰ ਕੀਤਾ ਕਿ ਮਹਾਰਾਜ ਜੀ ਤੁਸੀਂ ਧੰਨ ਹੋ ਤੁਹਾਡੀ ਲੀਲਾ ਨਿਆਰੀ ਹੈ। ਆਪ ਜੀ ਦਾ ਕੋਈ ਅੰਤ ਨਹੀਂ ਹੈ। ਇਸ ਤਰ੍ਹਾਂ ਸਤਿਗੁਰੂ ਵਿਦੇਸ਼ਾਂ ਵਿੱਚ ਵੀ ਆਪਣੇ ਸੇਵਕਾਂ ਦੀ ਰੱਖਿਆ ਕਰਦੇ ਹਨ। ਲੋੜ ਕੇਵਲ ਉਹਨਾਂ 'ਤੇ ਭਰੋਸਾ ਕਰਨ ਦੀ ਹੈ।

***********

## ਸਾਖੀ 420

## ਸਤਿਗੁਰੂ ਆਪਣੇ ਸੇਵਕਾਂ ਤੋਂ ਆਪ ਹੀ ਨਾਮ ਜਪਾਉਂਦੇ ਹਨ

ਬੀਬੀ ਪ੍ਰੀਤਮ ਕੌਰ ਧਰਮ ਪਤਨੀ ਸਵਰਗੀ ਤੁਲਸਾ ਸਿੰਘ ਮਿਸਤਰੀ ਪਿੰਡ ਰਾਏਪੁਰ ਰਸੂਲਪੁਰ ਜਲੰਧਰ ਵਾਲੇ ਜਿਨ੍ਹਾਂ ਦੇ ਵੱਡੇ ਸਪੁੱਤਰ ਦੀ ਮੌਤ ਹੋ ਚੁੱਕੀ ਸੀ ਅਤੇ ਉਹ ਉਸਦੇ ਵਿਯੋਗ ਵਿੱਚ ਅਕਸਰ ਹੀ ਰੋਦੇਂ ਰਹਿੰਦੇ ਸਨ ਅਤੇ ਉਦਾਸ ਰਹਿੰਦੇ ਸਨ।ਉਹਨਾਂ ਬਿਰਧ ਅਵਸਥਾ ਵਿੱਚ ਆ ਕੇ ਸਤਿਗੁਰੂ ਸਰਵਣ ਦਾਸ ਜੀ ਤੋਂ ਨਾਮ ਦੀ ਦਾਤ ਪ੍ਰਾਪਤ ਕੀਤੀ ਸੀ ਅਤੇ ਭਜਨ ਬੰਦਗੀ ਕਰਿਆ ਕਰਦੇ ਸਨ।

ਗਰਮੀਆਂ ਦੇ ਦਿਨ ਸਨ ਬੀਬੀ ਪ੍ਰੀਤਮ ਕੌਰ ਜੀ ਤੜਕੇ 4 ਵਜੇ ਦਾ ਵਕਤ ਸੀ ਅਪਣੇ ਵਿਹੜੇ ਵਿੱਚ ਸੁੱਤੇ ਪਏ ਸਨ ਕਿ ਸੁਪਨੇ ਵਿੱਚ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਨੇ ਸਿਰ ਵਿੱਚ ਖੂੰਡਾ ਲਾਇਆ ਅਤੇ ਕਿਹਾ ਕਿ ਤੁਹਾਨੂੰ ਨਾਮਦਾਨ ਜੱਪਣ ਵਾਸਤੇ ਦਿੱਤਾ ਹੈ। ਤੁਸੀਂ ਆਪਣਾ ਜੀਵਨ ਸੌਂ ਕੇ ਖਰਾਬ ਕਰ ਰਹੇ ਹੋ।ਦੋ ਦਿਨ ਬਾਅਦ ਦਿਨ ਸਿਰ ਹਲਕਾ ਹੋ ਗਿਆ ਅਤੇ ਜੋ ਦੁਖਦਾ ਰਹਿੰਦਾ ਸੀ ਉਹ ਵੀ ਠੀਕ ਹੋ ਗਿਆ ਜੋ ਪਿਛਲੇ 10 ਸਾਲ ਤੋਂ ਨਹੀਂ ਸੀ ਹਟਿਆ 1996 ਵਿੱਚ

ਚਲਾਣਾ ਕਰਨ ਦੇ ਦਿਨ ਤੱਕ ਵੀ ਸਿਰ ਨਹੀਂ ਦਰਦ ਨਹੀਂ ਕੀਤਾ।

(ਕਿਸ਼ਨ ਸਿੰਘ ਵਿਰਦੀ ਪੁਤਰ ਤੁਲਸਾ ਸਿੰਘ ਵਿਰਦੀ 19-2-2017)

***********

## ਸਾਖੀ 421

## ਧੰਨ ਹੈ ਮੇਰਾ ਸਤਿਗੁਰੂ ਸੁਆਮੀ ਸਰਵਣ ਦਾਸ ਜੀ

ਉੱਤਰਾਖੰਡ ਡਿਸਟ੍ਰਿਕ ਚਮਲੀ ਘੜਵਾਲ ਜੋ ਯੂ.ਪੀ ਵਿੱਚ ਰਿਸ਼ੀਕੇਸ਼ ਤੋਂ ਸੜਕ ਜੋਸ਼ੀਮੱਠ ਹੇਮਕੁੰਟ ਬਦਰੀਨਾਥ ਨੂੰ ਜਾਂਦੀ ਹੈ। ਰੁਦਰਪਰਿਆਗ ਅਤੇ ਕਰਨਪਰਿਆਗ ਵਿਚਕਾਰ ਇੱਕ ਕਸਬਾ ਗੌਚਰ ਪੈਂਦਾ ਹੈ ਜਿਥੇ ਹਰ ਸਾਲ ਪੰਚਸ਼ੀਲ ਮੇਲਾ ਲਗਦਾ ਹੈ।

ਕਿਸ਼ਨ ਸਿੰਘ ਵਿਰਦੀ ਵਾਸੀ ਰਾਏਪੁਰ ਰਸੂਲਪੁਰ ਸਰਕਾਰੀ ਨੌਕਰੀ ਕਰਦਾ ਸੀ। ਸਮਾਂ 1976 ਦਾ ਗਰਮੀਆਂ ਦਾ ਸੀ ਕਿ ਰਾਤ ਦੇ ਸਮੇਂ ਇਤਨੀ ਤੇਜ ਹਨੇਰੀ ਆਈ ਕਿ ਛੱਤਾਂ ਦੀਆਂ ਚਾਦਰਾਂ ਉਡਣ ਲੱਗੀਆਂ।ਇਕ ਹੋਰ ਵਿਅਕਤੀ ਵੀ ਕਿਸ਼ਨ ਸਿੰਘ ਵਿਰਦੀ ਦੇ ਕੁਆਟਰ ਵਿੱਚ ਸੁੱਤਾ ਹੋਇਆ ਸੀ ਜਿਸਨੂੰ ਚੌਧਰੀ ਸਾਹਿਬ ਕਹਿ ਕੇ ਬੁਲਾਉਂਦੇ ਸਨ ਨੇ ਕਿਹਾ ਕਿ ਵਿਰਦੀ ਸਾਹਿਬ ਹੁਣ ਕੀ ਕਰੀਏ ਅਸੀਂ ਦੋਨੋ ਮੰਜਿਆਂ ਦੇ ਹੇਠਾਂ ਵੜ ਗਏ। ਬਿਜਲੀ ਬੰਦ ਸੀ ਅਤੇ ਅਸੀਂ ਦੋਨੋਂ ਇੱਕ ਦੂਸਰੇ ਨੂੰ ਦਿਖਾਈ ਨਹੀਂ ਦੇ ਰਹੇ ਸੀ। ਥੋੜੀ ਦੇਰ ਬਾਦ ਚੌਧਰੀ ਸਾਹਿਬ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਕਹਿਣ ਲੱਗਾ ਵਿਰਦੀ ਸਾਹਿਬ ਜੀ ਮੈਂ ਦੱਬ ਗਿਆ।ਮੈਨੂੰ ਬਚਾਓ ਬਚਾਓ, 'ਮੈਂ ਜਿਗਰਾ ਕਰਕੇ ਉਸਨੂੰ ਨੂੰ ਮੰਜੇ ਥੱਲਿਓ ਕੱਢਣ ਲੱਗਾ ਉਸਦੀ ਲੱਤ ਮੇਰੇ ਹੱਥ ਆ ਗਈ ਮੈਂ ਘੜੀਸ ਕੇ ਕੱਢਿਆ ਤੇ ਬਾਹਰ ਮੈਦਾਨ ਵਲ੍ਹ ਭੱਜ ਗਏ। ਬਾਹਰ ਮੀਂਹ ਹਨੇਰੀ ਬਹੁਤ ਜ਼ੋਰ ਦੀ ਸੀ ਪਤਾ ਨਹੀਂ ਉਹ ਕਿਧਰ ਭੱਜ ਗਿਆ ਤੇ ਮੈਂ ਜੋ ਮੈਨੂੰ ਫੈਮਿਲੀ ਕੁਆਟਰ ਮਿਲਿਆ ਸੀ ਕਿਸੇ ਹੋਰ ਨੂੰ ਦਿੱਤਾ ਸੀ ਉੱਥੇ ਭੱਜ ਕੇ ਜਾਨ ਬਚਾਈ।ਜਦੋਂ ਮੈਂ ਸਵੇਰੇ ਉਠ ਕੇ ਆਪਣੇ ਕਮਰੇ ਨੂੰ ਆ ਰਿਹਾ ਸੀ ਸਾਰਾ ਸਟਾਫ਼ ਗੱਲਾਂ ਕਰ ਰਿਹਾ ਸੀ ਪੁਲਿਸ ਨੂੰ ਸੂਚਿਤ ਕਰ ਦਿਓ ਅਤੇ ਮੌਕਾ ਦਿਖਾ ਦਿਓ। ਮੈਂ ਆਪਣੀ

ਲਾਲ ਪੱਗੜੀ ਧੋ ਕੇ ਅਟੈਚੀ ਉਪਰ ਰੱਖੀ ਹੋਈ ਸੀ ਜੋ ਮੰਜੇ ਦੇ ਹੇਠਾਂ ਸੀ ਉਹ ਪੱਥਰਾਂ ਦੀ ਕੰਧ ਢਹਿ ਕੇ ਡਿਗੀ ਹੋਈ ਸੀ ਸਾਰੇ ਸਮਝਣ ਲੱਗੇ ਕਿ ਵਿਰਦੀ ਥੱਲੇ ਆ ਕੇ ਮਰ ਗਿਆ ਹੋਵੇਗਾ।ਕੁਝ ਬੰਦਿਆ ਨੇ ਮੈਨੂੰ ਸਾਹਮਣੇ ਆਉਂਦਾ ਦੇਖ ਕੇ ਭੱਜ ਕੇ ਮੈਨੂੰ ਜੱਫ਼ੀ ਪਾਈ ਅਤੇ ਕਿਹਾ ਕਿ ਵਿਰਦੀ ਸਾਹਿਬ ਤਾਂ ਔਹ ਆ ਰਹੇ ਹਨ।ਸਾਰੇ ਹੈਰਾਨ ਹੋਏ ਮੈਨੂੰ ਘੁੱਟ ਕੇ ਜੱਫ਼ੀਆਂ ਪਾਉਣ ਲੱਗੇ। ਮਿੰਟਾਂ ਵਿੱਚ ਸਾਰਾ ਮਾਹੌਲ ਖੁਸ਼ੀ ਵਿੱਚ ਬਦਲ ਗਿਆ। ਸਟਾਫ਼ ਦੇ ਹਰੇਕ ਮੈਂਬਰ ਦੇ ਮੂੰਹ ਉਪਰ ਲਾਲੀ ਆ ਗਈ ਸੀ।ਘਟਨਾ ਇਸ ਤਰ੍ਹਾਂ ਵਾਪਰੀ ਕਿ ਮੇਰਾ ਰੂਮ ਮੇਟ ਚੌਧਰੀ ਮੈਨੂੰ ਕਹਿੰਦਾ ਤੁਸੀਂ ਭਾਅ ਜੀ ਮੈਨੂੰ ਲੱਤੋਂ ਫੜ੍ਹ ਕੇ ਘੜੀਸ ਕੇ ਬਾਹਰ ਕੱਢਿਆ। ਮੈਂ ਜਵਾਬ ਦਿੱਤਾ ਕਿ ਤੂੰ ਆਪ ਹੀ ਤਾਂ ਰੌਲਾ ਪਾ ਰਿਹਾ ਸੀ ਕਿ ਮੈਂ ਦੱਬ ਗਿਆ ਮੈਨੂੰ ਬਚਾਓ ਬਚਾਓ, ਮਰ ਚੱਲਿਆ ਵਿਰਦੀ ਸਾਹਿਬ ਬਾਹਰ ਕੱਢੋ। ਉਹ ਕਹਿਣ ਲੱਗਾ ਮੈਂ ਕਦੋਂ ਦੁਹਾਈ ਪਾਈ ਤੇ ਨਾ ਤੁਹਾਨੂੰ ਅਵਾਜਾਂ ਮਾਰੀਆ ਹਨ? ਮੈਂ ਉਥੋਂ ਸਮਝ ਗਿਆ ਕਿ ਜਿਨ੍ਹਾਂ ਦਾ ਨਾਮ ਭਜਨ ਕਰਕੇ ਮੈਂ ਸੌਂਦਾ ਹਾਂ ਉਹਨਾਂ ਨੇ ਹੀ ਇਹ ਕੌਤਕ ਰਚਾਇਆ ਹੈ। ਅਤੇ ਅਵਾਜਾਂ ਵੀ ਉਹਨਾਂ ਨੇ ਹੀ ਮਰਵਾਈਆਂ ਹਨ। ਮੈਂ ਬਾਹਰ ਨਾ ਆਉਦਾਂ ਤਾਂ ਮੈਂ ਕੰਧ ਥੱਲੇ ਆ ਕੇ ਮਰ ਜਾਣਾ ਸੀ।ਮਾਰਨ ਨਾਲੋਂ ਬਚਾਉਣ ਵਾਲਾ ਧੰਨ ਹੈ ਮੇਰਾ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਮਹਾਰਾਜ

(ਕਿਸ਼ਨ ਰਾਮ ਵਿਰਦੀ ਵਿਸ਼ੇਸ਼ ਵਾਰਤਾ 19-2-2017)

***********

## ਸਾਖੀ 422

## ਸ੍ਰੀ ਕਿਸ਼ਨ ਸਿੰਘ ਵਿਰਦੀ ਦੀ ਪਤਨੀ ਨੂੰ ਜੀਵਤ ਕਰਨਾ

ਅਗਸਤ 1968 ਵਿੱਚ ਸ੍ਰੀ ਕਿਸ਼ਨ ਸਿੰਘ ਵਿਰਦੀ ਸੰਥਾਲ ਪਰਗਾਨਾ ਬਿਹਾਰ ਵਿੱਚ ਨੌਕਰੀ ਕਰਦਾ ਸੀ।ਉਸਦੀ ਧਰਮ ਪਤਨੀ ਡਲਿਵਰੀ ਦਾ ਸਮਾਂ ਨਜਦੀਕ ਹੋਣ ਕਾਰਣ ਜੱਦੀ ਪਿੰਡ ਰਾਏਪੁਰ ਰਸੂਲਪੁਰ ਵਿੱਚ ਬਜੁਰਗਾਂ ਪਾਸ ਰਹਿੰਦੀ ਸੀ। ਉਥੋਂ ਆਪਣੇ ਪੇਕੇ ਘਰ ਭੇਜੀ ਗਈ ਸੀ। ਡਲਿਵਰੀ ਦੀ ਹਾਲਤ ਵਿੱਚ ਹੋਣ ਕਾਰਣ

ਉਸਦੀ ਸਿਹਤ ਜਿਆਦਾ ਵਿਗੜ ਗਈ। ਜਦੋਂ ਇਹ ਖ਼ਬਰ ਪਿੰਡ ਰਾਏਪੁਰ ਸ਼੍ਰੀ ਤੁਲਸਾ ਸਿੰਘ ਵਿਰਦੀ ਨੂੰ ਪਤਾ ਲਗੀ ਉਸਨੇ ਕੁਟੀਆ ਜਾ ਕੇ ਮਹਾਰਾਜ ਸਰਵਣ ਦਾਸ ਜੀ ਅੱਗੇ ਅਰਦਾਸ ਕੀਤੀ ਤਾਂ ਮਹਾਰਾਜ ਜੀ ਨੇ ਕਿਹਾ, ਤੁਲਸਾ ਸਿੰਘ ਤੈਨੂੰ ਦੋ ਚੀਜ਼ਾਂ ਵਿੱਚੋਂ ਕੀ ਚਾਹੀਦਾ ਹੈ ਨੂੰਹ ਚਾਹੀਦੀ ਹੈ ਜਾਂ ਬੱਚਾ? ਦੱਸੋ ਸੋਚ ਕੇ ਜਵਾਬ ਦਿਓ। ਤੁਲਸਾ ਸਿੰਘ ਵਿਰਦੀ ਨੇ ਕਿਹਾ ਕਿ ਨੂੰਹ ਠੀਕ ਹੋਵੇਗੀ ਤਾਂ ਔਲਾਦ ਦਾ ਮੂੰਹ ਫਿਰ ਦੇਖ ਲਵਾਂਗੇ। ਮਹਾਰਾਜ ਜੀ ਨੇ ਇੱਕ ਵਰਕੇ ਉਪਰ ਚਕਰਵਿਊ ਬਣਾ ਕੇ ਨਕਸ਼ਾ ਦਿੱਤਾ ਅਤੇ ਕਿਹਾ ਅੰਦਰਲੇ ਪਾਸਿਓ ਦੇਖਣਾ ਸ਼ੁਰੂ ਕਰਨਾ ਹੈ ਜਿਸ ਪਾਸੇ ਨੂੰ ਲਕੀਰ ਜਾਂਦੀ ਹੈ ਉਸਨੂੰ ਦੇਖਦਾ ਦੇਖਦਾ ਬਾਹਰ ਨਿਕਲਣਾ ਹੈ ਉੱਥੋਂ ਇਹ ਚੀਜ਼ ਲੈ ਕੇ ਜਦੋਂ ਤੁਲਸਾ ਸਿੰਘ ਆ ਰਿਹਾ ਸੀ ਤਾਂ ਉਸਨੂੰ ਕੋਈ ਧੱਕਾ ਲੱਗਾ ਸਾਇਕਲ ਸਮੇਤ ਨਹਿਰ ਵਿੱਚ ਡਿਗ ਪਿਆ।ਪ੍ਰੰਤੂ ਉਹ ਪੇਪਰ ਹੱਥ ਵਿੱਚ ਹੀ ਘੁੱਟ ਕੇ ਰੱਖਿਆ। ਮਹਾਰਾਜ ਜੀ ਦੇ ਦੱਸੇ ਮੁਤਾਬਿਕ ਇਸ ਪ੍ਰਕਾਰ ਹੀ ਦੇਖਿਆ ਅਤੇ ਡਲਿਵਰੀ ਹੋ ਗਈ। ਘਰ ਵਿੱਚ ਬਾਲਕ ਪੈਦਾ ਹੋਇਆ ਜੋ 4 ਘੰਟੇ ਬਾਦ ਹੀ ਬਹੁਤ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਸਵਾਸ ਛੱਡ ਗਿਆ। ਉਸ ਤੋਂ ਬਾਅਦ ਕਿਸ਼ਨ ਸਿੰਘ ਵਿਰਦੀ ਦੇ ਦੱਸਣ ਅਨੁਸਾਰ ਉਸਦੀ ਪਤਨੀ ਦੀ ਹਾਲਤ ਗੰਭੀਰ ਖਰਾਬ ਹੋ ਗਈ ਸਾਰੇ ਰਿਸ਼ਤੇਦਾਰ ਸੰਬੰਧੀ ਅਬਾਦਪੁਰੇ ਪਹੁੰਚ ਗਏ।ਉਸ ਦੀ ਪਤਨੀ ਵੀ ਸਵਾਸ ਛੱਡ ਗਈ।

ਵਿਰਦੀ ਦੀ ਪਤਨੀ ਦੇ ਮੁਤਾਬਕ ਜਦੋਂ ਉਹ ਇਕ ਉਹ ਇੱਕ ਦਮ ਹੋਸ਼ ਵਿੱਚ ਆ ਗਈ ਸਾਰੇ ਰਿਸ਼ਤੇਦਾਰ ਸੰਸਕਾਰ ਦੀਆ ਤਿਆਰੀਆ ਕਰ ਰਹੇ ਸਨ। ਉਸ ਨੂੰ ਹਨੇਰੇ ਵਿੱਚ ਇੱਕ ਜੋਤ ਦਿਖਾਈ ਦਿੱਤੀ। ਜਿਥੇ ਸ਼੍ਰੀ 108 ਸੰਤ ਸਰਵਣ ਦਾਸ ਜੀ ਖਲੋਤੇ ਸਨ।ਉਨ੍ਹਾਂ ਮੈਨੂੰ ਮੇਰੇ ਸੱਜੇ ਹੱਥ ਦੀ ਉਂਗਲੀ ਫੜ ਕੇ ਇੱਕ ਘੇਰੇ ਵਿੱਚੋ ਬਾਹਰ ਸੁਟਿਆ।ਮੇਰੇ ਮੂੰਹ ਵਿੱਚੋ ਮਹਾਰਾਜ ਜੀ ਦਾ ਨਾਮ ਨਿਕਲਿਆ। ਇਹ ਅਵਾਜ਼ ਉਸ ਵਕਤ ਪਾਸ ਬੈਠੇ ਰਿਸ਼ਤੇਦਾਰਾਂ ਦੇ ਕੰਨਾਂ ਵਿੱਚ ਵੀ ਪਈ। ਸਾਰੀ ਗਲੀ ਵਿੱਚ ਰੌਲਾ ਪੈ ਗਿਆ ਕਿ ਮਹਾਰਾਜ ਜੀ ਨੇ ਕਿਹਾ ਕਿ ਤੂੰ ਨਹੀਂ ਜਾਣਾ ਤੇਰੇ ਨਾਮ ਦੀ ਸਵਰਨਜੀਤ ਕੌਰ ਹੋਰ ਹੈ।ਉਸ ਦੀ ਵਾਰੀ ਹੈ। ਇਸ ਪ੍ਰਕਾਰ

ਸਤਿਗੁਰੂ ਸਰਵਣ ਦਾਸ ਜੀ ਜੋ ਆਪਣੇ ਪਿਆਰੇ ਸੇਵਕਾਂ ਦੀ ਰੱਖਿਆ ਕਰਦੇ ਹਨ ਅਤੇ ਅੰਤ ਸਮੇਂ ਵੀਂ ਸਹਾਈ ਹੁੰਦੇ ਹਨ। ਜੋ ਸੱਚੇ ਮਨ ਨਾਲ ਆਪਣੇ ਗੁਰੂਆਂ ਨੂੰ ਸਮਰਪਿਤ ਹੋ ਜਾਂਦੇ ਹਨ। ਸਤਿਗੁਰੂ ਉਹਨਾਂ ਦੇ ਖ਼ੁਦ ਕਾਰਜ ਸਵਾਰਦੇ ਹਨ।

(ਖ਼ੁਦ ਆਪ ਕਿਸ਼ਨ ਸਿੰਘ ਵਿਰਦੀ 19-2-2017)

***********

## ਸਾਖੀ 423

## ਕਿਸ਼ਨ ਸਿੰਘ ਵਿਰਦੀ ਨੂੰ ਬਚਾਉਣਾ ਅਤੇ ਬਹਾਦਰੀ ਐਵਾਰਡ ਮਿਲਣਾ

ਕਿਸ਼ਨ ਸਿੰਘ ਵਿਰਦੀ ਸਪੁੱਤਰ ਸ਼੍ਰੀ ਤੁਲਸਾ ਸਿੰਘ ਵਿਰਦੀ ਕੁਟੀਆ ਸੰਤ ਸਰਵਣ ਦਾਸ ਜੀ ਦੇ ਸ਼ਰਧਾਲੂ ਸਨ ਅਤੇ ਅਕਸਰ ਇਥੇ ਆ ਕੇ ਸੇਵਾ ਕਰਦੇ। ਉਹਨਾਂ ਦਾ ਜੱਦੀ ਪਿੰਡ ਰਾਏਪੁਰ ਰਸੂਲਪੁਰ ਸੀ। ਕਿਸ਼ਨ ਸਿੰਘ ਵਿਰਦੀ ਦੀ ਸ਼ਾਦੀ 8 ਦਸੰਬਰ 1965 ਨੂੰ ਬੀਬੀ ਸਵਰਨਜੀਤ ਕੌਰ ਸਪੁੱਤਰ ਸ਼੍ਰੀ ਸਾਧੂ ਰਾਮ ਅਬਾਦਪੁਰੇ ਵਾਲਿਆਂ ਨਾਲ ਹੋਈ। ਮਿਤੀ 22 ਦਸੰਬਰ 1965 ਨੂੰ ਸ਼੍ਰੀ ਕਿਸ਼ਨ ਸਿੰਘ ਅਤੇ ਬੀਬੀ ਸਰਨਜੀਤ ਕੌਰ ਨੂੰ ਸੰਤ ਸਰਵਣ ਦਾਸ ਜੀ ਪਾਸੋਂ ਨਾਮ ਦੀ ਦਾਤ ਪ੍ਰਾਪਤ ਹੋਈ। ਮਿਤੀ 11-1-1966 ਨੂੰ ਕਿਸ਼ਨ ਸਿੰਘ ਨੂੰ ਸੰਥਾਲ ਪਰਗਣਾ ਬਿਹਾਰ ਵਿੱਚ ਇੱਕ ਪ੍ਰੋਜੈਕਟ ਤੇ ਜੂਨੀਅਰ ਇੰਜੀਨੀਅਰ ਦੀ ਨੌਕਰੀ ਮਿਲ ਗਈ ਅਤੇ ਮਹਾਰਾਜ ਜੀ ਪਾਸੋਂ ਆਗਿਆ ਲੈ ਕੇ ਡਿਊਟੀ 'ਤੇ ਚਲੇ ਗਿਆ। ਮਹਾਰਾਜ ਜੀ ਨੇ ਵਿਰਦੀ ਨੂੰ ਇੱਕ ਦਸਤਾਰ ਅਤੇ ਪ੍ਰਸ਼ਾਦ ਦੇ ਕੇ ਆਸ਼ੀਰਵਾਦ ਦਿੱਤਾ ਕਿ ਆਪਣੀ ਡਿਊਟੀ ਪੂਰੀ ਇਮਾਨਦਾਰੀ ਨਾਲ ਨਿਭਾਉਣੀ ਤੂੰ ਤਰੱਕੀਆਂ ਪਾਵੇਗਾ।

1ਜੂਨ 1966 ਵਿੱਚ ਕਿਸਨ ਸਿੰਘ ਵਿਰਦੀ ਆਪਣੇ ਸਟਾਫ਼ ਦੇ ਦਿਨ ਬਜ਼ਾਰ ਵਿੱਚ ਜਾ ਰਹੇ ਸੀ। ਪਹਾੜੀ ਇਲਾਕਾ ਸੀ। ਮੈਂ ਟਰੱਕ ਵਿੱਚ ਬੈਠਾ ਸਿਮਰਨ ਕਰ ਰਿਹਾ ਸੀ। ਅਚਾਨਕ ਬਰੇਕ ਦੀ ਖਰਾਬੀ ਕਾਰਣ ਉਨ੍ਹਾਂ ਦਾ ਟਰੱਕ ਪਲਟੀ ਖਾ ਕੇ ਖੇਤ ਵਿੱਚ ਉਲਟ ਗਿਆ। ਬਾਹਰ ਜੰਗਲ ਸੀ ਉਥੇ ਕੋਈ ਵੀ ਨਹੀਂ ਸੀ ਪਤਾ ਨਹੀਂ ਕਿਸ਼ਨ ਸਿੰਘ

ਵਿਰਦੀ ਨੂੰ ਬਾਂਹ ਤੋਂ ਖਿੱਚ ਕੇ ਘਾਹ ਤੇ ਕਿਸ ਨੇ ਸੁਟਿਆ ਅਤੇ ਉਪਰੰਤ ਕਿਸਨ ਸਿੰਘ ਵਿਰਦੀ ਨੇ ਬੜ੍ਹੇ ਹੌਂਸਲੇ ਨਾਲ ਬਾਕੀ ਸਾਥੀਆਂ ਨੂੰ ਖਿਚ ਕੇ ਬਾਹਰ ਕੱਢਿਆ। ਉਹਨਾਂ ਦੇ ਕਾਫ਼ੀ ਚੋਟਾਂ ਲੱਗੀਆਂ ਹੋਈਆਂ ਸਨ। ਵਿਰਦੀ ਦਾ ਸਤਿਗੁਰੂ ਦੀ ਕਿਰਪਾ ਨਾਲ ਵਾਲ ਵੀ ਨਹੀਂ ਵਿੰਗਾ ਨਹੀਂ ਸੀ ਹੋਇਆ ਟਰੱਕ ਦੇ ਪਿਛਲੇ ਡਾਲੇ ਵਿੱਚ ਕਰੀਬ 40 ਔਰਤਾ ਮਰਦ ਸਨ ਜੋ ਕਾਫ਼ੀ ਜ਼ਖਮੀ ਹੋਏ। ਕਿਸ਼ਨ ਸਿੰਘ ਵਿਰਦੀ ਬੜੀ ਹੁਸ਼ਿਆਰੀ ਨਾਲ ਭੱਜ ਕੇ 7 ਕਿਲੋ ਮੀਟਰ ਦਾ ਸਫਰ ਤੈਅ ਕਰਕੇ ਪੈਦਲ ਹੀ ਕੈਪਟਨ ਐਮ.ਈ.ਐਸ ਨੂੰ ਸਾਰੀ ਕਹਾਣੀ ਦੱਸੀ ਅਤੇ ਉਹਨਾਂ ਨੇ ਮਦਦ ਕਰਕੇ ਜਖਮੀਆਂ ਨੂੰ ਟਰੱਕਾਂ ਰਾਹੀਂ ਹਸਪਤਾਲ ਪਹੁੰਚਾਇਆ ਅਗਲੇ ਦਿਨ ਪੜਤਾਲ ਕਰਨ ਲਈ ਡਿਊਟੀ ਕਮਿਸ਼ਨਰ ਦੁੱਮਕਾ ਸ਼ਹਿਰ ਤੋਂ ਸਟਾਫ਼ ਮੈਂਬਰ ਆਏ ਅਤੇ ਇਨਕੁਆਰੀ ਉਪਰੰਤ ਸ੍ਰੀ ਕਿਸਨ ਸਿੰਘ ਵਿਰਦੀ ਨੂੰ ਬਹਾਦਰੀ ਅਵਾਰਡ ਦੇ ਕੇ ਆਲ੍ਹਾ ਅਫਸਰਾਂ ਵਲੋ ਸਨਮਾਨਿਤ ਕੀਤਾ ਗਿਆ। ਇਸ ਪ੍ਰਕਾਰ ਸਤਿਗੁਰੂ ਸਰਵਣ ਦਾਸ ਜੀ ਨੇ ਕਿਸ਼ਨ ਸਿੰਘ ਵਿਰਦੀ ਦੀ ਰੱਖਿਆ ਹੀ ਨਹੀਂ ਕੀਤੀ ਸਗੋਂ ਕਿ ਮਾਣ ਸਨਮਾਨ ਵੀ ਪ੍ਰਦਾਨ ਕਰਵਾਇਆ।

(ਸ਼੍ਰੀ ਕਿਸ਼ਨ ਸਿੰਘ ਵਿਰਦੀ ਵਿਸ਼ੇਸ ਵਾਰਤਾ 19-2-2017)

***********

## ਸਾਖੀ 424

## ਰੱਬ ਹੀ ਕਰਾਵੇ ਤਾ ਸਲਾਮਾਂ ਹੁੰਦੀਆਂ।

ਸ਼੍ਰੀ ਚਾਨਣ ਰਾਮ ਸਪੁੱਤਰ ਸ਼੍ਰੀ ਮਹਿੰਗਾ ਰਾਮ ਵਾਸੀ ਮਕਾਨ ਨੰਬਰ 328 ਮਹੁੱਲਾ ਸੰਤੋਖਪੁਰਾ ਜਲੰਧਰ ਜੋ ਕਿ ਬਚਪਨ ਤੋਂ ਹੀ ਧਾਰਮਿਕ ਖਿਆਲਾਂ ਦੇ ਧਾਰਨੀ ਅਤੇ ਸੰਤ ਸੇਵੀ ਬਿਰਤੀ ਵਾਲੇ ਵਿਅਕਤੀ ਹਨ। ਉਹਨਾਂ ਦਾ ਕੁਟੀਆ ਸੁਆਮੀ ਸਰਵਣ ਬੱਲਾਂ ਵਾਲਿਆਂ ਨਾਲ ਬਹੁਤ ਲਗਨ ਸੀ। ਸਤਿਗੁਰੂ ਦੀ ਅਪਾਰ ਕ੍ਰਿਪਾ ਸਦਕਾ ਉਹਨਾਂ ਨੇ ਪੁਲਿਸ ਵਿਭਾਗ ਵਿੱਚ ਵਿੱਚ ਬਤੌਰ ਕਾਸਟੇਬਲ ਨੌਕਰੀ ਮਿਲ ਗਈ। ਉਹਨਾਂ ਸਮੇਂ ਰਵਿਦਾਸੀਆ ਕਮਿਊਨਟੀ ਦੇ ਬਹੁਤ ਘੱਟ ਮੁਲਾਜਮ ਹੁੰਦੇ ਸਨ। ਆਪ ਜੀ ਦੀ ਸਖਤ ਮਿਹਨਤ,

ਇਮਾਨਦਾਰੀ ਆਪ ਜੀ ਨੂੰ ਉੱਚ ਅਹੁਦਿਆਂ ਤੱਕ ਲੈ ਆਈ। ਚਾਨਣ ਰਾਮ ਜੀ ਅਨੁਸਾਰ ਜਦੋਂ ਉਹ ਜਹਾਨ ਖੇਲਾਂ ਵਿੱਚ ਬਤੌਰ ਇੰਸਪੈਕਟਰ ਪ੍ਰਮੋਟ ਹੋਏ ਤਾਂ ਆਪ ਜੀ ਨਾਲ ਐਸ.ਸੀ.ਹੋਣ ਕਾਰਣ ਬਹੁਤ ਸਾਰੇ ਮੁਲਾਜਮ ਜਾਤੀ ਵਿਤਕਰਾ ਕਰਨ ਲੱਗੇ ਸਨ।ਆਪ ਜੀ ਦਾ ਮਨ ਬਹੁਤ ਦੁਖੀ ਅਤੇ ਉਦਾਸ ਰਹਿਣ ਲੱਗ ਪਿਆ ਫਿਰ ਮੈਂ ਸਤਿਗੁਰੂ ਹਰੀਦਾਸ ਜੀ ਮਹਾਰਾਜ ਜੀ ਤੱਤਕਾਲੀਨ ਗੱਦੀ ਨਸ਼ੀਨ ਮਹਾਂਪੁਰਸ਼ ਡੇਰਾ ਸੱਚ ਖੰਡ ਬੱਲਾਂ ਦੇ ਚਰਨਾਂ ਵਿੱਚ ਗਿਆ। ਉਹਨਾਂ ਪਾਸੋਂ ਹੀ ਮੈਂ ਨਾਮ ਦਾਨ ਦੀ ਦਾਤ ਪ੍ਰਾਪਤ ਕੀਤੀ ਸੀ।

ਮੈਂ ਸੰਤਾਂ ਨੂੰ ਆਪਣੀ ਸਾਰੀ ਸਮੱਸਿਆ ਦੱਸੀ ਤਾਂ ਸਤਿਗੁਰੂ ਹਰੀਦਾਸ ਜੀ ਨੇ ਮੈਨੂੰ ਥਾਪੀ ਦਿੱਤੀ ਤੇ ਕਿ ਤੂੰ ਸ਼ੇਰਾਂ ਦਾ ਪੁੱਤ ਹੈ। ਸ਼ੇਰ ਬਣ ਕੇ ਨੌਕਰੀ ਕਰ ਅਸੀਂ ਤੇਰੇ ਨਾਲ ਹਾਂ ਤੂੰ ਡੋਲਣਾ ਨਹੀਂ ਆਪਣੀ ਡਿਊਟੀ ਇਮਨਾਦਾਰੀ ਤੇ ਵਫ਼ਾਦਾਰੀ ਨਾਲ ਨਿਭਾਉਣੀ। ਮੈਂ ਹੌਸਲਾ ਬੰਨਿਆ ਅਤੇ ਆਪਣੀ ਡਿਊਟੀ ਪੂਰੀ ਜੁਅਰੱਤ ਨਾਲ ਕੀਤੀ ਅਤੇ ਬਤੌਰ ਡੀ.ਐਸ.ਪੀ ਰਿਟਾ. ਹੋਇਆ। ਸਾਰੇ ਪਾਸੇ ਸਲਾਮਾਂ ਹੋਣ ਲੱਗੀਆਂ। ਇੱਕ ਸਿਪਾਹੀ ਦੇ ਰੈਂਕ ਤੋਂ ਡੀ.ਐਸ.ਪੀ. ਦੇ ਰੈਕ ਤੱਕ ਪਹੁੰਚਣਾ ਮੇਰੇ ਸਤਿਗੁਰੂ ਹਰੀਦਾਸ ਜੀ ਮਹਾਰਾਜ ਜੀ ਦੀ ਦੇਣ ਹੈ। ਉਨ੍ਹਾਂ ਦੀਆਂ ਰਹਿਮਤਾਂ ਨੂੰ ਅਸੀਂ ਕਦੇ ਵੀ ਭੁੱਲ ਨਹੀਂ ਸਕਦੇ।

(ਨਿੱਜੀ ਵਾਰਤਾ 8-3-2017)

***********

## ਸਾਖੀ 425

## ਸ਼੍ਰੀ ਸੀਬੂ ਰਾਮ ਕਾਹਨਪੁਰ ਦੇ ਜ਼ਖ਼ਮ ਠੀਕ ਕਰਨਾ

ਸ. ਹਰਜੀਤ ਸਿੰਘ ਸਾਬਕਾ ਸਰਪੰਚ ਕਾਹਨਪੁਰ ਦੇ ਦੱਸਣ ਮੁਤਾਬਕ ਸੰਤ ਸਰਵਣ ਦਾਸ ਜੀ ਆਪਣੇ ਸਮੇਂ ਦੇ ਮਹਾਨ ਮਹਾਂਪੁਰਸ਼ ਸਨ। ਜੜੀ ਬੂਟੀਆਂ ਦੇ ਮਾਹਿਰ ਵੈਦ ਸਨ। ਉਹਨਾਂ ਦੱਸਿਆ ਕਿ ਕਾਹਨਪੁਰ ਦੇ ਸ਼੍ਰੀ ਸੀਬੂ ਰਾਮ ਪੁੱਤਰ ਸ਼੍ਰੀ ਅੱਛਰੂ ਰਾਮ ਦੇ ਇੱਕ ਬਹੁਤ ਵੱਡਾ ਜਖ਼ਮ ਸੀ ਜੋ ਉਸ ਦੀ ਬੈਠਕ 'ਤੇ ਸੀ ਉਸ ਨੂੰ ਬਹੁਤ ਤੰਗੀ ਸੀ।ਕਿਸੇ ਪਾਸੋਂ ਵੀ ਅਰਾਮ ਨਹੀਂ ਸੀ ਆ ਰਿਹਾ ਉਸ ਦੇ ਰਿਸ਼ਤੇਦਾਰਾਂ ਦੇ ਕਹਿਣ ਤੇ ਉਹ ਆਪਣੇ ਪਿੰਡ ਇੱਕ ਵੈਦ ਪਾਸ ਗਿਆ ਜੋ ਪਠਾਣ ਸੀ ਉਸਨੇ ਸੀਬੂ ਰਾਮ ਨੂੰ ਕਿਹਾ ਤੇਰੇ ਗੁਆਂਢ ਬੱਲਾਂ

ਵਿੱਚ ਸੰਤ ਸਰਵਣ ਦਾਸ ਜੀ ਹਨ ਉਹਨਾਂ ਵਰਗਾ ਤੈਨੂੰ ਕਿਧਰੇ ਵੀ ਨਹੀਂ ਮਿਲੇਗਾ, ਤੂੰ ਸਮੁੰਦਰ ਛੱਡ ਕੇ ਛੱਪੜੀਆਂ ਪਿਛੇ ਭੱਜਿਆ ਫਿਰਦਾ ਹੈ। ਉਹਨਾਂ ਅੱਗੇ ਜਾ ਕੇ ਬੇਨਤੀ ਕਰ ਤੇਰਾ ਦੁੱਖ ਕੱਟਿਆ ਜਾਵੇਗਾ। ਸੀਬੂ ਰਾਮ ਪਿੰਡ ਨੂੰ ਆਇਆ ਤਾਂ ਅਚਾਨਕ ਹੀ ਉਸਨੂੰ ਮਹਾਰਾਜ ਜੀ ਮਿਲ ਗਏ। ਸੰਤਾਂ ਨੇ ਉਸਨੂੰ ਕਿਹਾ ਤੂੰ ਕੱਲ ਡੇਰੇ ਆਉਣਾ ।

ਜਦੋਂ ਅਗਲੇ ਦਿਨ ਸਵੇਰੇ ਹੀ ਸੀਬੂ ਰਾਮ ਕੁਟੀਆ ਪਹੁੰਚਿਆਂ ਤਾਂ ਸੰਤ ਸਰਵਣ ਦਾਸ ਜੀ ਨੇ ਸੰਤ ਗਰੀਬ ਦਾਸ ਜੀ ਨੂੰ ਕਿਹਾ 18 ਨੰਬਰ ਬੋਤਲ ਵਿੱਚੋਂ ਗੋਲੀਆਂ ਲਿਆ ਕੇ ਇਸ ਨੂੰ ਦਿਓ ਸੰਤ ਗਰੀਬ ਦਾਸ ਜੀ ਨੇ ਉਸਨੂੰ ਗੋਲੀਆਂ ਦਿੱਤੀਆਂ ਅਤੇ ਕਿਹਾ ਇਸ ਦਵਾਈ ਨਾਲ ਤੈਨੂੰ ਜਲਾਬ ਲੱਗਣੇ ਹਨ ਅਤੇ ਤੇਰੇ ਪੇਟ ਦੀ ਸਫ਼ਾਈ ਹੋ ਜਾਵੇਗੀ। ਠੀਕ ਇਸ ਤਰ੍ਹਾਂ ਹੀ ਦਵਾਈ ਖਾਣ ਨਾਲ ਸੀਬੂ ਰਾਮ ਨੂੰ ਜਲਾਬ ਲੱਗ ਗਏ ਅਤੇ ਆਪਣੇ ਪੇਟ ਵਿੱਚੋਂ ਕੀੜੇ ਨਿਕਲੇ ਥੋੜੇ ਦਿਨ ਦਵਾਈ ਦੀ ਵਰਤੋਂ ਕਰਨ ਨਾਲ ਉਸਦੇ ਜਖਮ ਠੀਕ ਹੋ ਗਏ ਅਤੇ ਤੰਦਰੁਸਤ ਹੋ ਗਿਆ ਮੁੜ ਕੇ ਕਦੇ ਜ਼ਖ਼ਮ ਨਹੀਂ ਹੋਇਆ ਸੁੱਖੀ ਜੀਵਨ ਬਤੀਤ ਕਰਨ ਲੱਗ ਪਿਆ ਸਾਰੇ ਪਰਿਵਾਰ ਦੀ ਚਿੰਤਾ ਖਤਮ ਹੋ ਗਈ।

(ਵਿਸ਼ੇਸ਼ ਵਾਰਤਾ ਹਰਜੀਤ ਸਿੰਘ ਸਾਬਕਾ ਸਰਪੰਚ ਕਾਹਨਪੁਰ 12-3-2017)

***********

## ਸਾਖੀ 426

## ਰਾਜ ਮੱਲ ਨੂੰ ਰਿਹਾਅ ਕਰਵਾਉਣਾ

1965 ਵਿੱਚ ਹਿੰਦ-ਪਾਕਿ ਜੰਗ ਲੱਗ ਗਈ। ਮੂਲ ਰਾਜ ਦਾ ਮਾਮਾ ਰਾਜ ਮੱਲ ਮਿਲਟਰੀ ਡਰਾਇਵਰ ਸੀ। ਦੌਰਾਨਏਜੰਗ ਪਾਕਿਸਤਾਨ ਫੌਜ ਉਸਨੂੰ ਗ੍ਰਿਫਤਾਰ ਕਰਕੇ ਮਿਲਟਰੀ ਕਸੱਟਡੀ ਵਿੱਚ ਲੈ ਗਈ। ਉਸ ਦੀ ਭੈਣ ਪ੍ਰਕਾਸੋ ਨੇ ਸਤਿਗੁਰੂ ਸਰਵਣ ਦਾਸ ਜੀ ਅੱਗੇ ਫਰਿਆਦ ਕੀਤੀ ਕਿ ਮਹਾਰਾਜ ਮੇਰਾ ਭਰਾ ਰਾਜ ਮੱਲ ਸੁੱਖੀ ਸਾਂਦੀ ਘਰ ਆ ਜਾਵੇ। ਉਸਦਾ ਕੋਈ ਚਿਠੀ ਪੱਤਰ ਵੀ ਘਰ ਨਹੀਂ ਆ ਰਿਹਾ ਸੀ ਸਾਰਾ ਪਰਿਵਾਰ ਚਿੰਤਾ ਵਿੱਚ ਡੁੱਬਾ ਹੋਇਆ ਸੀ।

ਸਤਿਗੁਰੂ ਜੀ ਨੇ ਕਿਹਾ ਕੁੜੇ ਫ਼ਿਕਰ ਨਾ ਕਰ ਰਾਜ ਮੱਲ ਠੀਕ ਠਾਕ ਘਰ ਆ ਜਾਵੇਗਾ। ਲੜਾਈ ਬੰਦ ਹੋ ਗਈ। ਫਿਰ ਵਿਦੇਸ਼ ਮੰਤਰਾਲੇ ਨਾਲ ਸੰਪਰਕ ਕਰਕੇ ਭਾਰਤ ਸਰਕਾਰ ਨੇ ਆਲ ਇੰਡੀਆ ਰੇਡੀਓ ਰਾਹੀਂ ਇੱਕ ਪ੍ਰੋਗਰਾਮ "ਫੌਜੀ ਭਰਾਵਾਂ" ਦੇ ਤਹਿਤ ਜੰਗੀ ਕੈਦੀਆ ਨਾਲ ਮੁਲਾਕਾਤ ਕਰਕੇ ਆਪਣਾ ਸੁਨੇਹਾ ਆਪਣੇ ਘਰ ਵਾਲਿਆਂ ਨੂੰ ਦੇਣਾ ਸ਼ੁਰੂ ਕੀਤਾ। ਉਧਰ ਇਹੋ ਹੀ ਪ੍ਰੋਗਰਾਮ ਪਾਕਿਸਤਾਨ ਨੇ ਵੀ ਸ਼ੁਰੂ ਦਿੱਤਾ।

ਉਨ੍ਹਾਂ ਦਿਨਾਂ ਵਿੱਚ ਰੇਡੀਓ ਵੀ ਘੱਟ ਸਨ ਸਾਰਿਆਂ ਨੇ ਘਰ ਦੇ ਕੰਮਕਾਰ ਨਿਪਟਾਉਣ ਕੇ ਇਹ ਪ੍ਰੋਗਰਾਮ ਸੁਣਨਾ ਅਤੇ ਬੱਚਿਆਂ ਨੂੰ ਵੀ ਬੋਲਣ ਦੀ ਇਜ਼ਾਜਤ ਨਹੀਂ ਸੀ। ਪ੍ਰੋਗਰਾਮ ਸ਼ੁਰੂ ਹੋਇਆ ਇਹ ਅਕਾਸ਼ਬਾਣੀ ਦਾ ਦਿੱਲੀ ਕੇਂਦਰ ਹੈ। ਹੁਣ ਤੁਸੀਂ ਜੰਗੀ ਕੈਦੀਆਂ ਦੀ ਮੁਲਾਕਾਤ ਪ੍ਰੋਗਰਾਮ ਸੁਣੋ ਮੈਂ ਰਾਜ ਮੱਲ ਪੁੱਤਰ ਸ੍ਰੀ ਅਮਰ ਨਾਥ ਪਿੰਡ ਖਰਲ ਕਲਾਂ ਦਾ ਰਹਿਣ ਵਾਲਾ ਹਾਂ ਮੈਂ ਫੌਜ਼ ਵਿੱਚ ਟਰੱਕ ਡਰਾਈਵਰ ਸੀ। ਪਾਕਿਸਤਾਨ ਫੌਜਾਂ ਨੇ ਸਾਨੂੰ ਫੜ ਕੇ ਕੈਦੀਆਂ ਦੇ ਕੈਂਪ ਭੇਜ ਦਿੱਤਾ। ਅਗਰ ਕੋਈ ਜਾਣਕਾਰ ਸੁਣਦਾ ਹੋਵੇ ਸਾਡੇ ਘਰ ਦੱਸ ਦੇਵੇ। ਮੈਂ ਠੀਕ ਠਾਕ ਹਾਂ, ਮੇਰਾ ਕੋਈ ਫਿਕਰ ਨਹੀਂ ਕਰਨਾ ਸਾਨੂੰ ਫੌਜੀਆਂ ਦੀ ਅਦਲਾ ਬਦਲੀ ਨਾਲ ਭਾਰਤ ਭੇਜ ਦਿੱਤਾ ਜਾਵੇਗਾ।

ਬੀਬੀ ਪ੍ਰਕਾਸ਼ੋ ਦੂਸਰੇ ਦਿਨ ਬੱਲਾਂ ਕੁਟੀਆ ਪਹੁੰਚੀ ਅਤੇ ਸੰਤਾਂ ਨੂੰ ਸਾਰੀ ਸੂਚਨਾ ਮਿਲ ਗਈ। ਮਹਾਰਾਜ ਜੀ ਨੇ ਕਿਹਾ ਕਿ ਪ੍ਰਕਾਸ਼ ਕੌਰੇ ਤੇਰਾ ਭਰਾ ਜਰੂਰ ਠੀਕ ਠਾਕ ਵਾਪਿਸ ਘਰ ਪਰਤੇਗਾ ਤੂੰ ਚਿੰਤਾ ਨਾ ਕਰ। ਦੋ ਮਹੀਨੇ ਬਾਦ ਰਾਜ ਮੱਲ ਖੇਮਕਰਣ ਬਾਰਡਰ ਰਾਹੀਂ ਸ਼ਾਮ ਨੂੰ ਬਿਆਸ ਪਿੰਡ ਆ ਗਿਆ। ਸਾਰੇ ਪਰਿਵਾਰ ਨੇ ਸਤਿਗੁਰੂ ਸਰਵਣ ਦਾਸ ਜੀ ਦਾ ਸ਼ੁਕਰਾਨਾ ਕੀਤਾ। ਅਗਲੇ ਦਿਨ ਪ੍ਰਕਾਸੋ ਪਰਿਵਾਰ ਸਮੇਤ ਰਾਜ ਮੱਲ ਨੂੰ ਨਾਲ ਲੈ ਕੇ ਕੁਟੀਆ ਪ੍ਰਸ਼ਾਦ ਵੰਡਣ ਉਪਰੰਤ ਪਿੰਡ ਖਰਲਾਂ ਪਹੁੰਚੀ। ਸਾਰੇ ਪਰਿਵਾਰ ਵਿੱਚ ਖੁਸ਼ੀ ਦੀ ਲਹਿਰ ਫੈਲ ਗਈ। ਸਤਿਗੁਰੂ ਦੀ ਮਹਿਮਾਂ ਗਾਉਣ ਲੱਗੇ। ਫਿਰ ਰਾਜ ਮੱਲ ਨੇ ਸਤਿਗੁਰੂ ਸਰਵਣ ਦਾਸ ਜੀ ਪਾਸੋਂ ਨਾਮ ਦੀ ਦਾਤ ਪ੍ਰਾਪਤ ਕੀਤੀ।

(ਮੂਲ ਰਾਜ ਬਿਆਸ ਪਿੰਡ ਰਾਂਹੀ ਪ੍ਰਾਪਤ ਜਾਣਕਾਰੀ 2-4-2017)

# ਸਾਖੀ 427

## ਸਤਿਗੁਰੂ ਦੇ ਹੁਕਮ ਦੀ ਪਾਲਣਾ ਕਰਨੀ

ਮੈਂ ਬਹਿਰੀਨ ਤੋਂ ਛੁੱਟੀ ਕੱਟਣ ਇੰਡੀਆ ਆਇਆ ਸੀ। ਮੇਰੀ ਮਾਤਾ ਕਰਮੀ ਦੀਆਂ ਦੋਨੋਂ ਅੱਖਾਂ ਖਰਾਬ ਹੋ ਗਈਆਂ । ਮਾਤਾ ਦਾ ਚਲਣਾ ਫਿਰਨਾ ਬੰਦ ਹੋ ਗਿਆ ।ਮੇਰਾ ਵੱਡਾ ਭਰਾ ਦਿੱਲੀ ਨੌਕਰੀ ਕਰਦਾ ਸੀ। ਉਹ ਮਾਤਾ ਨੂੰ ਦਿੱਲੀ ਲੈ ਗਿਆ ਅਤੇ ਅੱਖਾਂ ਦੇ ਵੱਡੇ ਵੱਡੇ ਸਪੈਸ਼ਲਿਸਟ ਪਾਸ ਚੈੱਕ ਅਪ ਕਰਵਾਈ। ਡਾਕਟਰਾਂ ਨੇ ਇਹੋ ਹੀ ਕਿਹਾ ਕਿ ਅਪ੍ਰੇਸ਼ਨ ਨਹੀਂ ਹੋ ਸਕਦਾ ਕਿਉਂਕਿ ਅੱਖਾਂ ਦੇ ਪਿੱਛੇ ਰੌਸ਼ਨੀ ਨਹੀਂ ਹੈ। ਮੇਰਾ ਭਰਾ ਮਾਤਾ ਨੂੰ ਬਿਆਸ ਮੇਰੇ (ਮੂਲ ਰਾਜ) ਪਾਸ ਛੱਡ ਗਿਆ ਡੇਰਾ ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ ਵਿਖੇ ਹਰ ਸਾਲ ਸਵਰਨ ਬੰਗੜ ਜੀ ਵਲੋਂ ਅੱਖਾਂ ਦਾ ਫਰੀ ਕੈਂਪ ਲੱਗਦਾ ਸੀ। ਮੇਰੀ ਛੋਟੀ ਭੈਣ ਸਾਨੂੰ ਮਿਲਣ ਲਈ ਬਿਆਸ ਪਿੰਡ ਆਈ ਮੈਂ ਉਸਨੂੰ ਨਾਲ ਲੈ ਕੇ ਆਟੋ ਰਾਹੀਂ ਮਾਤਾ ਜੀ ਨੂੰ ਲੈ ਕੇ ਡੇਰੇ ਆ ਗਏ। ਦਰਬਾਰ ਵਿੱਚ ਮੱਥਾ ਟੇਕਿਆ ਚਾਹ ਪਾਣੀ ਪੀ ਕੇ ਪਰਚੀ ਕਟਵਾਉਣ ਉਪਰੰਤ ਬੈਠ ਗਏ। ਥੋੜ੍ਹੇ ਸਮੇਂ ਬਾਅਦ ਹੀ ਕਰਮ ਕੌਰ ਬਿਆਸ ਪਿੰਡ ਦੇ ਨਾਮ ਤੇ ਸੇਵਾਦਾਰ ਨੇ ਅਵਾਜ ਦਿੱਤੀ ਤਾਂ ਮੇਰੀ ਭੈਣ ਬਾਂਹ ਫੜ ਕੇ ਮਾਤਾ ਜੀ ਨੂੰ ਡਾਕਟਰ ਪਾਸ ਲੈ ਗਈ। ਡਾਕਟਰ ਨੇ ਅੱਖਾਂ ਦਾ ਚੈਕਅਪ ਕੀਤਾ ਤੇ ਕਿਹਾ ਕਿ ਮਾਤਾ ਜੀ ਦੀ ਇੱਕ ਅੱਖ ਦਾ ਅਪ੍ਰੇਸ਼ਨ ਹੋ ਜਾਵੇਗਾ। ਡਾਕਟਰਾਂ ਨੇ ਸਾਰੀ ਸੰਗਤ ਨੂੰ ਬਾਹਰ ਭੇਜ ਕੇ ਮਰੀਜ਼ਾਂ ਦੇ ਅਪ੍ਰੇਸ਼ਨ ਕਰ ਦਿੱਤੇ। ਸਤਿਗੁਰੂ ਸਰਵਣ ਦਾਸ ਜੀ ਨੇ ਸੁਪਨੇ ਵਿੱਚ ਆ ਕੇ ਮਾਤਾ ਜੀ ਨੂੰ ਕਿਹਾ ਕਰਮ ਕੌਰੇ ਅਸੀਂ ਇੱਕ ਅੱਖ ਦੇ ਦਿੱਤੀ ਹੈ। ਅੱਖ ਠੀਕ ਹੋ ਗਈ ਦੂਸਰੇ ਦਿਨ ਵੀ ਅੱਖਾਂ ਚੈਕ ਕੀਤੀਆਂ ਗਈਆਂ। ਡਾਕਟਰਾਂ ਨੇ ਕਿਹਾ ਮਾਤਾ ਤੇਰੀ ਦੂਸਰੀ ਅੱਖ ਦਾ ਵੀ ਅਪ੍ਰੇਸ਼ਨ ਹੋ ਜਾਵੇਗਾ ਅਤੇ ਠੀਕ ਹੋ ਜਾਵੇਗੀ। ਮਾਤਾ ਜੀ ਨੂੰ ਸਤਿਗੁਰੂ ਸਰਵਣ ਦਾਸ ਜੀ ਦੇ ਬਚਨ ਯਾਦ ਆ ਗਏ ਕਿ ਸਤਿਗੁਰੂ ਜੀ ਨੇ ਮੈਨੂੰ ਇੱਕ ਅੱਖ ਦੇ ਦਿੱਤੀ ਹੈ ।ਮੈਂ ਸਤਿਗੁਰੂ ਜੀ ਦਾ ਧੰਨਵਾਦ ਕਰਦੀ ਹਾਂ। ਮੈਂ ਦੂਸਰੀ ਅੱਖ ਦਾ ਅਪ੍ਰੇਸ਼ਨ ਨਹੀਂ ਕਰਵਾਉਣਾ।

(ਖੁਦ ਮੂਲ ਰਾਜ ਮਿਤੀ 2-4-2017)

***********

## ਸਾਖੀ 428

## ਸਾਧੂਆਂ ਦੀ ਆਪਣੀ ਮੌਜ ਹੁੰਦੀ ਹੈ।

ਸਤਿਗੁਰੂ ਸਰਵਣ ਦਾਸ ਜੀ ਕੁਟੀਆ ਵਿੱਚ ਬੈਠੇ ਸਨ। ਕਾਫ਼ੀ ਸੰਗਤ ਸੰਤਾਂ ਪਾਸ ਬੈਠੀ ਸੀ।ਜੇਠੇ ਐਤਵਾਰ ਦਾ ਦਿਨ ਸੀ ਇੱਕ ਸਾਧੂ ਆਇਆ ਉਸਦੀ ਸੱਜੀ ਲੱਤ ਕਮਜੋਰ ਸੀ। ਇਸ ਲਈ ਉਹ ਡਾਂਗ ਦੇ ਸਹਾਰੇ ਤੁਰਦਾ ਸੀ। ਸਤਿਗੁਰੂ ਸਰਵਣ ਦਾਸ ਜੀ ਆਪਣੀ ਕੁਰਸੀ ’ਤੇ ਬੈਠੇ ਸਨ। ਸਾਧੂ ਜਾ ਕੇ ਸਤਿਗੁਰੂ ਜੀ ਨੂੰ ਮੱਥਾ ਟੇਕ ਕੇ ਬੈਠ ਗਿਆ । ਮਹਾਰਾਜ ਜੀ ਹੱਸ ਕੇ ਬੋਲੇ ਡਾਂਗੀਪੀਰ ਆ ਗਿਆ ਉਸਨੂੰ ਚਾਹ ਪਾਣੀ ਲੰਗਰ ਛੱਕਣ ਲਈ ਕਿਹਾ ਉਹ ਲੰਗਰ ਛੱਕ ਕੇ ਦੁਬਾਰਾ ਫਿਰ ਸੰਗਤ ਵਿੱਚ ਸਜ ਗਿਆ ਸੰਤਾਂ ਨੇ ਡਾਂਗਪੀਰ ਤੋਂ ਪੁਛਿਆਂ ਤੇਰਾ ਕੀ ਨਾਮ ਹੈ।ਸਾਧ ਨੇ ਹੱਸ ਕੇ ਕਿਹਾ ਤੁਸੀਂ ਮੈਨੂੰ ਡਾਂਗ ਪੀਰ ਕਹਿ ਕੇ ਬੁਲਾਇਆ ਹੈ। ਮੈਨੂੰ ਬਹੁਤ ਚੰਗਾ ਲੱਗਾ। ਡਾਂਗ ਪੀਰ ਤੇਰਾ ਪਿੰਡ ਕਿਹੜਾ ਹੈ? ਸੰਤਾਂ ਨੇ ਕਿਹਾ ਡਾਂਗ ਪੀਰ ਨੇ ਉਤਰ ਦਿਤਾ ਕਿ, 'ਸਾਧਾਂ ਦਾ ਕੋਈ ਪਿੰਡ ਨਹੀਂ ਹੁੰਦਾ'। ਜਿਥੇ ਰਾਤ ਪਈ ਉਥੇ ਰਾਤ ਕੱਟ ਲਈ ਸਵੇਰੇ ਫਿਰ ਉੱਠ ਦੂਸਰੇ ਪਿੰਡ। ਡਾਂਗ ਪੀਰ ਨੇ ਕਿਹਾ , ' ਮਹਾਰਾਜ ਜੀ ਮੈਂ ਤੁਹਾਡੀ ਸੋਭਾ ਸੁਣ ਕੇ ਦਰਸ਼ਨ ਦੀਦਾਰ ਨੂੰ ਆਇਆ ਹਾਂ। ਸਤਿਗੁਰੂ ਸਰਵਣ ਦਾਸ ਜੀ ਕਹਿਣ ਲੱਗੇ ਕਿ ਤੂੰ ਸਾਡਾ ਮਹਿਮਾਨ ਹੈ। ਸੰਤ ਹਰੀਦਾਸ ਜੀ ਨੂੰ ਕਿਹਾ ਹਰੀਦਾਸਾ ਇਕ ਸੰਤ ਹੋਰ ਆ ਗਿਆ। ਸੰਤ ਹਰੀਦਾਸ ਨੇ ਕਿਹਾ ਮਹਾਰਾਜ ਜੀ ਦੋ ਰੋਟੀਆਂ ਖਾ ਲਵੇਗਾ। ਇਸ ਤਰ੍ਹਾਂ ਕਾਨਿਆਂ ਦੀ ਛੰਨ (ਝੋਪੜੀ)ਵਿੱਚ ਰਹਿਣ ਲੱਗ ਪਿਆ। ਰਾਤ ਨੂੰ ਸਿਮਰਨ ਕਰਨਾ ।

ਸਵੇਰੇ ਉਠ ਕੇ ਡਾਂਗ ਦੇ ਆਸਰੇ ਆਸ-ਪਾਸ ਦੇ ਪਿੰਡਾਂ ਵਿੱਚ ਸਤਿਨਾਮ ਸਤਿਨਾਮ ਕਰਨਾ ਅਤੇ ਹੇਕਾਂ ਲਾ ਲਾ ਕੇ ਗਾਉਣਾ "ਭਗਤ ਪਿਆਰੇ ਰੱਬ ਨੂੰ ਜਿਵੇਂ ਮਾਵਾਂ ਨੂੰ ਪੁੱਤਰ ਪਿਆਰੇ।" ਉਸਦੇ ਦੇ ਬੋਲਾਂ ਵਿੱਚ ਬਹੁਤ ਮਿਠਾਸ ਸੀ। ਅਤੇ ਤਿੱਖੀ ਅਵਾਜ ਸੀ। ਗਜ਼ਾ ਕਰਕੇ ਸਾਰੇ ਸੰਤਾਂ ਅਤੇ ਸੰਗਤਾਂ ਨਾਲ ਪਿਆਰ ਨਾਲ ਰਹਿਣਾ। ਥੋੜੇ ਸਮੇਂ ਵਿੱਚ ਹੀ ਡਾਂਗਪੀਰ ਦਾ ਡੇਰੇ ਵਿੱਚ ਸਭ ਨਾਲ ਪਿਆਰ ਹੋ ਗਿਆ।

ਇੱਕ ਵਾਰ ਬਿਆਸ ਪਿੰਡ ਭੁੱਲਾ ਰਾਮ ਜੀ ਦੇ ਗ੍ਰਹਿ ਵਿਖੇ ਸਤਿਸੰਗ ਸੀ। ਮਹਾਰਾਜ ਸਰਵਣ ਦਾਸ ਜੀ ਨੇ ਸਾਰੀਆਂ ਸੰਗਤਾਂ ਨੂੰ ਉਥੇ ਜਾਣ

ਲਈ ਕਿਹਾ। ਡਾਂਗਪੀਰ ਨੇ ਦੇਖਿਆ ਕਿ ਬਿਆਸ ਪਿੰਡੀਏ ਮਹਾਰਾਜ ਜੀ ਦਾ ਬਹੁਤ ਸਤਿਕਾਰ ਕਰਦੇ ਸਨ। ਇਕ ਦਿਨ ਡਾਂਗ ਪੀਰ ਨੇ ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ ਮੈਨੂੰ ਬਿਆਸ ਪਿੰਡ ਦੇ ਗੁਰੂ ਘਰ ਭੇਜ ਦਿਓ। ਬਿਆਸ ਪਿੰਡ ਵਾਲਿਆਂ ਨੇ ਤੁਹਾਡਾ ਹੁਕਮ ਨਹੀਂ ਮੋੜਨਾ। ਮਹਾਰਾਜ ਜੀ ਹੱਸ ਪਏ ਅਤੇ ਸ਼ਾਮ ਨੂੰ ਡਾਂਗਪੀਰ ਨੂੰ ਬਿਆਸ ਪਿੰਡ ਭੇਜ ਦਿੱਤਾ। ਪ੍ਰਬੰਧਕਾਂ ਨੇ ਉਸਨੂੰ ਇਕ ਕਮਰਾ ਖਾਲੀ ਕਰ ਦਿੱਤਾ। ਡਾਂਗ ਪੀਰ ਦੋ ਮਹੀਨੇ ਉਸ ਪਿੰਡ ਰੋਜ਼ਾਨਾ ਭਜਨ ਬੰਦਗੀ ਕਰਨੀ। ਰਾਤ ਨੂੰ ਵੀ ਹੇਕਾਂ ਲਾ ਕੇ ਗਾਉਣਾ 'ਭਗਤ ਪਿਆਰੇ ਰੱਬ ਨੂੰ ਜਿਵੇਂ ਮਾਪਿਆ ਨੂੰ ਪੁੱਤਰ ਪਿਆਰੇ।'

ਫਿਰ ਇਕ ਦਿਨ ਪਤਾ ਨਹੀਂ ਡਾਂਗ ਪੀਰ ਬਿਆਸ ਪਿੰਡ ਛੱਡ ਕੇ ਕਿਥੇ ਚਲਾ ਗਿਆ।ਕੁਟੀਆ ਵੀ ਨਹੀਂ ਪੁੱਜਾ। ਲੋਕਾਂ ਨੂੰ ਬਹੁਤ ਦੁੱਖ ਹੋਇਆ। ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ ਡਾਂਗਪੀਰ ਪਤਾ ਨਹੀਂ ਕਿਥੇ ਚਲਾ ਗਿਆ। ਮਹਾਰਾਜ ਜੀ ਨੇ ਕਿਹਾ ਕਿ ਰਮਤੇ ਸਾਧੂਆਂ ਦਾ ਕੋਈ ਟਿਕਾਣਾ ਨਹੀਂ ਹੁੰਦਾ

(ਮੂਲ ਰਾਜ ਬਿਆਸ ਪਿੰਡ 2-4-2017)

***********

## ਸਾਖੀ 429

## ਗਰੀਬ ਦਾਸ ਬਿਆਸ ਪਿੰਡੀਏ ਨੂੰ ਪੁੱਤਰ ਦੀ ਦਾਤ ਬਖਸ਼ਿਸ਼ ਕਰਨੀ

ਬਿਆਸ ਪਿੰਡ ਦੀਆਂ ਬਹੁਤ ਸਾਰੀਆਂ ਸੰਗਤਾਂ ਡੇਰਾ ਸੱਚ ਖੰਡ ਬੱਲਾਂ ਦੀਆਂ ਉਪਾਸਕ ਹਨ। ਸਤਿਗੁਰੂ ਸਰਵਣ ਦਾਸ ਜੀ ਦੇ ਜੀਵਨ ਕਾਲ ਤੋਂ ਹੀ ਅੱਜ ਤੱਕ ਡੇਰੇ ਵਿੱਚ ਪੀੜ੍ਹੀ ਦਰ ਪੀੜ੍ਹੀ ਆਉਦੀਆਂ ਹਨ। ਸ਼੍ਰੀ ਗਰੀਬ ਦਾਸ ਅਤੇ ਬੀਬੀ ਕਰਮ ਕੌਰ ਵੀ ਕੁਟੀਆ ਆਇਆ ਕਰਦੇ ਸਨ। ਉਨਾਂ ਦੀ ਸ਼ਾਦੀ ਹੋਈ ਨੂੰ ਕਈ ਵਰ੍ਹੇ ਬੀਤ ਚੁੱਕੇ ਸਨ, ਪਰ ਘਰ ਵਿੱਚ ਔਲਾਦ ਨਹੀਂ ਸੀ। ਗ੍ਰਹਿਸਥੀ ਲੋਕ ਬਹੁਤ ਛੇਤੀ ਚਿੰਤਾ ਵਿੱਚ ਲਗ ਜਾਂਦੇ ਹਨ।

ਪਰਿਵਾਰ ਦੀਆਂ ਬਜੁਰਗ ਬੀਬੀਆ ਨੇ ਬੀਬੀ ਨਾਮੀ ਅਤੇ ਬੀਬੀ

ਨੰਦੀ ਜੀ ਨੇ ਸਤਿਗੁਰੂ ਸਰਵਣ ਦਾਸ ਜੀ ਅੱਗੇ ਫਰਿਆਦ ਕੀਤੀ ਕਿ ਗਰੀਬ ਦਾਸ ਜੀ ਦੇ ਘਰ ਬੂਟਾ ਲਗਾ ਦਿਓ। ਗੁਰੂ ਘਰ ਦੇਰ ਹੈ ਅੰਧੇਰ ਨਹੀਂ ਦੇ ਵਾਕ ਅਨੁਸਾਰ ਸਤਿਗੁਰੂ ਜੀ ਨੇ ਪਰਿਵਾਰ 'ਤੇ ਅਪਾਰ ਕ੍ਰਿਪਾ ਕੀਤੀ ਅਤੇ ਘਰ ਵਿੱਚ 8-5-49 ਨੂੰ ਇੱਕ ਬਾਲ ਪੈਦਾ ਹੋਇਆ ਜਿਸਦਾ ਨਾਮ ਵੀ ਸਤਿਗੁਰੂ ਸਰਵਣ ਦਾਸ ਜੀ ਨੇ ਆਪ ਹੀ ਮੂਲ ਰਾਜ ਰੱਖਿਆ । ਅੱਜ ਪੂਰਾ ਪਰਿਵਾਰ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਆਨੰਦਮਈ ਜੀਵਨ ਬਤੀਤ ਕਰ ਰਿਹਾ ਹੈ।

(ਖੁਦ ਮੂਲ ਰਾਜ 2-4-2017)

***********

## ਸਾਖੀ ਨੰਬਰ 430

## ਮਾਤਾ ਦਾ ਦਿਲ ਦਾ ਅਪ੍ਰੇਸ਼ਨ ਠੀਕ ਹੋਣਾ

ਦੋ ਭੈਣਾਂ ਮੁਕੇਰੀਆਂ ਤੋਂ ਆਪਣੀ ਮਾਤਾ ਦਾ ਦਿਲ ਦਾ ਅਪ੍ਰੇਸ਼ਨ ਕਰਾਉਣ ਲਈ ਜਲੰਧਰ ਆ ਰਹੀਆਂ ਸਨ। ਜਦੋਂ ਕਾਰ ਸਮਸਤਪੁਰ ਬੱਲਾਂ ਅੱਡੇ ਵਿੱਚ ਪਹੁੰਚੀ ਤਾਂ ਮਾਂ ਦੀਆਂ ਦੋ ਜਵਾਨ ਧੀਆਂ ਅਤੇ ਉਹਨਾਂ ਦੇ ਬਾਪ ਨੇ ਸਤਿਗੁਰੂ ਸਰਵਣ ਦਾਸ ਜੀ ਅੱਗੇ ਸੜਕ ਤੋਂ ਹੀ ਅਰਦਾਸ ਕੀਤੀ ਕਿ ਬੱਲਾਂ ਵਾਲੇ ਸਤਿਗੁਰੂ ਸਰਵਣ ਦਾਸ ਜੀ ਦਾ ਨਾਮ ਬਹੁਤ ਸੁਣਿਆ ਹੈ। ਅਗਰ ਮਾਤਾ ਜੀ ਦਾ ਅਪ੍ਰੇਸ਼ਨ ਸਹੀ ਹੋ ਗਿਆ ਤਾਂ ਪਹਿਲਾਂ ਸੰਤਾਂ ਦੇ ਮੱਥਾ ਟੇਕਣ ਆਵਾਂਗੇ। ਟੈਗੋਰ ਹਸਪਤਾਲ ਮਾਤਾ ਦਾ ਅਪ੍ਰੇਸ਼ਨ ਸਫਲ ਹੋ ਗਿਆ।

ਹਸਪਤਾਲ ਤੋਂ ਛੁਟੀ ਮਿਲਣ ਉਪਰੰਤ ਇਹ ਪਰਿਵਾਰ ਡੇਰੇ ਆ ਗਿਆ। ਹੱਥ ਵਿੱਚ ਪੰਜ ਡੱਬੇ ਪ੍ਰਸ਼ਾਦਿ ਦੇ ਸਨ। ਗੇਟ ਪਾਸ ਮੂਲ ਰਾਜ ਬਿਆਸ ਪਿੰਡੀਆ ਬੈਠਾ ਸੀ। ਉਸ ਤੋਂ ਪੁਛਿਆ ਕਿ ਦਰਬਾਰ ਕਿਸ ਪਾਸੇ ਹੈ। ਉਸਨੇ ਇਸ਼ਾਰਾ ਕਰਕੇ ਸਮਝਾਇਆ ਕਿ ਸਾਹਮਣੇ ਸਤਿਗੁਰੂ ਸਰਵਣ ਦਾਸ ਜੀ ਦਾ ਸੱਚ ਖੰਡ ਦਰਬਾਰ ਹੈ ਅਤੇ ਖੱਬੇ ਪਾਸੇ ਉਨ੍ਹਾਂ ਦੀ ਹੀ ਜੋਤ ਸਤਿਗੁਰੂ ਜੀ ਬੈਠੇ ਹਨ। ਉਨ੍ਹਾਂ ਨੇ ਸੱਚ ਖੰਡ ਵਿੱਚ ਮੱਥਾ ਟੇਕਣ ਉਪਰੰਤ ਡੇਰੇ ਦੀ ਪ੍ਰਕਰਮਾਂ ਕੀਤੀ। ਦਰਸ਼ਨ ਦੀਦਾਰ ਕਰਨ ਉਪਰੰਤ ਮਹਾਰਾਜ ਜੀ ਦੇ ਹੁਕਮ ਤੇ ਲੰਗਰ ਪਾਣੀ ਛਕਿਆ। ਮਹਾਰਾਜ ਜੀ ਦਾ ਸ਼ੁਕਰਾਨਾ ਕਰਕੇ ਸਾਰਾ ਪਰਿਵਾਰ ਖੁਸ਼ੀ

ਖੁਸ਼ੀ ਘਰ ਨੂੰ ਚਲੇ ਗਏ। ਸੁਆਮੀ ਸਰਵਣ ਦਾਸ ਜੀ ਦੀ ਮਹਿਮਾ ਬਹੁਤ ਅਪਾਰ ਹੈ। ਸਭ ਜੀਵਾਂ ਦਾ ਕਲਿਆਣ ਕਰਦੇ ਹਨ। ਲੋੜ ਉਹਨਾਂ ਨੂੰ ਸੱਚੇ ਹਿਰਦੇ ਨਾਲ ਯਾਦ ਕਰਨ ਦੀ ਹੈ।

(ਮੂਲ ਰਾਜ 2-4-21017)

**********

## ਸਾਖੀ 431

## ਸੁਆਮੀ ਸਰਵਣ ਦਾਸ ਜੀ ਸਭ ਕੁਝ ਜਾਣਦੇ ਸਨ

ਪਿੰਡ ਜੰਡੂ ਸਿੰਘਾ ਦੇ ਸ਼੍ਰੀ ਕੂੜਾ ਰਾਮ, ਚੂਹੜ ਰਾਮ, ਬੀਰੂ ਰਾਮ ਅਤੇ ਭਗਤ ਰਾਮ ਕਲੇਰ ਬਾਕੀ ਸਾਥੀਆਂ ਨਾਲ ਬੱਲਾਂ ਵਾਲੀ ਨਹਿਰ ਦੀ ਪੁਟਾਈ ਕਰ ਰਹੇ ਸਨ।ਨਹਿਰ ਦੇ ਕਿਨਾਰੇ-ਕਿਨਾਰੇ ਟਹਿਲਦੇ ਹੋਏ ਸੰਤ ਸਰਵਣ ਦਾਸ ਜੀ ਦੀ ਦ੍ਰਿਸ਼ਟੀ ਇਨ੍ਹਾਂ ਵਿਅਕਤੀਆਂ ’ਤੇ ਪਈ ਮਹਾਰਾਜ ਜੀ ਅਚਾਨਕ ਉਹਨਾਂ ਪਾਸ ਆ ਕੇ ਰੁਕੇ ਸਾਰੀ ਲੇਬਰ ਨਹਿਰ ਤੇ ਆ ਕੇ ਮਹਾਰਾਜ ਜੀ ਦੇ ਚਰਨੀ ਪਈ।ਮਹਾਰਾਜ ਜੀ ਨੇ ਕਿਹਾ ਆਪ ਜਿੰਨੇ ਦਿਨ ਕੁਟੀਆ ਦੇ ਆਸ ਪਾਸ ਕੰਮ ਕਰਦੇ ਹੋ ਖਾਣਾ ਘਰੋਂ ਨਹੀਂ ਖਾਣਾ ਸਾਰੇ ਆਦਮੀਆਂ ਨੇ ਇੱਥੋਂ ਹੀ ਭੋਜਨ ਛਕਣਾ ਹੈ। ਕਰੀਬ ਦੋ ਹਫ਼ਤੇ ਲੇਬਰ ਦੇ ਕਰੀਬ ਸਾਰੇ ਵਿਅਕਤੀ ਹੀ ਡੇਰੇ ਵਿੱਚੋਂ ਹੀ ਲੰਗਰ ਛਕਦੇ ਤੇ ਚਾਹ ਪਾਣੀ ਪੀਂਦੇ। ਮਹਾਰਾਜ ਜੀ ਨੇ ਕਹਿਣਾ ਕੇ ਇਹ ਹੱਕ ਦੀ ਮਿਹਨਤ ਕਰਦੇ ਹਨ।ਇਹਨਾਂ ਨੂੰ ਦੁੱਧ ਤੇ ਫਰੂਟ ਵੀ ਦਿਆ ਕਰੋ।ਇੱਕ ਦਿਨ ਛੁੱਟੀ ਕਰਨ ਦੇ ਵਖਤ ਸਰਦੀਆਂ ਦੀ ਸ਼ਾਮ ਨੂੰ ਸਾਰੇ ਆਦਮੀ ਘਰਾਂ ਨੂੰ ਜਾਣ ਲਈ ਤਿਆਰ ਸਨ ਮਹਾਰਾਜ ਜੀ ਅਚਾਨਕ ਲੇਬਰ ਦੇ ਪਾਸ ਆ ਕੇ ਖੜੇ ਹੋ ਗਏ ਤੇ ਕਿਹਾ ਆਪ ਰਾਤ ਦਾ ਖਾਣਾ ਵੀ ਕੁਟੀਆ ਖਾ ਕੇ ਜਾਣਾ ਸਾਰੇ ਦਿਨ ਦੇ ਥੱਕੇ ਟੁੱਟੇ ਹੋਏ ਹੋ ਘਰ ਜਾ ਕੇ ਪਤਾ ਨਹੀਂ ਖਾਣਾ ਨਸੀਬ ਹੋਵੇ ਜਾ ਨਾ।ਸਾਰੇ ਬਜੁਰਗਾਂ ਨੇ ਲੰਗਰ ਛਕਿਆ ਪਰ ਇਹ ਗੱਲ ਮਨ ਤੇ ਰੜਕ ਰਹੀ ਸੀ ਕਿ ਮਹਾਰਾਜ ਜੀ ਨੇ ਅੱਜ ਰਾਤ ਦੇ ਲੰਗਰ ਲਈ ਕਿਉਂ ਰੋਕਿਆ ਅਤੇ ਇਹ ਗੱਲ ਕਿਉਂ ਆਖੀ ਕਿ ਘਰ ਜਾ ਕੇ ਖਾਣਾ ਨਸੀਬ ਹੋਵੇ ਜਾ ਨਾ ਜਦੋਂ ਚਾਰੇ ਭਰਾਂ ਵਾਪਿਸ ਘਰ ਪਰਤੇ ਤਾਂ ਆਉਂਦੇ ਸ਼ਰੀਕੇ ਵਿਚ ਕਿਸੇ ਬਜੁਰਗ ਦੀ ਮੌਤ ਹੋ ਚੁੱਕੇ ਸੀ ਸਾਰੇ ਭੁਖਣ ਭਾਣੇ ਬੈਠੇ ਸਨ। ਨਾ ਕਿਸੇ

ਨੇ ਪਕਾਈਆਂ ਨਾ ਖਾਧੀਆਂ ।

(ਪਰਿਵਾਰਿਕ ਵਸੀਲੇ ਕਾਂਸ਼ੀ ਰਾਮ ਜੰਡੂ ਸਿੰਘਾ 13-04-17)

## ਸਾਖੀ 432

## ਨਸੀਬ ਚੰਦ ਜੰਡੂ ਸਿੰਘੀਏ 'ਤੇ ਕਿਰਪਾ ਕਰਨੀ

ਨਸੀਬ ਚੰਦ ਜੰਡੂ ਸਿੰਘਾ ਵਾਲਾ ਕਲਕੱਤੇ ਵਿਚ ਕੱਚੇ ਚਮੜੇ ਦਾ ਕੰਮ ਕਰਦਾ ਸੀ ਅਤੇ ਸਤਿਗੁਰੂ ਸਰਵਣ ਦਾਸ ਜੀ ਦਾ ਚਰਨ ਸੇਵਕ ਸੀ। ਹਰ ਕੰਮ ਸਤਿਗੁਰੂ ਸਰਵਣ ਦਾਸ ਜੀ ਤੋਂ ਲੈ ਕੇ ਸਤਿਗੁਰੂ ਗਰੀਬ ਦਾਸ ਜੀ ਦੇ ਸਮੇਂ ਤੱਕ ਵਕਤ ਦੇ ਗੱਦੀ ਨਸ਼ੀਨ ਮਹਾਂਪੁਰਸ਼ਾਂ ਪਾਸੋਂ ਪੁਛ ਕੇ ਹੀ ਕਰਦੇ। ਹਰ ਸਾਲ ਵਿਸ਼ੇਸ਼ ਤੌਰ 'ਤੇ ਕਲਕੱਤੇ ਤੋਂ ਆ ਕੇ ਘਰ ਵਿਚ ਸਤਿਸੰਗ ਦਾ ਆਯੋਜਨ ਕਰਨਾ ਅਤੇ ਸੰਗਤਾਂ ਵਾਸਤੇ ਲੰਗਰ ਤਿਆਰ ਕਰਨੇ ਮਹਾਂਪੁਰਸ਼ਾਂ ਨੂੰ ਘਰ ਵਿਚ ਬੁਲਾ ਕੇ ਚਰਨ ਪਵਾਉਂਣੇ। ਤਾਜਪੁਰ, ਕਰਤਾਰਪੁਰ, ਭਾਣੋਕੀ, ਤੱਲਣ ਤੋਂ ਕੱਚੇ ਚਮੜੇ ਦਾ ਕਾਰੋਬਾਰ ਸਭ ਕਲਕੱਤੇ ਵਿਚ ਕਰਦੇ ਸਨ।

ਉਹਨਾਂ ਦਿਨਾਂ ਵਿਚ ਸੇਠ ਮਹਿਤਾਬ ਰਾਮ (ਕਾਂਸ਼ੀ ਰਾਮ ਕਲੇਰ ਦੇ ਨਾਨਾ ਜੀ ) ਖਾਂਬਰਿਆਂ ਤੋਂ ਵੀ ਚਮੜੇ ਦੇ ਸਿਰ ਕੱਢ ਵਪਾਰੀ ਸਨ। ਉਨ੍ਹਾਂ ਦਾ ਵੀ ਕਲਕੱਤੇ ਵਿਚ ਚੰਗਾ ਕਾਰੋਬਾਰ ਸੀ। ਨਸੀਬ ਚੰਦ ਨੇ ਸਤਿਗੁਰੂ ਸਰਵਣ ਦਾਸ ਜੀ ਨੂੰ ਪੈਸੇ ਰੱਖ ਕੇ ਮੱਥਾ ਟੇਕਿਆ। ਸਤਿਗੁਰੂ ਜੀ ਕਹਿਣ ਲੱਗੇ ਨਸੀਬ ਚੰਦਾ ਜਿੰਨੇ ਪੈਸੇ ਤੇਰੇ ਪਾਸ ਹਨ ਤੂੰ ਮੱਥਾ ਟੇਕ ਦਿੱਤਾ, ਕਿਰਾਇਆ ਕਿਥੋਂ ਲਾਂਵੇਗਾ। ਸੰਤਾਂ ਨੇ ਪੈਸੇ ਵਾਪਿਸ ਕਰ ਦਿੱਤੇ। ਨਸੀਬ ਚੰਦ ਨੇ ਕਿਹਾ ਮਹਾਰਾਜ ਜੀ ਆਪ ਧੰਨ ਹੋ। ਮੱਥਾ ਟੇਕਿਆ ਅਤੇ ਕਲਕੱਤੇ ਜਾਣ ਦੀ ਆਗਿਆ ਲੈ ਲਈ। ਸੰਤਾਂ ਨੇ ਕਿਹਾ ਅਗਰ ਕੋਈ ਮੁਸ਼ਕਿਲ ਆਵੇ ਸਤਿਗੁਰੂ ਰਵਿਦਾਸ ਜੀ ਨੂੰ ਧਿਆਵੀਂ। ਨਸੀਬ ਚੰਦ ਜਲੰਧਰ ਰੇਲਵੇ ਸਟੇਸ਼ਨ ਤੇ ਪਹੁੰਚਿਆ। ਥੋੜੇ ਸਮੇਂ ਵਿਚ ਹੀ ਕਰਤਾਰਪੁਰ, ਤੱਲਣ ਅਤੇ ਤਾਜਪੁਰ ਵਾਲੇ ਵੀ ਜਲੰਧਰ ਰੇਲਵੇ ਸਟੇਸ਼ਨ 'ਤੇ ਪਹੁੰਚ ਗਏ। ਬਨਾਰਸੀ ਦਾਸ ਕਰਤਾਰਪੁਰ ਵਾਲੇ ਨੇ ਪੰਜ ਟਿਕਟਾਂ ਇਕੱਠੀਆਂ ਲੈ ਲਈਆਂ। ਨਸੀਬ ਚੰਦ ਬਨਾਰਸੀ ਦਾਸ ਨੂੰ ਪੈਸੇ ਦੇਣ ਲੱਗਾ ਅਤੇ ਸੋਚਣ ਲੱਗਾ ਕਿ ਪੈਸੇ ਸਤਿਗੁਰੂ ਸਰਵਣ ਦਾਸ ਜੀ ਦੀ ਕ੍ਰਿਪਾ ਦਾ ਫਲ ਹੈ। ਕਲਕੱਤੇ

ਪਹੁੰਚ ਕੇ ਸਾਰੇ ਆਪੋ ਆਪਣੇ ਵਪਾਰ ਵਿਚ ਲੱਗ ਗਏ। ਨਸੀਬ ਚੰਦ ਨੇ ਜਦੋਂ ਵੀ ਕਾਰੋਬਾਰ ਕਰਨਾ ਸਤਿਗੁਰੂ ਸਰਵਣ ਦਾਸ ਜੀ ਦਾ ਨਾਮ ਲੈ ਕੇ ਕਰਨਾ। ਕਾਰੋਬਾਰ ਵਿਚ ਵਾਧਾ ਹੀ ਹੁੰਦਾ ਗਿਆ।ਅੱਜ ਉਨ੍ਹਾਂ ਤੋਂ ਬਾਦ ਵੀ ਪੂਰਾ ਪਰਿਵਾਰ ਸਤਿਗੁਰੂ ਸਰਵਣ ਦਾਸ ਜੀ ਦਾ ਸ਼ੁਕਰਾਨਾ ਕਰਦਾ ਹੈ।ਉਨ੍ਹਾਂ ਦੇ ਦੋਨੋਂ ਪੁੱਤਰ ਸ੍ਰੀ ਦੇਵ ਰਾਜ ਬੰਗੜ ਨਿਊਜੀਲੈਂਡ ਅਤੇ ਹਰਬੰਸ ਲਾਲਾ ਬੰਗੜ ਯੂ.ਕੇ ਸਤਿਗੁਰੂਾਂ ਦੀਆਂ ਰਹਿਮਤਾਂ ਅਨੁਸਾਰ ਜੀਵਨ ਬਸਰ ਕਰਦੇ ਹਨ।

(15-4-17 ਨਿੱਜੀ ਜਾਣਕਾਰੀ)

***********

## ਸਾਖੀ 433

## ਇੱਕ ਹੀ ਖੂੰਡਾ ਬਹੁਤ ਹੈ

ਸਤਿਗੁਰੂ ਸਰਵਣ ਦਾਸ ਜੀ ਦੇ ਜੀਵਨ ਕਾਲ ਦਾ ਇਕ ਇਕ ਪਲ ਧਨਤਾ ਯੋਗ ਹੈ ਕਿਉਂਕਿ ਉਨ੍ਹਾਂ ਦੇ ਕੌਤਕਾਂ ਦਾ ਕੋਈ ਅੰਤ ਨਹੀਂ।ਉਨ੍ਹਾਂ ਦੀਆਂ ਸੰਗਤਾਂ ਨੂੰ ਦਿੱਤੀਆਂ ਸੌਗਾਤਾਂ ਅਤੇ ਸੰਗਤਾਂ 'ਤੇ ਕੀਤੇ ਪਰਉਪਕਾਰ ਅੱਜ ਸਾਖੀਆਂ ਬਣ ਰਹੀਆਂ ਹਨ। ਅਜਿਹੀ ਹੀ ਗਾਥਾ ਪਿੰਡ ਬੱਲਾਂ ਦੇ ਸ੍ਰੀ ਜਾਗਰ ਰਾਮ ਵਿਰਦੀ ਜੀ ਦੀ ਹੈ ਜਿਨ੍ਹਾਂ ਦੀ ਸ਼ਾਦੀ ਬੀਬੀ ਕਰਤਾਰੀ ਰੁੜਕਾ ਕਲਾਂ ਨਾਲ ਹੋਈ।

ਪਰਿਵਾਰ ਵਿਚ ਤਿੰਨ ਪੁੱਤਰੀਆਂ ਨੇ ਜਨਮ ਲਿਆ।ਸਭ ਤੋਂ ਛੋਟੀ ਪੁੱਤਰੀ ਦੀ ਸ਼ਾਦੀ ਸ਼੍ਰੀ ਮਹਿੰਦਰ ਪਾਲ ਸੀਮਤੀ ਪਿੰਡ ਨੰਗਲਪੁਰ ਦਿਲ ਨਾਲ ਹੋਈ। ਇਨ੍ਹਾਂ ਦੀ ਸ਼ਾਦੀ ਤੋਂ 10 ਸਾਲ ਬਾਅਦ ਤੱਕ ਘਰ ਵਿਚ ਕੋਈ ਬੱਚਾ ਨਾ ਹੋਇਆ। ਆਖਿਰ ਸਾਰਾ ਪਰਿਵਾਰ ਕੁਟੀਆ ਆ ਕੇ ਸੰਤ ਸਰਵਣ ਦਾਸ ਜੀ ਦੇ ਚਰਨੀਂ ਪੈ ਗਿਆ। ਸਤਿਗੁਰੂ ਸਰਵਣ ਦਾਸ ਜੀ ਨੇ ਇੱਕ ਖੂੰਡਾ ਮਹਿੰਦਰ ਪਾਲ ਦੇ ਮਾਰਿਆ। ਜਾਗਰ ਰਾਮ ਵਿਰਦੀ ਤੇ ਬੀਬੀ ਕਰਤਾਰੀ ਜੀ ਮਹਾਰਾਜ ਜੀ ਦੇ ਇਸ ਖੂੰਡੇ ਦੀ ਰਹਿਮਤ ਨੂੰ ਸਮਝਦੇ ਸਨ। ਉਨ੍ਹਾਂ ਕਿਹਾ ਮਹਾਰਾਜ ਜੀ ਇੱਕ ਹੋਰ ਮਾਰ ਦਿਓ। ਸੰਤ ਹੱਸ ਕੇ ਕਹਿਣ ਲੱਗੇ ਇੱਕ ਹੀ ਬਹੁਤ ਹੈ। ਇਸ ਪ੍ਰਕਾਰ ਉਨ੍ਹਾਂ ਦੇ ਗ੍ਰਹਿ ਵਿਖੇ ਮਿਤੀ 16-8-1972 ਨੂੰ ਇੱਕ ਲੜਕਾ ਪੈਦਾ ਹੋਇਆ ਜਿਸਦਾ ਨਾਮ ਰੂਪ ਲਾਲ ਰੱਖਿਆ ਗਿਆ।ਸਾਰਾ ਪਰਿਵਾਰ ਸਤਿਗੁਰੂ ਜੀ ਦਾ ਸ਼ਰਧਾਲੂ ਪਰਿਵਾਰ ਹੈ।ਸ਼੍ਰੀ ਰੂਪ ਲਾਲ

ਇਟਲੀ ਵਿੱਚ ਰਵਿਦਾਸੀਆ ਧਰਮ ਦਾ ਪ੍ਰਚਾਰ ਕਰ ਰਹੇ ਹਨ।
(ਸ਼੍ਰੀ ਰੂਪ ਲਾਲ 7-5-17)

***********

## ਸਾਖੀ 434

## ਸੱਚਾ ਸਤਿਗੁਰੂ ਆਪਣੇ ਸੇਵਕਾਂ ਦਾ ਇਥੇ ਉਥੇ ਸਹਾਈ ਹੁੰਦਾ ਹੈ।

ਡਾਕਟਰ ਹਰਬਿਲਾਸ ਅਤੇ ਬੀਬੀ ਵਿਦਵੰਤ ਕੌਰ ਜੀ 1967-68 ਤੋਂ ਕੁਟੀਆ ਸ਼੍ਰੀ 108 ਸੰਤ ਸਰਵਣ ਦਾਸ ਜੀ ਵਿਖੇ ਆਉਂਦੇ ਹਨ। ਸਾਰਾ ਪਰਿਵਾਰ ਸਤਿਗੁਰੂਾਂ ਦਾ ਪੱਕਾ ਸਰਧਾਲੂ ਹੈ। ਡਾ. ਸਾਹਿਬ ਅਤੇ ਉਹਨਾਂ ਦੀ ਧਰਮ ਪਤਨੀ ਨੇ ਸ਼੍ਰੀ 108 ਸੰਤ ਹਰੀਦਾਸ ਜੀ ਪਾਸੋਂ ਨਾਮ ਦੀ ਦਾਤ ਪ੍ਰਾਪਤ ਕੀਤੀ।ਸਾਰਾ ਪਰਿਵਾਰ ਸਤਿਗੁਰਾਂ ਦੀ ਰਹਿਮਤ ਸਦਕਾ ਖੁਸ਼ੀ ਖੁਸ਼ੀ ਜੀਵਨ ਬਤੀਤ ਕਰ ਰਿਹਾ ਹੈ। ਸਤਿਗੁਰੂ ਦਾ ਭਾਣਾ ਵਰਤਿਆ ਕਿ ਉਹਨਾਂ ਦਾ ਹੋਣਹਾਰ ਸਪੁੱਤਰ ਅਮਰੀਕ ਸਿੰਘ ਅਚਾਨਕ ਸੇਹਤ ਖਰਾਬ ਹੋਣ ਕਾਰਣ ਇੰਡੀਆ ਕਿਡਨੀ ਹਸਪਤਾਲ ਜਲੰਧਰ ਵਿੱਚ ਜੇਰੇ ਇਲਾਜ ਸੀ। ਉਸਦੀ ਧਰਮ ਪਤਨੀ ਬੀਬੀ ਅਮਰਜੀਤ ਕੌਰ ਅਤੇ ਵੱਡਾ ਭਰਾ ਡਾ. ਬਲਦੇਵ ਸਿੰਘ ਉਹਨਾਂ ਦੇ ਪਾਸ ਸੀ। ਅਮਰੀਕ ਸਿੰਘ ਸਿਹਤ ਜਿਆਦਾ ਖਰਾਬ ਹੋਣ ਕਾਰਣ ਸਤਿਗੁਰੂ ਸਰਵਣ ਦਾਸ ਜੀ ਅੱਗੇ ਅਰਦਾਸਾਂ ਬੇਨਤੀਆਂ ਕਰ ਰਿਹਾ ਸੀ। ਅਤੇ ਸਤਿਗੁਰੂਾਂ ਦਾ ਸਵਾਸ ਸਵਾਸ ਨਾਮ ਜੱਪ ਰਿਹਾ ਸੀ।

ਮਿਤੀ 27-3-2017 ਨੂੰ ਵਕਤ ਕਰੀਬ 4 ਵਜੇ ਸਵੇਰ ਦਾ ਹੋਵੇਗਾ ਕਿ ਅਮਰੀਕ ਸਿੰਘ ਨੇ ਆਪਣੇ ਵੱਡੇ ਭਰਾ ਬਲਦੇਵ ਸਿੰਘ ਨੂੰ ਇਸ਼ਾਰੇ ਨਾਲ ਆਪਣੇ ਪਾਸ ਬੁਲਾਇਆ ਅਤੇ ਪੁਛਿਆ ਕਿ ਪ੍ਰਸ਼ਾਦ ਹੈ। ਡਾ.ਸਾਹਿਬ ਨੇ ਕਿਹਾ. "ਪ੍ਰਸ਼ਾਦ ਵੰਡ ਹੋ ਗਿਆ ਹੈ। " ਅਮਰੀਕ ਸਿੰਘ ਨੇ ਦੁਬਾਰਾ ਫਿਰ ਬਲਦੇਵ ਰਾਜ ਨਾਲ ਹੱਥ ਮਿਲਾਇਆ ਅਤੇ ਜੈ ਗੁਰੂਦੇਵ ਕਹਿ ਕੇ ਕਿਹਾ, "ਚੰਗਾ ! ਮਹਾਰਾਜ ਸਰਵਣ ਦਾਸ ਜੀ ਆ ਗਏ ਹਨ ਮੈਂ ਉਨ੍ਹਾਂ ਨਾਲ ਜਾ ਰਿਹਾ ਹਾਂ।" ਏਨਾ ਕਹਿ ਕੇ ਉਸੀ ਵਕਤ

ਪ੍ਰਾਣ ਤਿਆਗ ਦਿੱਤੇ ।

(ਮਿਤੀ 5-6-17 ਖੁਦ ਬਲਦੇਵ ਰਾਜ ਜਗਰਾਵਾਂ)

***********

## ਸਾਖੀ ਨੰਬਰ 435

## ਸ਼ਰਧਾ ਭਾਵਨਾ ਵਿੱਚ ਬਰਕਤ ਹੁੰਦੀ ਹੈ

ਪਿੰਡ ਦੌਲੀਕੇ ਦੀ ਇੱਕ ਸ਼ਰਧਾਵਾਨ ਬੀਬੀ ਜਿਸ ਦੀ ਕੁਟੀਆ ਸਤਿਗੁਰੂ ਸਰਵਣ ਦਾਸ ਜੀ ਪ੍ਰਤੀ ਸ਼ਰਧਾ ਸੀ। ਬੀਬੀ ਘਰੋਂ ਆਰਥਿਕ ਤੌਰ 'ਤੇ ਬਹੁਤ ਤੰਗ ਸੀ ਅਤੇ ਡੰਗਰ ਆਦਿ ਪਾਲ ਕੇ ਗੁਜਾਰਾ ਕਰਦੀ ਸੀ। ਸਤਿਗੁਰੂ ਹਰੀਦਾਸ ਜੀ ਮਹਾਰਾਜ ਜੀ ਨੇ ਜਦੋਂ ਵੀ ਮੁਹੱਲੇ ਦੇ ਦੂਸਰੇ ਘਰਾਂ ਵਿੱਚ ਪ੍ਰਸ਼ਾਦਾ ਛੱਕਣਾ, ਉਸਦੇ ਦੇ ਮਨ ਵਿੱਚ ਆਉਣਾ ਕਿ ਮੈਂ ਵੀ ਸੰਤਾਂ ਨੂੰ ਪ੍ਰਸ਼ਾਦਾ ਛੱਕਣਾ ਪਰ ਘਰ ਦੀ ਗਰੀਬੀ ਕਾਰਣ ਉਸਨੇ ਮਹਾਰਾਜ ਜੀ ਨੂੰ ਕਦੇ ਵੀ ਬੇਨਤੀ ਨਹੀਂ ਕਰਨੀ।

ਇਕ ਦਿਨ ਮਹਾਰਾਜ ਜੀ ਨੂੰ ਕੁਝ ਸੰਤਾਂ ਮਹਾਂਪੁਰਸ਼ਾ ਨੇ ਮਿਲ ਕੇ ਲੰਗਰ ਛੱਕਣ ਲਈ ਕਿਹਾ ਤਾਂ ਮਹਾਰਾਜ ਜੀ ਨੇ ਉਸ ਬੀਬੀ ਨੂੰ ਲੰਗਰ ਤਿਆਰ ਕਰਨ ਲਈ ਕਿਹਾ। ਬੀਬੀ ਸੰਤ ਸੇਵੀ ਸੀ ਉਸਨੇ ਆਪਣੀ ਗਾਂ ਵੇਚਨੀ ਚਾਹੀ ਪਰ ਇਤਨੀ ਜਲਦੀ ਉਸਦਾ ਪੂਰਾ ਮੁੱਲ ਵੀ ਨਾ ਲੱਗੇ ਫਿਰ ਉਸ ਮਾਤਾ ਨੇ ਕਿਧਰੇਂ ਥੋੜੇ ਪੈਸੇ ਉਧਾਰ ਫੜ ਕੇ ਲੰਗਰ ਤਿਆਰ ਕਰਵਾ ਲਿਆ ਪੰਤੂ ਮਨ ਵਿੱਚ ਇਹੋ ਹੀ ਡਰ ਕਿ ਸਾਧ ਸੰਗਤ ਜਿਆਦਾ ਹੈ ਲੰਗਰ ਥੁੜ ਨਾ ਜਾਵੇ। ਮਹਾਰਾਜ ਹਰੀਦਾਸ ਜੀ ਜਦੋਂ ਸੰਤਾਂ ਸਮੇਤ ਲੰਗਰ ਛਕਣ ਦੇ ਲਈ ਬੀਬੀ ਦੇ ਗ੍ਰਹਿ ਆਏ ਉਨ੍ਹਾਂ ਨੇ ਬੀਬੀ ਨੂੰ ਕਿਹਾ ਕਿ ਆਪ ਉਪਰ ਇੱਕ ਕੱਪੜਾ ਪਾ ਦਿਓ ਭਜਨ ਤੇ ਭੋਜਨ ਪਰਦੇ ਵਿੱਚ ਹੀ ਰਹਿਣੇ ਚਾਹੀਦੇ ਹਨ। ਬੀਬੀ ਨੇ ਲੰਗਰ 'ਤੇ ਕੱਪੜਾ ਪਾ ਦਿੱਤਾ ਅਤੇ ਲੰਗਰ ਛਕਾਉਣਾ ਸ਼ੁਰੂ ਕਰ ਦਿੱਤਾ। ਸੰਤਾਂ ਤੋਂ ਇਲਾਵਾ ਹੋਰ ਵੀ ਕਈ ਸੰਗਤਾਂ ਲੰਗਰ ਛਕ ਕੇ ਗਈਆਂ, ਪਰ ਤੋਟ ਨਹੀਂ ਆਈ ਅਤੁੱਟ ਭੰਡਾਰੇ ਚਲੇ। ਬੀਬੀ ਸਤਿਗੁਰੂ ਦਾ ਸ਼ੁਕਰਾਨਾ ਕਰਨ ਲੱਗੀ । ਬਾਅਦ ਵਿੱਚ ਗਾਂ ਦੀ ਵੀ ਬਹੁਤ ਕੀਮਤ ਮਿਲੀ।ਘਰ

ਵਿੱਚ ਲਹਿਰਾਂ ਬਹਿਰਾਂ ਹਨ। ਕੋਈ ਗਰੀਬੀ ਨਹੀਂ

(ਸੁਖਵਿੰਦਰ ਵਿਰਦੀ ਰਾਹੀਂ ਪਰਿਵਾਰਕ ਜਾਣਕਾਰੀ 7-6-2017)

***********

## ਸਾਖੀ 436

## ਸੰਤਾਂ ਵਿੱਚ ਤੇ ਰੱਬ ਵਿੱਚ ਅੰਤਰ ਨਹੀਂ ਹੁੰਦਾ

ਇਕ ਵਾਰ ਇਕ ਪੜਿਆ ਲਿਖਿਆ ਵਿਅਕਤੀ ਜੋ ਵਿਚਾਰਾਂ ਤੋਂ ਨਾਸਤਿਕ ਸੁਭਾਅ ਦਾ ਲੱਗਦਾ ਸੀ ਉਸਦਾ ਪਰਮਾਰਥੀ ਕੰਮਾਂ ਵੱਲ ਕੋਈ ਵਿਸ਼ੇਸ਼ ਧਿਆਨ ਨਹੀਂ ਸੀ। ਡੇਰੇ ਦੇ ਸੂਝਵਾਨ ਸੇਵਾਦਾਰਾਂ ਵਲੋਂ ਉਸ ਨੂੰ ਸੰਤ ਮਤ ਬਾਰੇ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਬਦਲ ਨਾ ਸਕਿਆ। ਵੈਸੇ ਉਹ ਡੇਰੇ ਦੇ ਸਮਾਜਿਕ ਕੰਮਾਂ ਦੀ ਬਹੁਤ ਪ੍ਰਸ਼ੰਸ਼ਾ ਕਰ ਰਿਹਾ ਸੀ। ਡੇਰੇ ਵਲੋਂ ਚਲਾਈਆਂ ਜਾ ਰਹੀਆਂ ਸਿਹਤ ਸਹੂਲਤਾਂ ਅਤੇ ਵਿੱਦਿਅਕ ਸੇਵਾਵਾਂ ਤੋਂ ਬਹੁਤ ਪ੍ਰਭਾਵਿਤ ਸੀ। ਸੇਵਾਦਾਰਾਂ ਨੇ ਉਸ ਵਿਅਕਤੀ ਨੂੰ ਮਹਾਰਾਜ ਗਰੀਬ ਦਾਸ ਜੀ ਨਾਲ ਮਿਲਾਇਆ ਉਸਨੇ ਨੇ ਕਿਹਾ, "ਬਾਬਾ ਜੀ ਮੈਂ ਦਸਵੇਂ ਦਵਾਰ ਵਿੱਚ ਯਕੀਨ ਨਹੀਂ ਕਰਦਾ ਅਤੇ ਨਾ ਹੀ ਮੈਂ ਸੰਤ ਮੱਤ ਵਿੱਚ ਭਰੋਸਾ ਕਰਦਾ ਹਾਂ, ਮੈਨੂੰ ਪ੍ਰਮਾਤਾਮਾ ਦੇ ਦਰਸ਼ਨ ਕਰਾਓ?"

ਮਹਾਰਾਜ ਜੀ ਨੇ ਕਿਹਾ ਤੂੰ ਸਾਡੀਆਂ ਅੱਖਾ ਵਿੱਚ ਅੱਖਾਂ ਪਾ ਕੇ ਦੇਖ ਹੁਣੇ ਦਿਖਾ ਦਿੰਦੇ ਹਾਂ। ਜੋ ਕੁਝ ਤੂੰ ਮੰਗ ਰਿਹਾ ਏ, ਜੋ ਤੂੰ ਮਿੰਟਾਂ ਵਿੱਚ ਦੇਖਣਾ ਚਾਹੁੰਦਾ ਏ ਇਸ ਕਰਤੂਤ ਦਾ ਮਾਲਿਕ ਵੀ ਏ? ਉਹ ਵਿਅਕਤੀ ਮਹਾਰਾਜ ਜੀ ਦੀਆਂ ਅੱਖਾਂ ਵਿੱਚ ਅੱਖਾਂ ਨਾ ਪਾ ਸਕਿਆ। ਮਹਾਰਾਜ ਜੀ ਵਿੱਚ ਸਵੈਮਾਣ ,ਪ੍ਰਮਾਤਮਾ ਵਿੱਚ ਭਰੋਸਾ ਦੇਖ ਕੇ ਉਹ ਸਤਿਗੁਰੂ ਜੀ ਦੇ ਚਰਨੀ ਪੈ ਗਿਆ।

(ਰਿਪੋਰਟ:- ਰਾਜ ਕੁਮਾਰ ਬੈਂਕ ਮੈਨਜਰ ਲਿਦੜਾਂ 8-6-2017)

***********

## ਸਾਖੀ ਨੰਬਰ 437

## ਸੰਤਾਂ ਦੇ ਇਮਤਿਹਾਨ ਨਹੀਂ ਲੈਣੇ ਚਾਹੀਦੇ

ਲੰਬੇ ਸਮੇਂ ਦੀ ਗੱਲ ਹੈ ਕਿ ਰਾਏਪੁਰ ਦਾ ਇੱਕ ਵਿਅਕਤੀ ਜੋ ਦੁੱਧ ਦਾ ਕੰਮ ਕਰਦਾ ਸੀ ਅਤੇ ਪਹਿਲਵਾਨ ਸੀ। ਉਹ ਸੰਤ ਮੱਤ ਵਿੱਚ ਯਕੀਨ ਨਹੀਂ ਰੱਖਦਾ ਸੀ। ਉਸਨੇ ਇਲਾਕੇ ਵਿੱਚ ਸੰਤ ਸਰਵਣ ਦਾਸ ਜੀ ਦੀ ਪ੍ਰਮਾਰਥੀ ਚੜ੍ਹਾਈ 'ਤੇ ਸ਼ੰਕਾ ਕਰਦਿਆਂ ਮਨ ਬੱਸ ਹੋ ਕੇ ਮਹਾਰਾਜ ਜੀ ਦਾ ਇਮਤਿਹਾਨ ਲੈਣਾ ਚਾਹਿਆ ਅਤੇ ਵੱਡੇ ਤੜਕੇ ਚੰਨ ਦੀ ਚਾਨਣੀ ਵਿੱਚ ਇਹ ਦੇਖਣਾ ਚਾਹਿਆ ਕਿ ਸੰਤ ਕਦੋਂ ਉਠਦੇ ਹਨ ਅਤੇ ਉਜਾੜ ਜੰਗਲ ਵਿੱਚ ਨਹਿਰ ਦੇ ਕਿਨਾਰੇ ਆ ਕੇ ਹਨੇਰੇ ਵਿੱਚ ਪਿੰਡੋਂ ਬਾਹਰ ਕਿਵੇਂ ਬੰਦਗੀ ਕਰਦੇ ਹਨ।

ਪਹਿਲਵਾਨ ਜਦੋਂ ਨਹਿਰ ਦੇ ਕੰਡੇ ਕੋਲ ਦੀ ਪਗਡੰਡੀ ਤੋਂ ਲੰਘਣ ਲੱਗਾ ਤਾਂ ਇੱਕ ਬਹੁਤ ਵੱਡਾ ਸੱਪ ਉਸ ਰਾਸਤੇ 'ਤੇ ਫ਼ਨ ਖਿਲਾਰ ਕੇ ਬੈਠਾ ਸੀ। ਪਹਿਲਵਾਨ ਡਰਦਾ ਹੀ ਵਾਪਿਸ ਆ ਗਿਆ ਅਤੇ ਕੰਬ ਗਿਆ ਜਦੋਂ ਦਿਨ ਦੂਸਰੇ ਦਿਨ ਦੁੱਧ ਲੈ ਕੇ ਉਥੋਂ ਦੀ ਦਿਨ ਦੇ ਵਕਤ ਲੰਘਿਆਂ ਤਾਂ ਮਹਾਰਾਜ ਜੀ ਸੈਰ ਕਰ ਰਹੇ ਸੀ ਪਹਿਲਵਾਨ ਨੇ ਮੱਥਾ ਟੇਕਿਆ ਤਾਂ ਮਹਾਰਾਜ ਜੀ ਹੱਸ ਕੇ ਕਹਿਣ ਲੱਗੇ ਇਸ ਪਾਸੇ ਵੱਲ੍ਹ ਦਿਨ ਚੜ੍ਹੇ ਆਇਆ ਕਰੋ।

ਪਹਿਲਵਾਨ ਨੂੰ ਗਿਆਨ ਹੋ ਗਿਆ ਕਿ ਮਹਾਰਾਜ ਜੀ ਨੇ ਇਹ ਸ਼ਬਦ ਕਿਓ ਕਹੇ ਹਨ ਉਹ ਸਤਿਗੁਰੂ ਦੇ ਚਰਨੀਂ ਪੈ ਗਿਆ।

(ਰਿਪੋਰਟਰ:-ਰਾਜ ਕੁਮਾਰ ਬੈਂਕ ਮੈਨੇਜਰ 8-6-2017)

***********

## ਸਾਖੀ 438

## ਰਾਮ ਮੂਰਤੀ ਨੂੰ ਡੇਰੇ ਵਿੱਚ ਸੇਵਾ ਕਰਨ ਦਾ ਹੁਕਮ ਕਰਨਾ

ਸਮਾਂ ਕਰੀਬ ਅੱਧੀ ਸਦੀ ਦਾ ਪਹਿਲਾਂ ਦਾ ਹੋਵੇਗਾ ਕਿ ਸ਼੍ਰੀ ਰਾਮ ਮੂਰਤੀ ਜੀ ਜੋ ਕਿ ਯੁਵਾ ਅਵਸਥਾ ਵਿੱਚ ਸਨ ਉਨ੍ਹਾਂ ਦਾ ਅਚਾਨਕ ਗੱਡੀ ਵਿੱਚੋਂ ਡਿੱਗਣ ਨਾਲ ਬਾਂਹ 'ਤੇ ਸੱਟ ਲੱਗ ਗਈ ਅਤੇ 22 ਟਾਂਕੇ

ਲੱਗੇ ਹੋਏ ਸਨ। ਬਾਂਹ ਦੀ ਹਾਲਤ ਏਨੀ ਖਰਾਬ ਹੋ ਗਈ ਕਿ ਉਸ ਵਿੱਚ ਪਾਕ ਪੈ ਗਈ ਬਹੁਤ ਤਕਲੀਫ਼ ਸੀ।

ਰਾਮ ਮੂਰਤੀ ਦੀ ਛੋਟੀ ਭਰਜਾਈ ਜੋ ਹਰਬਿਲਾਸ ਮਹਿਤਾ ਦੀ ਧਰਮ ਪਤਨੀ ਸੀ ਬੀਬੀ ਰੇਸ਼ਮ ਕੌਰ ਪੁੱਤਰੀ ਸ਼੍ਰੀ ਖੁਸ਼ੀ ਰਾਮ ਜੀ ਦੇ ਪੇਕੇ ਪਿੰਡ ਮੰਨਣਾਂ ਵਿੱਚ ਸਨ। ਉਨ੍ਹਾਂ ਨੇ ਰਾਮ ਮੂਰਤੀ ਨੂੰ ਕੁਟੀਆ ਸੰਤ ਸਰਵਣ ਦਾਸ ਜੀ ਵਿਖੇ ਮਹਾਰਾਜ ਸਰਵਣ ਦਾਸ ਜੀ ਪਾਸ ਲੈ ਆਂਦਾ ਮਹਾਰਾਜ ਸਰਵਣ ਦਾਸ ਜੀ ਥੜੇ ਉਪਰ ਬਿਰਾਜਮਾਨ ਸਨ ਅਤੇ ਸੰਤ ਹਰੀਦਾਸ ਜੀ ਅਤੇ ਸੰਤ ਗਰੀਬ ਦਾਸ ਜੀ ਪਾਸ ਬੈਠੇ ਸਨ। ਮਹਾਰਾਜ ਜੀ ਨੇ ਦੋ ਵਾਰੀ ਬਾਂਹ ਤੇ ਹੱਥ ਫੇਰਿਆ ਇਹ ਟਾਂਕੇ 5 ਦਿਨਾਂ ਵਿੱਚ ਸੁੱਕ ਗਏ।ਰਾਤ ਕੁਟੀਆ ਵਿੱਚ ਰਿਹਾ। ਰਾਤ ਦੇ ਵਕਤ ਸ਼੍ਰੀ ਅਮੀਂ ਚੰਦ ਜੀ ਦੇ ਵੱਡੇ ਸਪੁੱਤਰ ਪ੍ਰਕਾਸ਼ ਜੋ ਪਿੰਡ ਚੱਕੋਵਾਲ ਤੋਂ ਸਨ। ਪਾਠ ਕਰਦੇ ਸਨ। ਰਾਤ ਵਕਤ ਸ਼ਬਦ ਚੌਕੀਂ ਗਾ ਰਹੇ ਸਨ।ਅਤੇ ਵੱਖਰੇ ਕਮਰੇ ਵਿੱਚ ਰਿਆਜ਼ ਕਰ ਰਹੇ ਸਨ। ਮਹਾਰਾਜ ਗਰੀਬ ਦਾਸ ਜੀ ਢੋਲਕੀ ਵਜਾ ਰਹੇ ਸੀ।ਇਕ ਸੁਰ ਗਲਤ ਹੁੰਦਾ ਸੀ ਸ਼੍ਰੀ ਰਾਮ ਮੂਰਤੀ ਜੀ ਹਰਮੋਨੀਅਮ ਜਾਣਦੇ ਸੀ। ਉਨ੍ਹਾਂ ਨੇ ਇਹੋ ਸ਼ਬਦ ਸੁਰ ਵਿੱਚ ਸੁਣਾਇਆ। ਸਾਰੇ ਪ੍ਰਭਾਵਿਤ ਹੋ ਗਏ।ਸਵੇਰ ਦੇ ਵਕਤ ਸੰਤ ਗਰੀਬ ਦਾਸ ਜੀ ਨੇ ਮਹਾਰਾਜ ਜੀ ਨੂੰ ਦੱਸਿਆ ਕਿ ਰਾਮ ਮੂਰਤੀ ਬਹੁਤ ਵਧੀਆ ਅਵਾਜ਼ ਵਿੱਚ ਕੀਰਤਨ ਕਰਦਾ ਹੈ।

ਉਸ ਦਿਨ ਮਾਸਟਰ ਜੱਗੂ ਰਾਮ ਜੀ ਜਰੂਰੀ ਕੰਮ ਹੋਣ ਕਾਰਣ ਡੇਰੇ ਆ ਨਹੀਂ ਸਕੇ ਉਨ੍ਹਾਂ ਦੀ ਥਾਂ ਮਹਾਰਾਜ ਜੀ ਨੇ ਰਾਮ ਮੂਰਤੀ ਨੂੰ "ਸਾਨੂੰ ਮੀਰਾਂ ਵਾਲੀ ਲਗਨ ਲਗਾਦੇ ਤੇਰਾ ਕਿਹੜਾ ਮੁੱਲ ਲੱਗਦਾ" ਸ਼ਬਦ ਲਾਉਣ ਲਈ ਕਿਹਾ । ਰਾਮ ਮੂਰਤੀ ਨੇ ਇਹ ਸ਼ਬਦ ਬਹੁਤ ਮਿੱਠੀ ਸੁਰੀਲੀ ਅਵਾਜ ਵਿੱਚ ਸੁਣਾਇਆ। ਮਹਾਰਾਜ ਜੀ ਗੱਦ ਗੱਦ ਹੋ ਗਏ। ਹੋਲੀ ਹੋਲੀ ਬਾਂਹ ਠੀਕ ਹੋ ਗਈ ਮਹਾਰਾਜ ਜੀ ਨੇ ਉਸਨੂੰ ਪੱਕੇ ਤੌਰ ਤੇ ਡੇਰੇ ਵਿੱਚ ਸੇਵਾ ਵਿੱਚ ਲਗਾ ਦਿੱਤਾ ਅਤੇ ਕਦੇ ਕਦੇ ਘਰ ਜਾਂਦੇ ਅਤੇ ਪਿਆਰ ਨਾਲ ਕਹਿੰਦੇ ਕਿ ਇਹ ਹੁਣ ਸਾਡਾ ਰਾਮ ਮੂਰਤੀ ਹੈ। ਇਸ ਪ੍ਰਕਾਰ ਆਪ ਲੰਬਾ ਸਮਾਂ ਡੇਰੇ ਵਿੱਚ ਡਿਊਟੀ ਨਿਭਾਈ । ਆਪ ਜੀ ਜਦੋਂ ਮਾਸਟਰ ਜੀਤ ਰਾਮ ਜੀ, ਸੰਤ ਰਾਮਾ ਨੰਦ ਜੀ ਅਤੇ ਗਿਆਨੀ ਸ਼ੰਕਰ ਦਾਸ ਕਥਾਂ ਕੀਰਤਨ ਕਰਦੇ ਸੰਗਤਾਂ ਅਨੰਦਤ ਹੋ

ਉਠਦੀਆਂ।

(ਖੁਦ ਰਾਮ ਮੂਰਤੀ ਮਿਤੀ 24-6-2017)

***********

## ਸਾਖੀ 439

## ਸਤਿਗੁਰੂ ਜੀ ਬੇਅੰਤ ਕਰਨੀ ਦੇ ਮਾਲਿਕ ਸਨ।

ਬਹੁਤ ਪੁਰਾਣੀ ਗੱਲ ਹੈ ਕਿ ਉਹਨਾਂ ਦਿਨਾਂ ਵਿੱਚ ਸਤਿਗੁਰੂ ਸਰਵਣ ਦਾਸ ਜੀ ਆਪਣੇ ਸੇਵਕਾਂ ਪਿਆਰਿਆਂ ਦੇ ਗ੍ਰਹਿ ਬੱਸਾਂ ਵਿੱਚ ਹੀ ਜਾਇਆ ਕਰਦੇ ਸਨ ਅਤੇ ਟੈਲੀਫੋਨ ਆਦਿ ਵੀ ਘੱਟ ਹੀ ਸਨ ਮਾਸਟਰ ਜੀਤ ਰਾਮ ਵੀ ਛੁੱਟੀ ਵਾਲੇ ਦਿਨ ਮਹਾਰਾਜ ਜੀ ਨਾਲ ਜਾਂਦੇ ਸਨ।ਆਮ ਤੌਰ ਤੇ ਰਾਮ ਮੂਰਤੀ 'ਤੇ ਸੰਤ ਹਰੀਦਾਸ ਜੀ ਜਾਂ ਸੰਤ ਗਰੀਬ ਦਾਸ ਜੀ ਹੀ ਜਾਂਦੇ ਸਨ।ਬਾਅਦ ਵਿੱਚ ਜੀਪ ਲੈ ਲਈ ਅਤੇ ਜੀਪ ਵਿੱਚ ਜਾਣ ਲੱਗ ਪਏ।

ਇਕ ਸਮੇਂ ਮਹਾਰਾਜ ਜੀ ਕਿਸੇ ਪਿੰਡ ਤੋਂ ਵਾਪਿਸ ਡੇਰੇ ਆ ਰਹੇ ਸਨ ਅਤੇ ਇਕ ਪਿੰਡ ਵਿੱਚ ਦੀ ਲੰਘਣ ਲੱਗੇ ਤਾਂ ਰਾਮ ਮੂਰਤੀ ਨੂੰ ਕਿਹਾ ਇਸ ਰਸਤੇ ਨਹੀਂ ਜਾਣਾ ਦੂਸਰੇ ਰਾਸਤੇ ਚਲਦੇ ਹਾਂ। ਥੋੜ੍ਹੀ ਦੇਰ ਬਾਦ ਜਦੋਂ ਡੇਰੇ ਪੁੱਜੇ ਤਾਂ ਪਤਾ ਲੱਗਾ ਕਿ ਉਸ ਪਿੰਡ ਵਿੱਚ ਬਹੁਤ ਲੜਾਈ ਹੋਈ ਹੈ।ਅਤੇ ਕਾਫ਼ੀ ਨੁਕਸਾਨ ਹੋਇਆ ਹੈ। ਅਸੀਂ ਵੀ ਵਾਪਸੀ ਤੇ ਉਸ ਰਸਤੇ ਹੀ ਵਾਪਿਸ ਕੁਟੀਆਂ ਆਉਣਾ ਸੀ। ਜਿਸ ਪਾਸੇ ਇਹ ਘਟਨਾ ਘਟੀ ਸੀ।ਮਹਾਰਾਜ ਜੀ
ਬਹੁਤ ਬੇਅੰਤ ਕਰਨੀ ਦੇ ਮਾਲਿਕ ਸਨ।

(ਖੁਦ ਰਾਮ ਮੂਰਤੀ 24-6-2017)

***********

## ਸਾਖੀ 440

## ਸਤਿਗੁਰੂ ਦੀ ਕ੍ਰਿਪਾ ਨਾਲ ਬਿਨਾਂ ਤੇਲ ਗੱਡੀ ਦਾ ਚੱਲਣਾ

ਇਕ ਵਾਰ ਸਤਿਗੁਰੂ ਸਰਵਣ ਦਾਸ ਜੀ ਆਪਣੇ ਸੇਵਕਾਂ ਦੇ ਗ੍ਰਹਿ ਵਿਖੇ ਜੀਪ ਵਿੱਚ ਸਵਾਰ ਹੋ ਕੇ ਜਾ ਰਹੇ ਸਨ ਅਤੇ ਰਾਮ ਮੂਰਤੀ ਜੀਪ ਚਲਾ ਰਿਹਾ ਸੀ। ਉਸ ਦਿਨ ਮਹਾਰਾਜ ਜੀ ਨੇ ਕਈ ਜਗ੍ਹਾ ਜਾ ਕੇ ਸ਼ਮੂਲੀਅਤ ਕਰਨੀ ਸੀ ਅਤੇ ਆਪਣੀ ਚਰਨ ਸੇਵਕਾਂ ਦੀ ਘਰ

ਪਾਉਣੇ ਸਨ।

ਜਦੋਂ ਪਿੰਡ ਕੋਟਲਾ ਨਜਦੀਕ ਸ਼ਾਮ ਚੋਰਾਸੀ ਜਾ ਰਹੇ ਸਨ ਕਿ ਰਾਸਤੇ ਵਿੱਚ ਤੇਲ ਖਤਮ ਹੋ ਗਿਆ ਅਤੇ ਗੱਡੀ ਰੁਕ ਗਈ ਅਤੇ ਕਰੀਬ 5-6 ਕਿਲੋ ਮੀਟਰ ਰਾਸਤਾ ਬਾਕੀ ਸੀ। ਮਹਾਰਾਜ ਜੀ ਨੇ ਰਾਮ ਮੂਰਤੀ ਨੂੰ ਕਿਹਾ ਗੱਡੀ ਕਿਉਂ ਰੁਕੀ ਹੈ? ਰਾਮ ਮੂਰਤੀ ਨੇ ਕਿਹਾ ਮਹਾਰਾਜ ਜੀ ਇਸ ਵਿੱਚ ਤੇਲ ਖਤਮ ਹੋ ਗਿਆ ।ਮਹਾਰਾਜ ਜੀ ਨੇ ਫਿਰ ਕਿਹਾ ਤੂੰ ਇਸ ਨੂੰ ਸਟਾਰਟ ਕਰ ਮੈਂ ਧੱਕਾ ਲਾਉਦਾ ਹਾਂ ਮਹਾਰਾਜ ਜੀ ਨੇ ਵਿੱਚ ਬੈਠੇ ਹੀ ਖੂੰਡੇ ਨਾਲ ਗੱਡੀ ਨੂੰ ਧੱਕਾ ਮਾਰਿਆ ਗੱਡੀ ਚਲ ਪਈ। ਰਾਮ ਮੂਰਤੀ ਅਤੇ ਸੇਵਾਦਾਰ ਹੈਰਾਨ ਰਹਿ ਗਏ ਕਿ ਗੱਡੀ ਵਿੱਚ ਤੇਲ ਹੈ ਨਹੀਂ ਫਿਰ ਕਿਵੇਂ ਚਲ ਪਈ। ਗੱਡੀ ਪਿੰਡ ਕੋਟਲਾ ਪੁੱਜੀ ਗਈ। ਉਥੇ ਜਾ ਕੇ ਤੇਲ ਮੰਗਵਾ ਕੇ ਜੀਪ ਵਿੱਚ ਪਾਇਆ ਇਹ ਸਤਿਗੁਰੂ ਜੀ ਦੀ ਭਗਤੀ ਅਤੇ ਸ਼ਕਤੀ ਦਾ ਹੀ ਪ੍ਰਤਾਪ ਸੀ ਕਿ ਬਿਨਾਂ ਤੇਲ ਗੱਡੀ ਏਨਾ ਸਫਰ ਕਿਵੇਂ ਤਹਿ ਕਰ ਗਈ।

(ਖੁਦ ਰਾਮ ਮੂਰਤੀ 24-6-2017)

***********

## ਸਾਖੀ 441

## ਸੱਤਾਂ ਧੀਆਂ ਤੋਂ ਪੁੱਤਰ ਦੀ ਦਾਤ ਬਖਸ਼ਿਸ਼ ਕਰਨੀ

ਇਕ ਵਾਰ ਸੁਆਮੀ ਸਰਵਣ ਦਾਸ ਜੀ ਪਿੰਡ ਖੁੱਡੇ ਗਏ ਉਥੇ ਸਮਾਗਮਾਂ ਦੀ ਸਮਾਪਤੀ ਉਪਰੰਤ ਜਦੋਂ ਜੀਪ ਵਿੱਚ ਬੈਠਗਏ ਤਾਂ ਰਾਮ ਮੂਰਤੀ ਨੂੰ ਜੀਪ ਤੋਰਨ ਲਈ ਕਿਹਾ ਇਕ ਬੀਬੀ ਗੱਡੀ ਅੱਗੇ ਆ ਕੇ ਤਰਲੇ ਕੱਢਣ ਲੱਗੀ ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ ਮਹਾਰਾਜ ਜੀ ਮੇਰੇ 7 ਲੜਕੀਆਂ ਹਨ ਪੁੱਤਰ ਦੀ ਦਾਤ ਬਖਸ਼ੋ।

ਮਹਾਰਾਜ ਜੀ ਗੁੱਸੇ ਵਿੱਚ ਬੋਲੇ ਕਿ ਤੁਸੀਂ ਪਿਛਲੇ ਸਮੇਂ ਵਿੱਚ ਲੋਕਾਂ ਨੂੰ ਲੁਟਦੇ ਰਹੇ ਹੋ ਡਾਕੇ ਮਾਰਦੇ ਸੀ। ਹੁਣ ਇਹ ਕੁੜੀਆਂ ਤੇਰੇ ਪਾਸੋਂ ਲੇਖਾਂ ਲੈਣ ਆਈਆਂ ਹਨ। ਇਸ ਲਈ ਤੁਸੀਂ ਇਹਨਾਂ ਦਾ ਲੇਖਾ ਦਿਓ।

ਬੀਬੀ ਨੂੰ ਰੋਂਦੇ ਦੇਖ ਕੇ ਮਹਾਰਾਜ ਜੀ ਨੂੰ ਤਰਸ ਆਇਆ ਅਤੇ ਇਕ ਸੇਬ ਪ੍ਰਸ਼ਾਦ ਦੇ ਤੌਰ ਤੇ ਦਿੱਤਾ ਅਤੇ ਕਿਹਾ ਜਾਹ ਤੇਰੇ ਘਰ

ਪੁੱਤਰ ਹੋਵੇਗਾ ਅਤੇ ਬਹੁਤ ਲਾਇਕ ਅਤੇ ਜਿੰਮੇਵਾਰ ਹੋਵੇਗਾ। ਠੀਕ ਕੁਝ ਸਮੇਂ ਬਾਦ ਉਹਨਾਂ ਦੇ ਘਰ ਇਕ ਲੜਕਾ ਪੈਦਾ ਹੋਇਆ ਮਹਾਰਾਜ ਜੀ ਦੇ ਵਾਕ ਪੂਰੇ ਹੋਏ ਅਤੇ ਉਸ ਲੜਕੇ ਨੇ ਵਿਦੇਸ਼ ਜਾ ਕੇ ਘਰ ਦੀ ਸਾਰੀ ਜਿੰਮੇਵਾਰੀ ਚੁੱਕੀ ਅਤੇ ਸਾਰੀਆ ਭੈਣਾਂ ਦੀ ਸ਼ਾਦੀ ਵੀ ਵਧੀਆਂ ਢੰਗ ਨਾਲ ਕੀਤੀ।

(ਰਾਮ ਮੂਰਤੀ 24-6-2017)

***********

## ਸਾਖੀ 442

## ਗਿੱਲ ਪੱਟੀ ਵਿਖੇ ਬੇਰੀ ਦੁਬਾਰਾ ਹਰੀ ਹੋਣੀ

ਮਹਾਰਾਜ ਗਰੀਬ ਦਾਸ ਜੀ ਦੇ ਪ੍ਰਲੋਕ ਗ਼ਮਨ ਤੋਂ ਬਾਅਦ ਸੰਤ ਨਿਰੰਜਣ ਦਾਸ ਜੀ ਮਹਾਰਾਜ ਜੀ ਗੱਦੀ ਤੇ ਬਿਰਾਜਮਾਨ ਹੋਏ। ਉਹਨਾਂ ਸਮਿਆਂ ਦੀ ਹੀ ਗੱਲ ਹੈ ਕਿ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਜੀ ਦੇ ਜੱਦੀ ਪਿੰਡ ਗਿੱਲ ਪੱਟੀ ਜਿਲ੍ਹਾਂ ਬਠਿੰਡਾ ਵਿਖੇ ਉਹਨਾਂ ਦੀ ਨਿੱਜੀ ਜਾਇਦਾਦ ਵਿੱਚ ਬੇਰੀ ਦਾ ਦਰੱਖਤ ਸੀ ਜੋ ਸਤਿਗੁਰੂ ਪਿੱਪਲ ਦਾਸ ਜੀ ਦੇ ਆਪਣੇ ਕਰ ਕਮਲਾਂ ਨਾਲ ਲਗਾਇਆ ਹੋਇਆ ਸੀ। ਅਚਾਨਕ ਕਿਸੇ ਕਾਰਣ ਇਸ ਦੀ ਖਬਰ ਡੇਰਾ ਸੱਚਖੰਡ ਬੱਲਾਂ ਵਿਖੇ ਪਹੁੰਚੀ। ਬੇਰੀ ਲੂਹ ਹੋਣ ਦਾ ਸੁੱਪਨਾ ਸ਼੍ਰੀ ਰਾਮ ਮੂਰਤੀ ਜੀ ਨੂੰ ਵੀ ਆਇਆ। ਮਹਾਰਾਜ ਜੀ ਦੀ ਭਤੀਜ ਨੂੰਹ ਵੀ ਰੋ ਰਹੀ ਸੀ।

ਅਗਲੇ ਦਿਨ ਰਾਮ ਮੂਰਤੀ ਡੇਰੇ ਵਿੱਚੋਂ ਆਗਿਆ ਲੈ ਕੇ ਗਿੱਲ ਪੱਟੀ ਕੁਝ ਸੇਵਾਦਾਰਾਂ ਸਮੇਤ ਗਏ ਉਨ੍ਹਾ 7 ਕਿਲੋ ਲੱਡੂਆਂ ਦਾ ਪ੍ਰਸ਼ਾਦ ਲਿਆ ਪਿੰਡ ਦੇ ਸਰਪੰਚ ਸਾਹਿਬ ਨੂੰ ਨਾਲ ਲੇ ਕੇ ਉਸ ਪਾਵਨ ਅਸਥਾਨ ’ਤੇ ਪਹੁੰਚੇ।ਮੌਕਾ ਦੇਖਿਆ ਅਰਦਾਸ ਕਰਨ ਉਪਰੰਤ ਧੂਫ਼ ਕਰਕੇ ਪ੍ਰਸ਼ਾਦ ਵਰਤਾਇਆ ਗਿਆ। ਮੌਕੇ ’ਤੇ ਜਮੀਨ ਵਿੱਚ ਨਰਮਾ ਬੀਜਿਆ ਹਇਆ ਸੀ। ਅਤੇ ਭਾਰੀ ਵਾਰਿਸ਼ ਹੋਣ ਨਾਲ ਪਾਣੀ ਖੜ੍ਹਾ ਸੀ। ਰਾਮ ਮੂਰਤੀ ਨੇ ਸਤਿਗੁਰੂ ਪਿੱਪਲ ਦਾਸ ਜੀ, ਸਤਿਗੁਰੂ ਸਰਵਣ ਦਾਸ ਜੀ ਦੇ ਜੈਕਾਰੇ ਲਗਾਏ। ਬੇਰੀ ਦਾ ਆਲਾ ਦੁਆਰਾ ਸਵਾਰਿਆ। ਅੱਜ ਉਹ ਬੇਰੀ ਸੰਤਾਂ ਦੀ ਕ੍ਰਿਪਾ ਨਾਲ ਪੂਰੀ ਤਰ੍ਹਾਂ ਹਰੀ ਭਰੀ ਹੈ। ਉਸ ਥਾਂ ਡੇਰਾ ਸੱਚਖੰਡ ਬੱਲਾਂ ਵਲੋਂ ਸੁੰਦਰ ਭਵਨ ਉਸਾਰੇ

ਗਏ ਹਨ। ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਜੀ ਦੀ ਰਵਿਦਾਸੀਆਂ ਧਰਮ ਦਾ ਪ੍ਰਚਾਰ ਹੋ ਰਿਹਾ ਹੈ। (ਖੁਦ ਰਾਮ ਮੂਰਤੀ 24-6-17)

***********

## ਸਾਖੀ 443

## ਸਤਿਗੁਰੂ ਜੀ ਭੈੜੇ ਕੰਮਾਂ ਤੋਂ ਸਦਾ ਹੀ ਵਰਜਦੇ ਹਨ

ਬੀਬੀ ਪ੍ਰਕਾਸ਼ ਕੌਰ ਜੀ ਅਤੇ ਸ੍ਰੀ ਪ੍ਰੀਤਮ ਵਾਸੀ ਰਾਏਪੁਰ ਰਸੂਲਪੁਰ ਵਾਲੇ ਡੇਰਾ ਸੱਚਖੰਡ ਬੱਲਾਂ ਦੇ ਪੱਕੇ ਅਨੁਆਇ ਸਨ ਅਤੇ ਹਰ ਵਕਤ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਜੀ ਵਲੋਂ ਪ੍ਰਾਪਤ ਨਾਮ ਬਾਣੀ ਦਾ ਅਭਿਆਸ ਕਰਦੇ ।

ਇਕ ਵਾਰ ਦੀ ਗੱਲ ਹੈ ਕਿ ਬੀਬੀ ਪ੍ਰਕਾਸ਼ ਕੌਰ ਜੀ ਆਪਣੇ ਪੇਕੇ ਪਿੰਡ ਪਿਆਲਾਂ ਜਿਲਾਂ ਹੁਸ਼ਿਆਰਪੁਰ ਵਿਖੇ ਆਪਣੇ ਭਰਾ ਜੀਤਾ ਰਾਮ ਜੀ ਜੋ ਕਿ ਬਤੌਰ ਲੈਫਟੀਨੈਂਟ-2 ਪਹੁੰਚੇ ਬੀਬੀ ਪ੍ਰਕਾਸ਼ ਕੌਰ ਦੇ ਭਾਈ ਲੈਫਟੀਨੈਂਟ ਸਾਹਿਬ ਨੇ ਬੀਬੀ ਜੀ ਨੂੰ ਮੀਟ ਬਰਤਨਾਂ ਵਿੱਚ ਪਾਉਣ ਲਈ ਕਿਹਾ ਤਾਂ ਬੀਬੀ ਹੁਰਾਂ ਨੇ ਕਿਹਾ ਕਿ ਮੈਂ ਮਾਸ ਨੂੰ ਹੱਥ ਨਹੀਂ ਲਾਉਦੀ। ਭਰਾ ਨੇ ਕਿਹਾ ਕਿ ਕੋਈ ਨਹੀਂ ਤੂੰ ਕਿਹੜਾ ਖਾਣਾ ਹੈ? ਬਰਤਨਾਂ ਵਿੱਚ ਦੂਸਰਿਆਂ ਨੂੰ ਵਰਤਾਉਣ ਨਾਲ ਕੁਝ ਨਹੀਂ ਹੁੰਦਾ। ਬੀਬੀ ਪ੍ਰਕਾਸ਼ ਕੌਰ ਉਸਦੇ ਦੁਬਾਰਾ ਕਹਿਣ 'ਤੇ ਬਰਤਣਾਂ ਵਿੱਚ ਪਾ ਕੇ ਦੇਣ ਲੱਗ ਪਈ ਪਰ ਮਨ ਦੁੱਖੀ ਸੀ। ਰਾਤ ਨੂੰ ਨੀਂਦ ਨਹੀਂ ਆਈ। ਪ੍ਰੇਸ਼ਾਨੀ ਹੋ ਗਈ। ਅਗਲੇ ਐਤਵਾਰ ਜਦੋਂ ਬੀਬੀ ਜੀ ਕੁਟੀਆਂ ਆਏ ਤਾਂ ਬੀਬੀ ਜੀ ਨੇ ਮਹਾਰਾਜ ਜੀ ਨੂੰ ਚਰਨ ਬੰਦਨਾ ਕੀਤੀ ਤਾਂ ਮਹਾਰਾਜ ਜੀ ਬਹੁਤ ਗੁੱਸੇ ਵਿੱਚ ਹੋਏ ਅਤੇ ਕਿਹਾ ਕਿ ਸਾਨੂੰ ਸਾਰੀ ਰਾਤ ਗੰਦੀ ਸੁਗੰਧ ਆਉਂਦੀ ਰਹੀ ਆਪ ਜੀ ਕਦੇ ਵੀ ਮਾਸ ਨੂੰ ਹੱਥ ਨਹੀਂ ਲਗਾਉਣਾ। ਬੀਬੀ ਪ੍ਰਕਾਸ਼ ਕੌਰ ਨੇ ਭੁੱਲ ਲਈ ਮੁਆਫ਼ੀ ਮੰਗੀ ਅਤੇ ਅੱਗੇ ਤੋਂ ਕਦੇ ਵੀ ਮਾਸ ਨੂੰ ਹੱਥ ਨਾ ਲਾਉਣ ਦਾ ਪ੍ਰਣ ਕੀਤਾ। ਅਤੇ ਉਸਤੇ ਖਰੇ ਉਤਰੇ। ਉਹਨਾਂ ਦੇ ਭਰਾ ਜੀਤਾ ਰਾਮ ਹੁਰਾਂ ਦੀ ਮਹਾਂਰਾਜ ਜੀ ਵਿੱਚ ਬਹੁਤ ਸ਼ਰਧਾ ਸੀ। ਉਹਨਾਂ ਦੀ ਕ੍ਰਿਪਾ ਨਾਲ ਹੀ ਲੈਫਟੀਨੈਂਟ 2 ਬਣੇ ਸਨ ਬਾਅਦ ਵਿੱਚ ਰਿਟਾ.ਹੋਏ

(2-7-2017)

***********

ਸਾਖੀ 444

## ਮਹਾਰਾਜ ਜੀ ਦੇ ਵਾਕ ਸੱਚੇ ਹੋਏ

ਸ਼੍ਰੀ ਪਿਆਰੇ ਲਾਲ ਜੀ ਅਤੇ ਬੀਬੀ ਕਰਮ ਜੀਤ ਕੌਰ ਵਾਸੀ ਪਿੰਡ ਸਮਸਤਪੁਰ ਸਤਿਗੁਰੂ ਸਰਵਣ ਦਾਸ ਜੀ ਦੇ ਚਰਨ ਸੇਵਕ ਸਨ। ਸ਼੍ਰੀ ਪਿਆਰੇ ਲਾਲ ਜੀ ਜੁਡੀਸੀਅਲ ਅਦਾਲਤ ਵਿੱਚ ਬਤੌਰ ਅਹਲਮਦ ਸੇਵਾ ਕਰਦੇ ਸਨ ਅਤੇ ਕਿਰਾਏ ਦੇ ਸਰਕਾਰੀ ਕੁਅਟਰਾਂ ਵਿੱਚ ਹੀ ਰਹਿੰਦੇ ਸਨ। ਘਰ ਦੀ ਆਰਥਿਕ ਹਾਲਤ ਏਨੀ ਸੁਖਾਵੀਂ ਨਹੀਂ ਸੀ। ਪ੍ਰਮਾਣ ਅਵੱਸਥਾ ਏਨੀ ਪ੍ਰਪਕਤਾ ਸੀ ਕਿ ਜਦੋਂ ਵੀ ਸਤਿਗੁਰੂਾਂ ਨੂੰ ਯਾਦ ਕਰਦੇ ਹਰ ਇੱਛਾ ਪੂਰਨ ਹੁੰਦੀ ਸੀ।

ਇਕ ਦਿਨ ਬੀਬੀ ਕਰਮ ਜੀਤ ਕੌਰ ਨੇ ਸੁਆਮੀ ਸਰਵਣ ਦਾਸ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਮਹਾਰਾਜ ਜੀ ਕਿੰਨਾ ਸਮਾਂ ਸਰਕਾਰੀ ਕੁਅਟਰਾਂ ਵਿੱਚ ਪਾਸ ਕਰਾਂਗੇ ਕਿਤੇ ਸਾਡੇ ਵੀ ਦੋ ਖਾਨੇ ਬਣ ਜਾਣ ਮਹਾਰਾਜ ਜੀ ਹੱਸ ਪਏ ਅਤੇ ਆਖਣ ਲੱਗੇ ਚਿੰਤਾ ਨਾ ਕਰ ਦੋ ਖਾਨੇ ਨਹੀਂ ਬਹੁਤ ਵੱਡੇ ਵੱਡੇ ਘਰ ਬਣਨਗੇ ਅਤੇ ਆਪ ਸਫਾਈ ਕਰਦੇ ਹੀ ਥੱਕ ਜਾਇਆ ਕਰੋਗੇ। ਸੱਚ ਮੁੱਚ ਹੀ ਅੱਜ ਸਾਰੇ ਪਰਿਵਾਰ ’ਤੇ ਸਤਿਗੁਰੂ ਦੀ ਕ੍ਰਿਪਾ ਹੈ। ਗੁਰੂਆਂ ਦੇ ਵਾਕ ਸੱਚ ਹੋਏ ਹਨ।

ਮੁਹੱਲਾ ਸੰਤੋਖਗੜ ਨਕੋਦਰ ਵਿਖੇ ਇਨ੍ਹਾਂ ਦੇ ਵਧੀਆਂ ਮਕਾਨ ਬਣੇ ਹੋਏ ਹਨ। ਇਨ੍ਹਾਂ ਦੇ ਦੋਨੋ ਸਪੁੱਤਰਾਂ ਸ਼੍ਰੀ ਤੀਰਥ ਰਾਮ ਅਤੇ ਸੁਰਿੰਦਰ ਕੁਮਾਰ ਦੇ ਵੀ ਆਲੀਸ਼ਾਨ ਮਕਾਨ ਹਨ ਘਰਾਂ ਵਿੱਚ ਸੁੱਖ ਸ਼ਾਤੀ ਨਾਲ ਜੀਵਨ ਬਤੀਤ ਕਰਦੇ ਹਨ। ਅਤੇ ਗੁਰੂ ਜੱਸ ਗਾਉਦੇ ਹਨ। ਇਨ੍ਹਾਂ ਦੀ ਲੜਕੀ ਨਰੇਸ਼ ਬਾਲਾ ਵੀ ਘਰ ਵਿੱਚ ਸੁੱਖੀ ਹੈ। ਸਾਰੇ ਪਰਿਵਾਰ ਦੇ ਬੱਚੇ ਉੱਚੀ ਸਿੱਖਿਆ ਪ੍ਰਾਪਤ ਹਨ ਅਤੇ ਲਾਇਕ ਹਨ।

(ਕਰਮਜੀਤ ਕੌਰ 2-7-2017)

***********

# ਸਾਖੀ 445

## ਪੂਰਨ ਮਹਾਂਪੁਰਸ਼ ਸੁਆਮੀ ਸਰਵਣ ਦਾਸ ਜੀ ਮਹਾਰਾਜ

ਸ਼੍ਰੀ ਪਿਆਰੇ ਲਾਲ ਜੀ ਅਤੇ ਬੀਬੀ ਕਰਮਜੀਤ ਕੌਰ ਸਰਮਸਤਪੁਰ ਵਾਲੇ ਡੇਰਾ ਸੱਚ ਖੰਡ ਬੱਲਾਂ ਦੇ ਅਨਿਨ ਸੇਵਕ ਸਨ ਅਤੇ ਸਾਰਾ ਪਰਿਵਾਰ ਅੱਜ ਵੀ ਜੋ ਕੰਮ ਕਰਦਾ ਹੈ।ਪਹਿਲਾਂ ਇਸ ਦੀ ਆਗਿਆ ਮਹਾਂਪੁਰਸ਼ ਪਾਸੋਂ ਲੈ ਕੇ ਹੀ ਕਰਦਾ ਹੈ। ਘਰ ਵਿੱਚ ਗਰੀਬੀ ਸੀ ਬੱਚੇ ਅਜੇ ਬਹੁਤ ਛੋਟੇ ਛੋਟੇ ਸਨ।

ਇਕ ਦਿਨ ਸ਼੍ਰੀ ਪਿਆਰੇ ਲਾਲ ਜੀ ਅਤੇ ਬੀਬੀ ਕਰਮਜੀਤ ਕੌਰ ਦੇ ਮਨ ਵਿੱਚ ਵੈਰਾਗ ਉਪਜਿਆ ਕਿ ਕੁਟੀਆ ਜਾ ਕੇ ਮਹਾਰਾਜ ਜੀ ਦੇ ਦਰਸ਼ਣ ਕਰਕੇ ਆਉਂਦੇ ਹਾਂ ਦੋਨੋ ਪਤੀ ਪਤਨੀ ਚਲ ਪਏ ਉਹਨਾਂ ਪਾਸ ਸਿਰਫ 2 ਰੁਪਏ ਸਨ।ਪਰ ਗੁਰੂ ਜੀ ਦੇ ਦਰਸ਼ਣਾਂ ਦੀ ਤਾਘ ਸੀ। ਦੋਨਾਂ ਨੇ ਵਿਚਾਰ ਕੀਤਾ ਕਿ ਸ਼੍ਰੀ ਪਿਆਰੇ ਲਾਲ ਜੀ 2 ਰੁਪਏ ਰੱਖ ਕੇ ਮੱਥਾ ਟੇਕ ਦੇਵੇਗਾ ਅਤੇ ਬੀਬੀ ਜੀ ਬਿਨਾਂ ਪੈਸੇ ਤੋਂ ਮੱਥਾ ਟੇਕ ਦੇਣਗੇ। ਜਦੋਂ ਪਤੀ ਪਤਨੀ ਕੁਟੀਆ ਪਹੁੰਚੇ ਮਹਾਰਾਜ ਜੀ ਥੜ੍ਹੇ ਉਪਰ ਅਰਾਮ ਕੁਰਸੀ ਤੇ ਬਿਰਾਜਮਾਨ ਸਨ। ਸੰਤ ਹਰੀਦਾਸ ਜੀ ਅਤੇ ਸੰਤ ਗਰੀਬ ਦਾਸ ਜੀ ਵੀ ਚਰਨਾਂ ਵਿੱਚ ਬੈਠੇ ਸਨ ਦੋਨਾਂ ਨੇ ਮੱਥਾ ਟੇਕਿਆ ਤਾਂ ਸਤਿਗੁਰੂ ਸਰਵਣ ਦਾਸ ਜੀ ਨੇ ਕਿਹਾ, "ਪਿਆਰੇ ਲਾਲ ਪਾਸ ਸਿਰਫ 2 ਰੁਪਏ ਸਨ ਤੂੰ ਸਾਨੂੰ ਦੇ ਦਿੱਤੇ ਤੇਰੇ ਪਾਸ ਕੋਈ ਪੈਸਾ ਨਹੀਂ ਤੂੰ ਇਹ ਪੈਸੇ ਆਪਣੀ ਜੇਬ ਵਿੱਚ ਪਾ ਲੈ" ਦੋਨੋਂ ਪਤੀ ਪਤਨੀ ਸਤਿਗੁਰੂ ਦੇ ਚਰਨੀਂ ਪੈ ਗਏ ਅਤੇ ਹੈਰਾਨ ਹੋ ਗਏ ਕਿ ਮਹਾਰਾਜ ਜੀ ਸਭ ਜਾਣਦੇ ਹਨ। ਇਹੋ ਹੀ ਪੂਰਨ ਮਹਾਂਪੁਰਸ਼ਾ ਦੀ ਨਿਸ਼ਾਨੀ ਹੁੰਦੀ ਹੈ।

(ਬੀਬੀ ਕਰਮਜੀਤ ਕੌਰ 2-7-2017)

***********

## ਸਾਖੀ 446

## ਲਿਦੜਾਂ ਗੁਰੂ ਘਰ ਦਾ ਨੀਂਹ ਪੱਥਰ ਰੱਖਣਾ

ਸ਼ੀ ਕਿਸ਼ਨ ਚੰਦ ਮਹੇ ਜੀ 1972 ਤੋਂ 1977 ਪਿੰਡ ਲਿਦੜਾਂ ਦੇ ਸਰਪੰਚ ਸਨ। ਸ਼੍ਰੀ ਕਿਸ਼ਨ ਚੰਦ ਜੀ ਉਹਨਾਂ ਦੀ ਧਰਮ ਪਤਨੀ ਬੀਬੀ ਸਵਰਨ ਕੌਰ ਸਤਿਗੁਰੂ ਰਵਿਦਾਸ ਜ ਦੇ ਮਿਸ਼ਨ ਨਾਲ ਜੁੜਿਆ ਹੋਇਆ ਸਰਧਾਵਾਨ ਪਰਿਵਾਰ ਹੈ। ਉਨ੍ਹਾਂ ਦੇ ਚਾਰ ਲੜਕੇ ਅਤੇ ਤਿੰਨ ਲੜਕੀਆਂ ਵਿਦੇਸ਼ ਵਿੱਚ ਹਨ। ਪਰਿਵਾਰ ਅਮਰੀਕਾ ਵਿੱਚ ਚੜਦੀ ਕਲਾ ਵਿੱਚ ਹੇ ਅਤੇ ਸਤਿਗੁਰੂ ਜੀ ਦੀ ਰਹਿਮਤ ਸਦਕਾ ਸੁੱਚੱਜਾ ਜੀਵਨ ਬਤੀਤ ਕਰ ਰਿਹਾ ਹੈ।

ਰਵਿਦਾਸੀਆਂ ਧਰਮ ਦੇ ਮਹਾਨ ਪ੍ਰਚਾਰਕ ਸ਼੍ਰੀ 108 ਸੰਤ ਸੁਰਿੰਦਰ ਦਾਸ ਜੀ ਬਾਵਾ ਜੀ ਮਿਤੀ 4-9-2017 ਨੂੰ ਪਰਿਵਾਰ ਦੇ ਅਮਰੀਕਾ ਸਥਿਤ ਗ੍ਰਹਿ ਵਿਖੇ ਆਪਣੇ ਮੁਬਾਰਕ ਚਰਨ ਪਾਏ ਪਰਿਵਾਰ ਵਿੱਚ ਬਹੁਤ ਖੁਸ਼ੀ ਦੀ ਲਹਿਰ ਸੀ। ਉਹਨਾਂ ਨੇ ਦੱਸਿਆ ਕਿ ਸਰਪੰਚੀ ਦੌਰਾਨ ਪਿੰਡ ਦੇ ਗੁਰੂ ਘਰ ਦਾ ਨੀਂਹ ਪੱਥਰ ਸੰਤਾਂ ਦੇ ਹੁਕਮਾਂ ਤੇ ਸ਼੍ਰੀ 108 ਸੰਤ ਗਰੀਬ ਦਾਸ ਰੱਖਣ ਗਏ। ਮਹਾਰਾਜ ਜੀ ਨੇ ਅਰਦਾਸ ਕਰਨ ਉਪਰੰਤ ਗੁਰੂ ਘਰ ਦਾ ਨੀਂਹ ਪੱਥਰ ਰੱਖਿਆ ਅਤੇ ਇਸ ਨੂੰ ਤੁਰੰਤ ਮੁਕੰਮਲ ਕਰਨ ਦਾ ਹੁਕਮ ਕੀਤਾ। ਜੋ ਸਰਪੰਚ ਸਾਹਿਬ ਜੀ ਨੇ ਸੰਗਤਾਂ ਦੇ ਸਹਿਯੋਗ ਨਾਲ ਤੁਰੰਤ ਮੁਕੰਮਲ ਕਰ ਦਿੱਤਾ। ਸੰਤ ਗਰੀਬ ਦਾਸ ਜੀ ਨੇ ਸ਼੍ਰੀ ਕਿਸ਼ਨ ਚੰਦ ਨੂੰ ਥਾਪੜਾ ਦਿੱਤਾ ਕਿ ਇਹ ਕੰਮ ਤਾਂ ਕਿਸ਼ਨ ਚੰਦ ਇਕੱਲਾ ਵੀ ਕਰ ਸਕਦਾ ਹੈ। ਸੰਤਾਂ ਦੇ ਬੋਲਾਂ ਵਿੱਚ ਗੁੱਝੀ ਰਮਜ ਸੀ ਜੋ ਹਰ ਵਿਅਕਤੀ ਨਹੀਂ ਸਮਝ ਸਕਦਾ।

(ਖੁਦ ਸ਼੍ਰੀ ਕ੍ਰਿਸ਼ਨ ਚੰਦ ਮਹੇ 4-9-2017)

***********

## ਸਾਖੀ 447

## ਸਤਿਗੁਰੂ ਸ਼ਰਧਾ ਭਾਵਨਾ ਵਾਲਿਆਂ ਦੇ ਹੁੰਦੇ ਹਨ।

ਸ਼੍ਰੀ ਕਿਸ਼ਨ ਚੰਦ ਮਹੇ ਅਤੇ ਉਹਨਾਂ ਦੀ ਧਰਮ ਪਤਨੀ ਬੀਬੀ ਸਵਰਨ ਕੌਰ ਨਿਵਾਸੀ ਪਿੰਡ ਲਿਦੜਾਂ ਬਹੁਤ ਹੀ ਗੁਰਮੁੱਖ ਸੁਭਾਅ ਦੀ ਅਤੇ ਸੰਤ ਸੇਵੀ ਸਨ। ਜੋ ਕਿ ਸਤਿਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ

ਸਮਰਪਿਤ ਭਾਵਨਾ ਵਾਲੇ ਹਨ। ਸ੍ਰੀ 108 ਸੰਤ ਬ੍ਰਹਮ ਦਾਸ ਜੀ ਦੇ ਚਰਨ ਸੇਵਕ ਹਨ। ਉਹਨਾਂ ਦੀ ਸਪੁੱਤਰੀ ਬੀਬੀ ਮਿੰਦੋ ਬਿਆਸ ਪਿੰਡ ਵਿਆਹੀ ਹੋਈ ਹੈ।

ਇਕ ਵਾਰ ਦੋਨੋਂ ਪਤੀ ਪਤਨੀ ਕਿਸੇ ਕੰਮ ਆਏ ਸਨ ਕਿ ਰਸਤੇ ਵਿੱਚ ਕੁਟੀਆ ਸੰਤ ਸਰਵਣ ਦਾਸ ਜੀ ਬੱਲਾਂ ਆਉਂਦੀ ਸੀ। ਰਾਤ ਦਾ ਹਨੇਰਾ ਕਾਫੀ ਹੋ ਚੁੱਕਾ ਸੀ।ਦੋਨੋਂ ਪਤੀ ਪਤਨੀ ਸਾਇਕਲ ਤੇ ਸਨ ਅਤੇ ਜਲਦੀ ਘਰ ਪਹੁੰਚਣ ਦੀ ਤਾਂਘ ਵਿੱਚ ਸਨ ਉਹਨਾਂ ਦੇ ਮਨ ਦੀ ਸ਼ਰਧਾ ਭਾਵਨਾ ਸੀ ਕਿ ਕੁੱਟੀਆਂ ਵਿੱਚ ਪੰਜ ਰੁਪਏ ਰੱਖ ਕੇ ਸੇਵਾ ਪਾਉਂਦੇ ਜਾਈਏ ਪਰ ਹਨੇਰਾ ਹੋਣ ਕਾਰਣ ਰੁਕਣਾ ਵੀ ਨਹੀਂ ਚਾਹੁੰਦੇ ਸਨ।ਅਚਾਨਕ ਜਦੋਂ ਉਹ ਕੁਟੀਆ ਦੇ ਗੇਟ ਅਗੋਂ ਲੰਘਣ ਲੱਗੇ ਤਾਂ ਸ੍ਰੀ 108 ਸੰਤ ਹਰੀਦਾਸ ਜੀ ਮਹਾਰਾਜ ਗੇਟ ਦੇ ਅੱਗੇ ਆ ਗਏ ਉਹ ਦੌੜ ਕੇ ਇੱਕ ਪਾਸੇ ਸਾਇਕਲ ਖੜਾ ਕਰਕੇ ਰੁੱਕੇ ਅਤੇ ਪਤੀ ਪਤਨੀ ਨੇ ਮਹਾਰਾਜ ਜੀ ਨੂੰ ਨਮਸਕਾਰ ਕੀਤੀ ਅਤੇ ਪੰਜ ਰੁਪਏ ਸੇਵਾ ਵਿੱਚ ਪਾਏ।ਸੰਤਾਂ ਦੇ ਦਰਸ਼ਨ ਕਰਕੇ ਦੋਹਾਂ ਦੀ ਇਛਾ ਪੂਰੀ ਹੋਈ ਅਤੇ ਮਨ ਗਦ ਗਦ ਹੋ ਉਠਿਆ

।ਇਸ ਤਰਾਂ ਮੰਤ ਸਰਧਾਵਾਨ ਸੇਵਕਾ ਦੀ ਮਨੋਕਾਮਨਾ ਪੂਰਨ ਕਰਦੇ ਹਨ।

(ਖੁਦ ਸ਼੍ਰੀ ਕ੍ਰਿਸ਼ਨ ਚੰਦ ਮਹੇ 4-9-2017)

***********

## ਸਾਖੀ 448

## ਤਿੰਨ ਖੂੰਡਿਆਂ ਦੀ ਦੇਣ

ਮਿਤੀ 2-9-2017 ਨੂੰ ਸ੍ਰ.ਦਲੀਪ ਸਿੰਘ ਗਰੇਵਾਲ ਜੰਡੂ ਸਿੰਘਾ ਦੇ ਘਰ ਸਰ.ਹਰਦੇਵ ਸਿੰਘ ਗਰੇਵਾਲ ਅਤੇ ਉਨ੍ਹਾ ਦਾ ਭਤੀਜਾ ਮੇਰੇ ਕਿਸੇ ਕੰਮ ਦੇ ਸੰਬੰਧ ਵਿੱਚ ਮਿਲਣ ਆਏ।ਮੈਂ ਉਸ ਵਕਤ 'ਧਰਤੀ ਤੇ ਰੱਬ' ਸਾਖੀਆਂ ਦੀ ਪੁਸਤਕ ਪੜ੍ਹ ਰਿਹਾ ਸੀ।ਗਰੇਵਾਲ ਪਰਿਵਾਰ ਬਹੁਤ ਹੀ ਸੰਤ ਸੇਵੀ ਅਤੇ ਗੁਰੂਮੁੱਖ ਪਰਿਵਾਰ ਹੈ। ਜੋ ਜੌਹਲਾ ਵਾਲੇ ਮਹਾਪੁਰਸ਼ਾਂ ਦਾ ਸਰਧਾਲੂ ਪਰਿਵਾਰ ਹੈ।ਸ੍ਰ.ਹਰਦੇਵ ਸਿੰਘ ਪੁਸਤਕ ਨੂੰ ਇਧਰ ਉਧਰ ਫਰੋਲ ਕੇ ਬੜਾ ਭਾਵਕ ਹੋ ਗਿਆ ਉਹ ਸਮਝ

ਗਿਆ ਸੀ ਕਿ ਇਹ ਸਤਿਗੁਰੂ ਸਰਵਣ ਦਾਸ ਜੀ ਦੀ ਸਾਖੀਆ ਦੀ ਕਿਤਾਬ ਹੈ। ਮੈਨੂੰ ਸੁਣਾਉਣ ਲੱਗ ਪਿਆ ਕਿ ਸਾਡੇ ਪਿਤਾ ਸ੍ਰ. ਦਲੀਪ ਸਿੰਘ ਗਰੇਵਾਲ ਜੀ ਬੂਟਾ ਮੰਡੀ ਦੇ ਬਜੁਰਗ ਸੀਤਲ ਦਾਸ ਨਾਲ ਮਿਲ ਕੇ ਕਦੇ-ਕਦੇ ਕੁਟੀਆ ਬੱਲਾਂ ਵਿਖੇ ਆਇਆ ਕਰਦੇ ਸਨ।ਇਕ ਪਤੀ ਪਤਨੀ ਮਹਾਂਪੁਰਸ਼ਾ ਦੇ ਆਏ ਤਰਲੇ ਕਰਨ ਲੱਗੇ ਮਹਾਰਾਜ ਜੀ ਸਾਡੇ ਔਲਾਦ ਨਹੀਂ ਮਹਾਰਾਜ ਜੀ ਸੁਭਾਅ ਅਨੁਸਾਰ ਕਹਿਣ ਲੱਗੇ ਭੱਜ ਜਾਓ ਓਏ ਅਸੀ ਕੋਈ ਰੱਬ ਤਾਂ ਨਹੀਂ ਤਾਂ ਆਪ ਸਤਿਗੁਰੂ ਰਵਿਦਾਸ ਜੀ ਅੱਗੇ ਬੇਨਤੀਆਂ ਕਰੋ। ਅਗਲੇ ਹਫਤੇ ਸ੍ਰ. ਗਰੇਵਾਲ ਪ੍ਰਿ ਸੀਤਲ ਦਾਸ ਨਾਲ ਡੇਰੇ ਮੌਜੂਦ ਸੀ ਉਹ ਜੋੜੀ ਫਿਰ ਬੇਨਤੀ ਕਰਨ ਲੱਗੀ ਉਨ੍ਹਾਂ ਸਮਿਆਂ ਵਿੱਚ ਸੰਗਤ ਏਨੀ ਜਿਆਦਾ ਨਹੀਂ ਸੀ ਹੁੰਦੀ। ਲੋਕ ਆਉਂਦੇ ਜਾਂਦੇ ਰਹਿੰਦੇ ਸਨ। ਜਦੋਂ ਜੋੜੀ ਨੇ ਬੇਨਤੀ ਕੀਤੀ ਤਾਂ ਸੀਤਲ ਦਾਸ ਜੀ ਨੇ ਕਿਹਾ ਕਿ ਮਹਾਰਾਜ ਆਪ ਕ੍ਰਿਪਾ ਕਰੋ ਦਿਆਲੂ ਕ੍ਰਿਪਾਲੂ ਹੋ ਇਹਨਾਂ ਨੂੰ ਆਪ ਜੀ ਉਪਰ ਭਰੋਸਾ ਹੈ।ਮਹਾਰਾਜ ਜੀ ਦਲੀਪ ਸਿੰਘ ਜੀ ਵਲ ਤੱਕਣ ਲੱਗੇ।ਉਹਨਾਂ ਵੀ ਤਰੁੰਤ ਬੇਨਤੀ ਕੀਤੀ ਮਹਾਰਾਜ ਆਪ ਇਨ੍ਹਾਂ ਜੀਵਾਂ ਉਪਰ ਕ੍ਰਿਪਾ ਕਰੋ।ਮਹਾਰਾਜ ਜੀ ਹੱਸ ਪਏ ਅਤੇ ਕਹਿਣ ਲੱਗੇ ਦਲੀਪ ਸਿੰਘ ਵੀ ਸਿਫਾਰਸ਼ ਕਰਨ ਲੱਗ ਪਿਆ। ਮਹਾਰਾਜ ਜੀ ਇਕ ਦਮ ਖੜੇ ਹੋ ਗਏ ਅਤੇ ਗਰਮ ਹੋ ਕੇ ਕਹਿਣ ਲੱਗੇ ਭੱਜੋ ਇਥੋ ਅਸੀਂ ਪੁੱਤਰ ਵੰਡਦੇ ਹਾਂ।ਮਹਾਰਾਜ ਜੀ ਨੇ ਪਤੀ ਦੇ ਖੂੰਡੇ ਮਾਰਨੇ ਸ਼ੁਰੂ ਕੀਤੇ ਉਹ ਅੱਗੇ ਭੱਜ ਪਏ ਜਦੋਂ ਤੀਸਰਾ ਖੂੰਡਾ ਪਿਆ ਤਰਲੇ ਕਰਨ ਲੱਗ ਪਏ ਮਹਾਰਾਜ ਜੀ ਬੱਸ ਸਾਡੇ ਤੋਂ ਗਲਤੀ ਹੋ ਗਈ।ਮਹਾਰਾਜ ਜੀ ਹੱਸ ਪਏ ਅਤੇ ਕਹਿਣ ਲੱਗੇ ਬਸ ਤਿੰਨ ਹੀ ਚਾਹੀਦੇ ਸਨ।ਉਨ੍ਹਾਂ ਦੇ ਘਰ ਤਿੰਨ ਪੁੱਤਰ ਪੈਦਾ ਹੋਏ।ਦੋਨੋਂ ਬਜੁਰਗ ਜਿਆਦਾ ਉਮਰ ਦੇ ਹੋਣ ਕਾਰਣ ਪਰਿਵਾਰ ਦਾ ਪਿੰਡ ਨਹੀਂ ਪੁੱਛ ਸਕੇ ਪਰ ਸਾਖੀ ਪੂਰੀ ਤਰ੍ਹਾਂ ਚੇਤੇ ਸੀ।

(ਨਿੱਜੀ ਮੁਲਾਕਾਤ ਹਰਦੇਵ ਸਿੰਘ ਗਰੇਵਾਲ 2-9-2017)

***********

## ਸਾਖੀ 449

## ਮਹਾਰਾਜ ਜੀ ਉਪੱਰ ਤੋਂ ਉਪਰ ਤਰੱਕੀ ਦਿੰਦੇ ਹਨ

ਸ਼੍ਰੀਮਤੀ ਰਾਜ ਕੁਮਾਰੀ ਜੀ ਦਾ ਜਨਮ ਪਿਤਾ ਸ਼੍ਰੀ ਕਿਰਪਾ ਰਾਮ

ਜੀ ਦੇ ਗ੍ਰਿਹਿ ਵਿਖੇ ਮਾਤਾ ਕਰਮੀ ਜੀ ਦੀ ਕੁੱਖੋਂ 10 ਜਨਵਰੀ 1955 ਨੂੰ ਪਿੰਡ ਰਸੂਲਪੁਰ ਵਿੱਚ ਹੋਇਆ ।ਮਾਤਾ ਪਿਤਾ ਜੀ ਮੁੱਢ ਤੋਂ ਡੇਰਾ ਬੱਲਾਂ ਦੇ ਉਪਾਸਕ ਸਨ।ਲੜਕੀ ਰਾਜ ਕੁਮਾਰੀ ਦਾ ਨਾਮ ਸੁਹਾਗਵਤੀ ਰੱਖਿਆ ਗਿਆ । ਜਦੋਂ ਲੜਕੀ ਥੋੜੇ ਦਿਨਾਂ ਦੀ ਹੋਈ ਤਾਂ ਡੇਰੇ ਪਹੁੰਚਣ 'ਤੇ ਸੰਤਾਂ ਨੇ ਨਾਮ ਰਾਜ ਕੁਮਾਰੀ ਰੱਖ ਦਿੱਤਾ ਪਰ ਸੰਤਾਂ ਵਲੋਂ ਨਾਮ ਬਦਲਣ ਦਾ ਕੋਈ ਵੀ ਰਾਜ ਨਹੀਂ ਸਮਝ ਸਕਿਆ।

ਅੱਜ ਦੇ ਸਮੇਂ ਵਿੱਚ ਜੀਵਨ ਪੱਧਰ ਦੇਖਿਆ ਜਾਵੇ ਤਾਂ ਨਾਮ ਬਦਲਣ ਦਾ ਬਹੁਤ ਵੱਡਾ ਮਤਲਬ ਸੀ। ਰਾਜ ਕੁਮਾਰੀ ਛੋਟੀ ਅਵਸਥਾ ਤੋਂ ਹੀ ਮਾਤਾ ਪਿਤਾ ਨਾਲ ਕੁਟੀਆ ਆਉਂਦੀ ਸੀ ਅਤੇ ਆਪਣੀ ਮਾਤਾ ਨੂੰ ਕਹਿਣਾਂ ਕਿ ਮੈਂ ਰੱਬ ਵੇਖਣਾ ਹੈ। ਇੱਕ ਦਿਨ ਮਾਤਾ ਜੀ ਨੇ ਇਹ ਗੱਲ ਮਹਾਰਾਜ ਸਰਵਣ ਦਾਸ ਜੀ ਨਾਲ ਕੀਤੀ ਕਿ ਇਹ ਕੁੜੀ ਕਹਿੰਦੀ ਹੈ ਕਿ ਮੈਂ ਰੱਬ ਵੇਖਣਾ ਹੈ।ਮਹਾਰਾਜ ਜੀ ਖਿੜ ਖਿੜ ਕੇ ਹੱਸ ਪਏ ਅਤੇ ਰਾਜ ਕੁਮਾਰੀ ਨੂੰ ਲਾਡ ਨਾਲ ਚੁੱਕ ਕੇ ਕਿਹਾ ਉਤਾਂਹ ਦੇਖ ਕਿੱਦਾਂ ਅੱਖਾਂ ਖੋਲ੍ਹ ਕੇ ਰੱਬ ਬੈਠਾ ਏ ਉਪਰ ਇਕ ਜਾਨਵਰ ਬੈਠਾ ਸੀ। ਰਾਜ ਕੁਮਾਰੀ ਨੂੰ ਵੱਡੀ ਹੋਈ ਨੂੰ ਗਿਆਨ ਹੋ ਗਿਆ ਕਿ ਰੱਬ ਕਣ ਕਣ ਵਿੱਚ ਹੈ ਅਤੇ ਮਹਾਰਾਜ ਜੀ ਦਾ ਉਸ ਨੂੰ ਉਤਾਂਹ ਚੁੱਕਣ ਦਾ ਮਕਸਦ ਜਿੰਦਗੀ ਵਿੱਚ ਤਰੱਕੀਆਂ ਬਖਸ ਕੇ ਉਪਰ ਲਿਜਾਣਾ ਸੀ ਜਿਸ ਕਾਰਣ ਉਹ ਵਿਦਿਅਕ ਖੇਤਰ ਵਿੱਚ ਕਲਾਸ - ॥ ਤੋਂ ਬਾਅਦ ਕਲਾਸ 1 ਅਫ਼ਸਰ ਬਣੇ, ਸਿੱਖਿਅਕ ਅਧਿਕਾਰੀ ਬਨਣ ਉਪਰੰਤ ਬਤੌਰ ਪ੍ਰਿੰਸੀਪਲ ਰਿਟਾ ਹੋਏ।ਸੰਤਾਂ ਦੇ ਬੋਲਾਂ ਵਿੱਚ ਰਾਜ ਹੁੰਦਾ ਹੈ।

(ਨਿੱਜੀ ਵਾਰਤਾ ਪ੍ਰਿ.ਰਾਜ ਕੁਮਾਰੀ 13 .9.2017)

***********

## ਸਾਖੀ450

## ਮੁੰਨਾਂ ਕੁਟੀਆ ਇਕੱਲੀ ਆ

ਰਾਜ ਕੁਮਾਰੀ ਲੱਗਭੱਗ ਸੱਤ ਅੱਠ ਸਾਲਾਂ ਦੀ ਉਮਰ ਵਿੱਚ ਸੀ ਉਸਦੇ ਮਾਤਾ ਪਿਤਾ ਐਤਵਾਰ ਦੇ ਦਿਨ ਕੁਟੀਆਂ ਬੱਲਾਂ ਸੰਤਾਂ ਦੇ ਚਲੇ ਗਏ ਤੇ ਬੱਚਿਆਂ ਨੂੰ ਘਰ ਹੀ ਛੱਡ ਗਏ। ਰਾਜ ਕੁਮਾਰੀ ਛੋਟੀ ਉਮਰ ਵਿੱਚ ਹੀ ਬਿਨਾਂ ਕਿਸੇ ਡਰ ਭੈਅ ਡੰਡੀ ਡੰਡੀ ਖੇਤਾਂ ਵਿੱਚ ਦੀ ਬੱਲਾਂ ਆ

ਗਈ ਉਥੋਂ ਕੁਟੀਆ ਵਿੱਚੋਂ ਪਤਾ ਲੱਗਾ ਕਿ ਸਤਿਗੁਰੂ ਸਰਵਣ ਦਾਸ ਜੀ ਬਿਆਸ ਪਿੰਡ ਗਏ ਹਨ ਇਹ ਸੁਣ ਕੇ ਰਾਜ ਕੁਮਾਰੀ ਬਿਆਸ ਪਿੰਡ ਵਲ੍ਹ ਨੂੰ ਤੁਰ ਪਈ ।ਬੱਲਾਂ ਦੇ ਮੋੜ ਤੇ ਜਿਥੇ ਅੱਜ ਕੱਲ ਦੁਕਾਨਾਂ ਬਣੀਆਂ ਹੋਈਆਂ ਹਨ ਉੱਥੇ ਖੇਤ ਹੀ ਹੁੰਦੇ ਸਨ।ਤਾਂ ਰਾਜ ਕੁਮਾਰੀ ਖਰਬੂਜੇ ਤੋੜਨ ਲੱਗ ਪਈ ਸੁਆਮੀ ਸਰਵਣ ਦਾਸ ਜੀ ਨੇ ਉਥੇ ਪਹੁੰਚ ਕੇ ਰਾਜ ਕੁਮਾਰੀ ਨੂੰ ਚੁਕ ਲਿਆ ਤੇ ਕਿਹਾ 'ਖੇਤਾਂ ਵਾਲੇ ਤੈਨੂੰ ਮਾਰਨਗੇ ' ਤੂੰ ਖੇਤਾਂ ਵਿੱਚ ਕਿਉਂ ਵੜੀ ਹੋਈ ਏ ? ਤੇ ਆਪਣੇ ਨਾਲ ਕੁਟੀਆ ਲੈ ਗਏ। ਮੇਰੇ ਮਾਤਾ ਜੀ ਨੇ ਦੱਸਿਆ ਕਿ ਸੁਆਮੀ ਜੀ ਬਿਆਸ ਪਿੰਡ ਇਹ ਕਹਿ ਕੇ ਜਲਦੀ ਆ ਗਏ ਕਿ ਕਰਮੋ ਮੁੰਨਾ (ਕੁੜੀ) ਕੁਟੀਆਂ ਕੱਲੀ ਆ ਗਈ।

(ਨਿੱਜੀ ਵਾਰਤਾ ਪ੍ਰਿ.ਰਾਜ ਕੁਮਾਰੀ 13-9-2017)

***********

## ਸਾਖੀ ਨੰਬਰ 451

### ਮਹਾਰਾਜ ਜੀ ਬੱਚਿਆਂ ਵਿੱਚ ਆਤਮ-ਵਿਸ਼ਵਾਸ ਪੈਦਾ ਕਰਦੇ ਸਨ

ਸੁਆਮੀ ਸਰਵਣ ਦਾਸ ਜੀ ਬੱਚਿਆ ਦੀ ਬੁੱਧੀ ਪਰਖਣ ਲਈ ਉਨ੍ਹਾਂ ਦੀ ਪਿੱਠ 'ਤੇ ਅੱਖਰ ਲਿਖਦੇ ਸਨ ਤੇ ਕਹਿੰਦੇ ਸਨ, ਦੱਸੋ ,ਮੈਂ ਕੀ ਲਿਖਿਆ ? ਇਸ ਤਰ੍ਹਾਂ ਰਾਜ ਕੁਮਾਰੀ ਦੇ ਵੀ ਬਹੁਤ ਵਾਰੀ ਲਿਖਿਆ ਸੀ ਬੱਚਿਆ ਵਿੱਚ ਉਤਸ਼ਾਹ ,ਨਿਡਰਤਾ ,ਆਤਮ ਵਿਸ਼ਵਾਸ ਦਾ ਜ਼ਜ਼ਬਾ ਪੈਦਾ ਕਰਨਲਈ ਉਨ੍ਹਾਂ ਪਾਸੋਂ ਕਵਿਤਾ ਸੁਣਿਆ ਕਰਦੇ ਸਨ। ਮਹਾਰਾਜ ਜੀ ਦੀ ਉਸਤਤ ਵਿੱਚ ਬਜੁਰਗ ਰਚਨਾਵਾਂ ਲਿਖਦੇ ਸਨ ਅਤੇ ਬੱਚੇ ਪੜ੍ਹ ਕੇ ਸੁਣਾਇਆ ਕਰਦੇ ਸਨ।ਮਹਾਰਾਜ ਜੀ ਉਨ੍ਹਾਂ ਦੀ ਤੋਤਲੀ ਅਵਾਜ ਸੁਣ ਕੇ ਬਹੁਤ ਖੁਸ਼ ਹੁੰਦੇ ਸਨ।ਰਾਜ ਕੁਮਾਰੀ ਦੇ ਦੱਸਣ ਮੁਤਾਬਕ ਉਹ ਵੀ ਮਹਾਰਾਜ ਜੀ ਦੀ ਕੁਰਸੀ ਪਾਸ ਖੜ੍ਹੀ ਹੋ ਕੇ ਕਵਿਤਾ ਪੜਿਆ ਕਰਦੀ ਸੀ।ਇਥੇ ਵਰਨਣਣੋਗ ਹੈ ਕਿ ਉਹਨਾਂ ਦਿਨਾਂ ਵਿੱਚ ਸਾਡੇ ਸਮਾਜ ਵਿੱਚ ਬਹੁਤ ਘੱਟ ਲੜਕੀਆਂ ਪੜ੍ਹੀਆਂ ਹੁੰਦੀਆ ਸਨ। ਸ਼ਬਦ ਦੇ ਬੋਲ ਹੁੰਦੇ ਸਨ:-

ਢੂੰਡਿਆ ਮੈਂ ਜੱਗ ਸਾਰਾ,ਕਿਤਿਉਂ ਵੀ ਨਾ ਮਿਲਿਆ ਪਿਆਰਾ,<br>
ਡਿੱਠਾ ਇੱਕ ਚਮਤਕਾਰਾ, ਬਿਜਲੀ ਸਮਾਨ ਜੀ॥

ਬੱਲਾਂ ਹੈ ਗ੍ਰਾਮ ਜਿੱਥੇ, ਗੁਰੂ ਜੀ ਵਿਰਾਜਦੇ ਨੇ,
ਨਗਰ ਸੁਭਾਗਾ ,ਜੇਹਦੀ ਐਡੀ ਉੱਚੀ ਸ਼ਾਨ ਜੀ॥
ਨਗਰ ਦੇ ਲਹਿੰਦੇ ਪਾਸੇ ਕੁਟੀਆ ਨਜ਼ਰ ਆਏ,
ਸੱਚ ਖੰਡ ਨਾਲੋਂ ਵੀ ਹੈ ਸੁੰਦਰ ਅਸਥਾਨ ਜੀ॥
ਸੱਚ ਖੰਡ ਵਿੱਚ ਜਿਵੇਂ ਦੇਵਤੇ ਵਿਰਾਜਦੇ ਨੇ,
ਗੋਸ਼ਟੀ ਕਰਨ ਸਾਧੂ ਸੱਚ ਦੇ ਗਿਆਨ ਜੀ ॥

ਅਤੇ ਹੋਰ ਜਿਵੇਂ:-

ਸੁੱਤਾ ਜਾਗਦਾ ਕਿਉਂ ਨਾ ਵੇ ਤੂੰ ਜਾਗਦਾ ਕਿਉਂ ਨਾ ਮਨ ਅੜਿਆ।
ਤੈਨੂੰ ਐਸਾ ਅਮਲ ਕਾਹਦਾ ਚੜਿਆ

ਅਤੇ

ਤੇਰੀ ਸ਼ਕਤੀ ਤੋਂ ਜਾਵਾ ਬਲਿਹਾਰੇ ਜੀ
ਨਹਿਰ ਕੰਡੇ ਰਹਿਣ ਵਾਲਿਆ ਆਦਿ ਆਦਿ

ਇਹ ਰਚਨਾਵਾਂ ਪੜ੍ਹ ਕੇ ਬੱਚਿਆ ਵਿੱਚ ਅਤਮ ਵਿਸਵਾਸ਼ ਤੇ ਨਿਡਰਤਾ ਵਰਗੇ ਗੁਣ ਪੈਦਾ ਹੁੰਦੇ ਸਨ ਜੋ ਉਹਨਾ ਦੇ ਸਾਰੀ ਉਮਰ ਕੰਮ ਆਉਂਦੇ ਸਨ।

(ਨਿੱਜੀ ਵਾਰਤਾ ਰਾਜ ਕੁਮਾਰੀ ਪ੍ਰਿ.ਰਿਟਾ, 13-9-2017)

***********

## ਸਾਖੀ 452

## ਮਹਾਰਾਜ ਜੀ ਕੌਮ ਵਿੱਚ ਵਿੱਦਿਆ ਦਾ ਪ੍ਰਚਾਰ ਚਾਹੁੰਦੇ ਸਨ

ਰਾਜ ਕੁਮਾਰੀ ਨੇ ਪੰਜਵੀਂ ਜਮਾਤ ਪਾਸ ਕਰ ਲਈ ।ਮਾਂ ਬਾਪ ਮਹਾਰਾਜ ਜੀ ਪਾਸ ਆਏ ਅਤੇ ਦੱਸ ਆਏ ਕਿ ਕੁੜੀ ਨੇ ਪੰਜਵੀਂ ਪਾਸ ਕਰ ਲਈ ਹੈ। ਮਹਾਰਾਜ ਜੀ ਬੇਹੱਦ ਖੁਸ਼ ਹੋਵੇ ਕਿਉਂਕਿ ਉਨ੍ਹਾਂ ਸਮਿਆਂ ਵਿੱਚ ਇੱਕ ਲੜਕੀ ਦਾ ਪੰਜ ਜਮਾਤਾਂ ਪੜ੍ਹ ਜਾਣਾ ਵੀ ਮਾਣ ਸਮਝਿਆ ਜਾਂਦਾ ਸੀ। ਮਹਾਰਾਜ ਜੀ ਨੇ ਕਹਿ ਦਿੱਤਾ ਕਿ ਇਸ ਨੂੰ ਵੱਡੇ ਸਕੂਲ ਪੜ੍ਹਨ ਲਈ ਪਾ ਦਿਓ।ਮਾਤਾ ਜੀ ਨੇ ਕਿਹਾ ਕਿ ਮਹਾਰਾਜ ਜੀ ਦੂਰ ਸਕੂਲ ਹੈ ਬਿਆਸ ਪਿੰਡ ਜਾਣਾ ਪੈਦਾ ਹੈ।ਰਾਖੀ ਆਪ ਹੀ ਕਰਨੀ ਹੈ।

ਇਸ ਪ੍ਰਕਾਰ ਰਾਜ ਕੁਮਾਰੀ ਦਸਵੀਂ ਵੀ ਪਾਸ ਚੰਗੇ ਨੰਬਰ ਲੈ ਕੇ

ਕਰ ਲਈ। ਮਾਤਾ ਪਿਤਾ ਪ੍ਰਸ਼ਾਦਿ ਲੈ ਕੇ ਬੱਚੀ ਨੂੰ ਨਾਲ ਲੈ ਕੇ ਦਰਵਾਰ ਵਿੱਚ ਪਹੁੰਚੇ ਜਦੋਂ ਇਹ ਦੱਸਿਆ ਕਿ ਲੜਕੀ ਨੇ ਦਸਵੀਂ ਪਾਸ ਕਰ ਲਈ ਹੈ ਤਾਂ ਕੁਟੀਆ ਵਿੱਚ ਸੰਤ ਚੇਤਨ ਦਾਸ ਜੀ ਸੰਤ ਗਰੀਬ ਦਾਸ ਜੀ ਅਤੇ ਮਹਾਰਾਜ ਜੀ ਬਹੁਤ ਖੁਸ਼ ਹੋਵੇ । ਮਹਾਰਾਜ ਜੀ ਨੇ ਬੜੇ ਚਾਅ ਨਾਲ ਸਾਰੀ ਸੰਗਤ ਨੂੰ ਦੱਸਿਆ ਕਿ ਮੁੰਨੋ ਨੇ ਦਸਵੀਂ ਪਾਸ ਕਰ ਲਈ ਹੈ ਉਸ ਸਮੇਂ ਬਹੁਤ ਘੱਟ ਬੱਚੇ ਅੱਠਵੀਂ ਪਾਸ ਕਰਦੇ ਸਨ।ਮਹਾਰਾਜ ਜੀ ਨੇ ਮਾਤਾ ਪਿਤਾ ਜੀ ਨੂੰ ਕਿਹਾ ," ਮੁੰਨੋ ਨੇ ਹੋਰ ਪੜ੍ਹਨਾ ਹੈ ਪਰ ਘਰ ਗਰੀਬ ਹੈ ਮਾਤਾ ਜੀ ਨੇ ਕਿਹਾ ਕਿਹਾ ਕਿ ਮਹਾਰਾਜ ਜੀ ਸ਼ਹਿਰ ਪੜ੍ਹਨੇ ਪਾ ਦਿੰਦੇ ਹਾਂ। ਪਰ ਰਾਖੀ ਤੁਸੀਂ ਆਪ ਹੀ ਕਰਨੀ ਹੈ।

ਮਹਾਰਾਜ ਜੀ ਦੇ ਹੁਕਮ ਅਨੁਸਾਰ ਰਾਜ ਕੁਮਾਰੀ ਨੂੰ ਕੇ.ਕੇ.ਐਮ. ਵੀ ਪੜ੍ਹਨ ਲਗਾਇਆ ਗਿਆ ਮਹਾਰਾਜ ਜੀ ਕਈ ਵਾਰ ਕਾਲਿਜ ਵਿੱਚ ਕਿਰਪਾ ਰਾਮ ਅਤੇ ਬੀਬੀ ਕਰਮੀ ਨੂੰ ਲੈ ਕਾਲਜ . ਕੇ.ਐਮ ਵੀ ਗਏ। ਅਤੇ ਫਰੂਟ ਮਾਲ ਪੂੜੇ ਆਦਿ ਲੈ ਕੇ ਗਏ।ਕਾਰਣ ਇਹ ਸੀ ਕਿ ਇਸ ਦਲਿਤ ਸਮਾਜ ਦੀਆਂ ਬੱਚੀਆਂ ਵੀ ਵੱਧ ਵੱਧ ਤੋਂ ਪੜ੍ਹਨ ਉੱਚ ਵਿੱਦਿਆ ਪ੍ਰਾਪਤ ਕਰਕੇ ਮਾਨ ਸਨਮਾਨ ਵਾਲਾ ਜੀਵਨ ਜਿਊਂਣ ਮਹਾਰਾਜ ਜੀ ਸਮਾਜ ਵਿੱਚ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਵੱਧ ਵੱਧ ਪੜ੍ਹਾਉਣ 'ਤੇ ਜ਼ੋਰ ਦਿੰਦੇ ਸਨ।ਮਹਾਰਾਜ ਜੀ ਦੀ ਉੱਚੀ ਸੋਚ ਤੋਂ ਹਰ ਵਿਅਕਤੀ ਪ੍ਰਭਾਵਿਤ ਹੁੰਦਾ ਸੀ ਕਿਉਂਕਿ ਆਪ ਬੱਚਿਆਂ ਪਾਸੋਂ ਕੁਟੀਆ ਵਿੱਚ ਸਵਾਲ ਪੁਛਿਆ ਕਰਦੇ ਸਨ ਅਤੇ ਉਹਨਾਂ ਦੀ ਬੁੱਧੀ ਦਾ ਜਾਇਜਾ ਲਿਆ ਕਰਦੇ ਸਨ।

(ਨਿੱਜੀ ਵਾਰਤਾ ਪ੍ਰਿ.ਰਾਜ ਕੁਮਾਰੀ 13-9-2017)

***********

## ਸਾਖੀ 453

## ਸੱਚ ਮੁੱਚ 11 ਜੂਨ ਸਾਡੇ ਲਈ ਅੱਜ ਵੀ ਹਨੇਰਾ ਹੈ..

ਇਹ ਗੱਲ ਅਸੀਂ ਅਕਸਰ ਜਾਣਦੇ ਹਾਂ ਅਤੇ ਸੁਣਦੇ ਵੀ ਰਹੇ ਹਾਂ ਕਿ ਮਹਾਰਾਜ ਜੀ ਰਵਿਦਾਸੀਆ ਸਮਾਜ ਵਿੱਚ ਵਿੱਦਿਆ ਦੀ ਘਾਟ ਨੂੰ

ਬਹੁਤ ਮਹਿਸੂਸ ਕਰਿਆ ਕਰਦੇ ਸਨ ਅਤੇ ਡੇਰੇ ਦੀਆਂ ਸੰਗਤਾਂ ਨੂੰ ਬੱਚਿਆਂ ਦੀ ਪੜਾਈ ਵਲੂ ਧਿਆਨ ਦੇਣ ਲਈ ਬਹੁਤ ਪ੍ਰੇਰਿਤ ਕਰਦੇ ਸਨ। ਸਤਿਗੁਰੂ ਸਰਵਣ ਦਾਸ ਜੀ ਇਹ ਵੀ ਚਾਹੁੰਦੇ ਸਨ ਕਿ ਸਾਡੇ ਬੱਚੇ ਵੀ ਵੱਧ ਵੱਧ ਪੜ੍ਹਨ। ਪੜਨ ਵਾਲੇ ਬੱਚਿਆ ਨੂੰ ਮਹਾਰਾਜ ਜੀ ਬਹੁਤ ਪਿਆਰ ਕਰਦੇ ਸਨ। ਉਨ੍ਹਾਂ ਨੂੰ ਫਲ, ਮਠਿਆਈ, ਦੁੱਧ ਆਦਿ ਦਿੰਦੇ ਕਿ ਇਹ ਸਰੀਰਕ ਪੱਖੋ ਵੀ ਤੰਦਰੁਸਤ ਹੋਣ। ਬੱਚੇ ਵੀ ਮਹਾਰਾਜ ਜੀ ਨੂੰ ਬਹੁਤ ਪਿਆਰ ਅਤੇ ਸਤਿਕਾਰ ਦਿੰਦੇ ਸਨ। ਛੁੱਟੀ ਵਾਲੇ ਦਿਨ ਡੇਰੇ ਵਿੱਚ ਹੀ ਬਤੀਤ ਕਰਦੇ ਸਨ।ਅੱਠ ਜੂਨ 1972 ਦਾ ਦਿਨ ਸੀ ਰਾਜ ਕੁਮਾਰੀ ਹੋਸਟਲ ਵਿੱਚੋ ਛੁੱਟੀਆਂ ਹੋਣ ਕਾਰਣ ਮਾਤਾ ਪਿਤਾ ਜੀ ਨਾਲ ਕੁਟੀਆ ਆ ਗਈ। ਸ਼ਾਮ ਦੇ ਵਕਤ ਜਦੋਂ ਘਰ ਵਾਪਿਸ ਜਾਣ ਲਈ ਆਗਿਆ ਮੰਗੀ ਮਹਾਰਾਜ ਜੀ ਨੇ ਦੋ ਵਾਰੀ ਜਾਣ ਤੋਂ ਰੋਕਿਆ ਅਤੇ ਕਿਹਾ ਕਿ ਕ੍ਰਿਪਾ ਰਾਮਾ ਹਨੇਰਾ ਪੈ ਗਿਆ।ਕ੍ਰਿਪਾ ਰਾਮ ਨੇ ਬਾਹਰ ਦੇਖਿਆ ਕਿ ਅਜੇ ਹਨੇਰਾ ਨਹੀਂ ਹੋਇਆ ਸੀ ਅਤੇ ਕਿਹਾ ਮਹਾਰਾਜ ਜੀ ਅਜੇ ਲੋਅ ਹੈ ਤਾਂ ਮਹਾਰਾਜ ਜੀ ਨੇ ਛੁੱਟੀ ਦੇ ਦਿੱਤੀ ।ਉਸ ਹਫ਼ਤੇ ਹੀ ਚੰਦ ਦਿਨਾਂ ਬਾਦ 11 ਜੂਨ ਨੂੰ ਸੱਚ ਮੁੱਚ ਹੀ ਹਨੇਰ ਪੈ ਗਿਆ ਮਹਾਰਾਜ ਜੀ ਸਰੀਰਕ ਚੋਲਾ ਤਿਆਗ ਕੇ ਸੱਚ ਖੰਡ ਜਾ ਬਿਰਾਜੇ ।ਪਰਿਵਾਰ ਵਿਛੋੜੇ ਵਿੱਚ ਕੁਰਲਾ ਰਿਹਾ ਸੀ ਅਤੇ ਸਦਾ ਹੀ ਉਨ੍ਹਾਂ ਨੂੰ ਯਾਦ ਰੱਖਦਾ ਹੈ।ਸਤਿਗੁਰੂ ਜੀ ਦੀ ਯਾਦ ਵਿੱਚ ਹਰ ਦਿਨ 11 ਜੂਨ ਹੀ ਮਾਲੂਮ ਹੁੰਦਾ ਹੈ। ਕਿਉਂਕਿ ਉਨ੍ਹਾਂ ਦੇ ਚਰਨਾਂ ਵਿੱਚ ਬਿਤਾਏ ਪਲ, ਉਨ੍ਹਾਂ ਦੀਆ ਨਿੱਘੀਆਂ ਯਾਦਾਂ,ਹਰ ਵਕਤ ਪਰਿਵਾਰ ਦੇ ਚੇਤਿਆ ਵਿੱਚ ਵਸਦੀਆ ਹਨ ਅਤੇ ਵੱਸਦੀਆ ਰਹਿਣਗੀਆਂ । ਗੁਰੂ ਦਾ ਵਿਛੋੜਾ ਅਸਹਿ ਤੇ ਅਕਹਿ ਸੀ।

(ਨਿੱਜੀ ਵਾਰਤਾ ਪ੍ਰਿ.ਰਾਜ ਕੁਮਾਰੀ 13-9-17)

***********

## ਸਾਖੀ 454

## ਮਾਲਿਕ ਚਾਹੇ ਤਾਂ ਥੋੜੇ ਵਿੱਚ ਵੀ ਬਰਕਤ ਪੈ ਜਾਂਦੀ ਹੈ

1967-68 ਦੀ ਗੱਲ ਹੈ ਕਿ ਕਿ ਸ਼੍ਰੀ ਕ੍ਰਿਪਾ ਰਾਮ ਜੀ ਵਾਸੀ ਰਸੂਲਪੁਰ ਵਾਲੇ ਸਤਿਗੁਰੂ ਸਰਵਣ ਦਾਸ ਜੀ ਦੇ ਸ਼ਰਧਾਲੂ ਸਨ ਅਤੇ ਖੇਤੀ ਬਾੜੀ

ਕਰਦੇ ਸਨ। ਥੋੜ੍ਹੀ ਜਮੀਨ ਆਪਣੀ ਸੀ। ਬਾਕੀ ਠੇਕੇ 'ਤੇ ਲੈਂਦੇ ਸਨ। ਕਦੇ ਵੀ 15-20 ਬੋਰੀ ਤੋਂ ਵੱਧ ਕਣਕ ਨਹੀਂ ਹੁੰਦੀ ਸੀ ਇੱਕ ਵਾਰ 21 ਬੋਰੀਆਂ ਹੋਈਆਂ ਸਨ।

ਮਹਾਰਾਜ ਜੀ ਨੇ ਕਿਹਾ ਕ੍ਰਿਪਾ ਰਾਮਾ ਤੂੰ ਭੋਉਲ੍ਹੀ ਵਾਲੀ ਜ਼ਮੀਨ ਛੱਡ ਦੇ। ਕਿਰਪਾ ਰਾਮ ਨੇ ਅਗਲੇ ਸਾਲ ਮਹਾਰਾਜ ਜੀ ਦੇ ਹੁਕਮ ਅਨੁਸਾਰ ਜਮੀਨ ਛੱਡ ਦਿੱਤੀ ਅਤੇ ਆਪਣੀ ਜਮੀਨ ਵਿੱਚ ਹੀ ਕਣਕ ਬੀਜੀ। ਉਹਨਾਂ ਦਾ ਲੜਕਾ ਪਿਆਰੇ ਲਾਲ ਖੇਤੀ ਬਾੜੀ ਯੂਨੀਵਰਸਿਟੀ ਲੁਧਿਆਣਾ ਨੌਕਰੀ ਕਰਦਾ ਸੀ। ਅਤੇ ਉਥੋਂ ਬੀਜ ਲਿਅਇਆ ਸੀ। ਇਸ ਸਾਲ ਥੋੜ੍ਹੀ ਜਮੀਨ ਵਿੱਚੋਂ ਹੀ 100 ਬੋਰੀ ਕਣਕ ਹੋਈ। ਸ਼੍ਰੀ ਕ੍ਰਿਪਾ ਰਾਮ ਜੀ ਅਤੇ ਬੀਬੀ ਕਰਮੀ 20 ਬੋਰੀ ਕਣਕ ਲੈ ਕੇ ਲੰਗਰ ਵਿੱਚ ਪਹੁੰਚੇ। ਮਹਾਰਾਜ ਜੀ ਜੀ ਮੁਸਕਰਾਉਣ ਲੱਗ ਪਏ ਉਹ ਖੁਦ ਜਾਣੀ ਜਾਣ ਸੀ।

(ਨਿੱਜੀ ਵਾਰਤਾ ਪ੍ਰਿ.ਰਾਜ ਕੁਮਾਰੀ 13-9-2017)

***********

## ਸਾਖੀ ਨੰਬਰ 455

## ਇਸ ਦੇ ਮਨੀ ਆਰਡਰ ਆਉਣੇ ਹਨ

ਪਿਆਰਾ ਲਾਲ ਸਪੱਤਰ ਸ਼੍ਰੀ ਕਿਰਪਾ ਰਾਮ ਵਾਸੀ ਰਸੂਲਪੁਰ ਮੈਟ੍ਰਿਕ ਵਿੱਚ ਪੜਦਾ ਸੀ। ਮਹਾਰਾਜ ਸੁਆਮੀ ਸਰਵਣ ਦਾਸ ਜੀ ਪੜ੍ਹਦੇ ਬੱਚਿਆਂ ਵੱਲ ਦੇਖ ਕੇ ਖੁਸ਼ ਹੁੰਦੇ ਸਨ।

ਇਕ ਵਾਰ ਪਿਆਰੇ ਲਾਲ ਬਹੁਤ ਬੀਮਾਰ ਪੈ ਗਿਆ ਉਸਦੇ ਮਾਤਾ ਨਿਕਲ ਆਈ ਹਾਲਤ ਦੇਖ ਕੇ ਮਾਤਾ ਪਿਤਾ ਬਹੁਤ ਪ੍ਰੇਸ਼ਾਨ ਹੋਏ। ਪੇਪਰਾਂ ਦੇ ਦਿਨ ਸਨ। ਮਹਾਰਾਜ ਜੀ ਪਾਸ ਆਏ ਮਹਾਰਾਜ ਜੀ ਨੇ ਕਿਹਾ ਇਸਦੇ ਪੇਪਰ ਜਰੂਰ ਕਰਵਾਓ ਇਸ ਨੂੰ ਸਾਇਕਲ ਤੇ ਬਿਠਾ ਕੇ ਲੈ ਜਾਣਾ ਪਰਿਵਾਰ ਨੇ ਆਸ ਛੱਡੀ ਹੋਈ ਸੀ ਮਹਾਰਾਜ ਜੀ ਨੇ ਕਿਹਾ ਇਸ ਦੀ ਪੜ੍ਹਾਈ ਕਰਾਓ, ਪੇਪਰ ਜਰੂਰ ਕਰਾਓ ਕਿਉਂਕਿ ਇਸਦੇ ਮਨੀਆਰਡਰ ਆਇਆ ਕਰਨਗੇ।

ਸਤਿਗੁਰੂ ਦੇ ਹੁਕਮਾਂ ਤੇ ਪੇਪਰ ਦਿੱਤੇ ਗਏ ਅਤੇ ਪਿਆਰੇ ਲਾਲ

ਫ਼ਸਟ ਡਵੀਜਨ ਨਾਲ ਪਾਸ ਹੋ ਗਿਆ ਉਪਰੰਤ ਖੇਤੀ ਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਤਿੰਨ ਸਾਲ ਦਾ ਕੋਰਸ ਕਰਨ ਤੇ ਉੱਥੇ ਹੀ ਸਿਲੇਕਸ਼ਨ ਹੋ ਗਈ।

ਸੱਚ ਮੁੱਚ ਹੀ ਤਿੰਨ ਸਾਲ ਬਾਅਦ ਪਿਆਰੇ ਲਾਲ ਦੇ ਮਨੀ ਆਰਡਰ ਰਾਹੀਂ ਤਨਖਾਹ ਦੇ ਪੈਸੇ ਘਰ ਆਉਣ ਲੱਗ ਪਏ। ਸੰਤਾਂ ਦੇ ਬੋਲ ਸੱਚੇ ਹੁੰਦੇ ਹਨ।ਸ. ਪਿਆਰਾ ਲਾਲ ਜੀ ਪਲਾਟੇਸਨ ਵਿਭਾਗ ਤੋਂ ਡਰੈਕਟਰ ਰਿਟਾ.ਹੋਵੇ।

(ਨਿੱਜੀ ਵਾਰਤਾ ਪ੍ਰਿ.ਰਾਜ ਕੁਮਾਰੀ 13-9-17)

***********

## ਸਾਖੀ 456

## ਡਰਨਾ ਨਹੀਂ ! ਜਾਓ

ਸਮਾਂ ਕਰੀਬ 6 ਦਹਾਕੇ ਪਹਿਲਾਂ ਦਾ ਹੋਵੇਗਾ ਕਿ ਕ੍ਰਿਪਾ ਰਾਮ ਜੀ ਅਤੇ ਉਹਨਾ ਦੀ ਧਰਮ ਪਤਨੀ ਬੀਬੀ ਕਰਮੀ ਦੇਵੀ ਜੀ ਸਤਿਗੁਰੂ ਸਰਵਣ ਦਾਸ ਜੀ ਦੇ ਚਰਨ ਸੇਵਕ ਸਨ ਅਤੇ ਹਰ ਐਤਵਾਰ ਆਪਣੇ ਪਿੰਡ ਰਸੂਲਪੁਰ ਤੋਂ ਪੈਦਲ ਕੁਟੀਆ ਮੱਥਾ ਟੇਕਣ ਆਉਂਦੇ ਸਨ।ਇਕ ਵਾਰ ਦੀ ਗੱਲ ਹੈ ਕਿ ਸ਼ਾਮ ਦੇ ਵਕਤ ਜਦੋਂ ਮਹਾਰਾਜ ਜੀ ਤੋਂ ਵਾਪਸ ਜਾਣ ਦੀ ਆਗਿਆ ਮੰਗੀ ਤਾਂ ਮਹਾਰਾਜ ਜੀ ਨੇ ਉਹਨਾਂ ਨਮੂ ਕੁਝ ਸਮਾਂ ਹੋਰ ਰੁਕਣ ਲਈ ਕਿਹਾ। ਦੋਨੋਂ ਪਤੀ ਪਤਨੀ ਹੁਕਮ ਮੰਨ ਕੇ ਬੈਠ ਗਏ। ਰਾਸਤਾ ਕੱਚਾ ਸੀ। ਵੱਡੇ ਵੱਡੇ ਬੂਝੇ-ਝਾੜੀਆਂ ਸਨ ਅਤੇ ਰਾਤ ਵੀ ਹਨੇਰੀ ਸੀ।ਕੁਝ ਸਮੇਂ ਬਾਅਦ ਮਹਾਰਾਜ ਜੀ ਨੇ ਜਾਣ ਦੀ ਆਗਿਆ ਦਿੱਤੀ ਅਤੇ ਕਿਹਾ, ' ਡਰਨਾ ਨਹੀਂ ਜਾਓ ! ਦੋਨੋਂ ਚੱਲ ਪਏ ਜਦੋਂ ਨੋਗੱਜੇ ਪੁਲ ਦੇ ਪਾਸ ਆਏ ਤਾਂ ਕੀ ਦੇਖਦੇ ਹਨ ਕਿ ਬਹੁਤ ਵੱਡਾ ਸੱਪ ਜਿਸ ਦੇ ਸਿਰ ਤੇ ਦੀਵਾ ਹੈ। ਪਹਿਲਾਂ ਉਹ ਘਬਰਾ ਗਏ।ਪਰ ਤੁਰੰਤ ਉਹਨਾਂ ਨੂੰ ਸੰਤਾਂ ਦੇ ਬੋਲ ਯਾਦ ਆ ਗਏ ' ਡਰਨਾ ਨਹੀਂ ! ਜਾਓ ਉਹ ਨਾਮ ਜਪਦੇ ਸਿੱਧੇ ਘਰ ਆ ਗਏ।

(ਨਿੱਜੀ ਵਾਰਤਾ ਪ੍ਰਿ.ਰਾਜ ਕੁਮਾਰੀ)

***********

## ਸਾਖੀ 457

# ਇਸ ਨੂੰ ਇਕ ਕੰਬਲ ਹੋਰ ਦੇ ਦਿਓ

ਸ੍ਰ. ਦਰਬਾਰਾ ਸਿੰਘ ਜੀ ਸੰਘਾ ਮਿਲਟਰੀ ਵਿੱਚੋ ਰਿਟਾ. ਸਨ ਅਤੇ ਸਾਬਕਾ ਮੈਂਬਰ ਪੰਚਾਇਤ ਸਨ। ਉਨ੍ਹਾਂ ਦੀ ਸਤਿਗੁਰੂ ਸਰਵਣ ਦਾਸ ਜੀ ਪ੍ਰਤੀ ਸ਼ਰਧਾ ਭਾਵਨਾ ਸੀ ਅਤੇ ਅਕਸਰ ਡੇਰੇ ਵਿੱਚ ਆਇਆ ਕਰਦੇ ਸਨ ਜਦੋਂ ਕਦੇ ਪਿੰਡ ਵਿੱਚ ਸੰਤ ਸੰਮੇਲਨ ਹੁੰਦਾ ਸੀ ਤਾਂ ਉਹ ਡੇਰੇ ਦੇ ਸੰਤਾਂ ਦੇ ਦਰਸ਼ਨ ਕਰਨ ਲਈ ਜਰੂਰ ਆਉਂਦੇ ਅਤੇ ਸੇਵਾ ਵੀ ਪਾਉਂਦੇ। ਸ਼ਾਇਦ ਉਹਨਾਂ ਨਾਮ ਦੀ ਦਾਤ ਵੀ ਸਤਿਗੁਰੂ ਸਰਵਣ ਦਾਸ ਜੀ ਪਾਸੋਂ ਪ੍ਰਾਪਤ ਕੀਤੀ ਹੋਵੇ। ਕਿਉਂਕਿ ਉਹਨਾਂ ਆਪਣੇ ਗ੍ਰਿਹਿ ਵਿਖੇ ਮਹਾਂਪੁਰਸ਼ਾ ਦੇ ਸੁੰਦਰ ਸਰੂਪ ਲੱਗੇ ਹੋਏ ਹਨ। ਦਰਬਾਰਾ ਸਿੰਘ ਹੁਰਾਂ ਨਾਲ ਕਾਂਸ਼ੀ ਰਾਮ ਕਲੇਰ ਦੀ ਕਾਫ਼ੀ ਸਾਂਝ ਸੀ ਅਤੇ ਅਕਸਰ ਇੱਕ ਦੁਸਰੇ ਦੇ ਘਰ ਪਰਿਵਾਰਕ ਮੈਂਬਰਾਂ ਵਾਂਗ ਹੀ ਆਉਂਦੇ ਜਾਂਦੇ ਸਾਂ।

ਉਨ੍ਹਾਂ ਨੇ ਦੱਸਿਆ ਕਿ ਇੱਕ ਵਾਰੀ ਮੈਂ ਡੇਰੇ ਵਿੱਚ ਮੌਜੂਦ ਸੀ ਇੱਕ ਸਾਧੂ ਜਾਂਦਾ ਹੋਇਆ ਉਹ ਕੰਬਲ ਵੀ ਨਾਲ ਲੈ ਗਿਆ ਜੋ ਉਸ ਨੂੰ ਸੇਵਾਦਾਰਾਂ ਵਲੋਂ ਰਾਤ ਨੂੰ ਉੱਪਰ ਲੈਣ ਲਈ ਦਿੱਤਾ ਸੀ। ਕੁਝ ਸੇਵਾਦਾਰਾਂ ਨੇ ਉਸਦਾ ਪਿੱਛਾ ਕੀਤਾ ਅਤੇ ਪਿੰਡ ਵਿੱਚ ਜਾ ਕੇ ਉਸ ਸਾਧੂ ਨੂੰ ਫੜ ਕੇ ਕੁਟੀਆ ਲੈ ਆਏ। ਕੁਝ ਮੰਦਾ ਚੰਗਾ ਵੀ ਬੋਲਿਆ ਜਦੋਂ ਸਾਧੂ ਨੂੰ ਸੰਤਾਂ ਪਾਸ ਲੈ ਕੇ ਆਏ ਮਹਾਰਾਜ ਜੀ ਨੇ ਸਾਧੂ ਨੂੰ ਫਤਿਹ ਬੁਲਾਈ ਅਤੇ ਕਿਹਾ ਇਸ ਨੂੰ ਕਿਉਂ ਲਿਆਏ ਹੋ? ਸੇਵਾਦਾਰਾਂ ਨੇ ਕਿਹਾ ਜੀ ਇਹ ਡੇਰੇ ਦਾ ਕੰਬਲ ਲੈ ਗਿਆ ਸੀ।ਮਹਾਰਾਜ ਜੀ ਨੇ ਕਿਹਾ ਇਸ ਨੂੰ ਇੱਕ ਕੰਬਲ ਹੋਰ ਦੇ ਦਿਓ ਠੰਡ ਹੈ ਹੇਠਾਂ ਵੀ ਵਿਛਾ ਲਵੇਗਾ। ਇਸ ਪ੍ਰਕਾਰ ਸਾਧੂ ਇੱਕ ਕੰਬਲ ਹੋਰ ਲੈ ਕੇ ਵਿਦਾ ਹੋਇਆ ਅਤੇ ਮਹਾਰਾਜ ਜੀ ਦਾ ਸ਼ੁਕਰਾਨਾ ਕਰਨ ਲੱਗਾ । ਸੇਵਾਦਾਰ ਹੈਰਾਨ ਹੋ ਗਏ ਅਤੇ ਕੁਝ ਵੀ ਨਾ ਬੋਲ ਸਕੇ।

(ਬੀਤੇ ਦੀ ਬਾਤ ਖ਼ੁਦ ਦਰਬਾਰਾ ਸਿੰਘ ਜੀ )

***********

## ਸਾਖੀ 458
## ਸੰਤਾਂ ਦੇ ਬੋਲ ਸੱਚ ਹੁੰਦੇ ਹਨ।

ਸ਼੍ਰੀ ਗੁਰਮੇਲ ਵਿਰਦੀ ਤੇ ਬੀਬੀ ਵਿੱਦਿਆ ਬਚਪਨ ਤੋਂ ਹੀ ਸਤਿਗੁਰੂ ਸਰਵਣ ਦਾਸ ਜੀ ਅਨੁਯਾਈ ਸਨ ਅਤੇ ਨਾਮ ਦੀ ਦਾਤ ਵੀ ਉਹਨਾਂ ਪਾਸੋਂ ਹੀ ਪ੍ਰਾਪਤ ਕੀਤੀ ਸੀ। ਸ਼੍ਰੀ ਗੁਰੂਮੇਲ ਵਿਰਦੀ ਜੀ ਹਰ ਹਫ਼ਤੇ ਇਕ ਜਾਂ ਦੋ ਵਾਰ ਡੇਰੇ ਜਰੂਰ ਆਇਆ ਕਰਦੇ ਸਨ ਤੇ ਸੇਵਾ ਵੀ ਕਰਿਆ ਕਰਦੇ ਸਨ।

ਇਹਨਾਂ ਦੀ ਸ਼ਾਦੀ ਸਮੇਂ ਸ਼ਾਦੀ ਦੀਆ ਰਸਮਾਂ ਵੀ ਸੰਤ ਹਰੀਦਾਸ ਜੀ ਨੇ ਪਿੰਡ ਨੋਗੱਜੇ ਵਿੱਚ ਕਰਵਾਈਆਂ ਸਨ। ਮਹਾਰਾਜ ਜੀ ਨੇ ਪਹਿਲਾਂ ਹੀ ਆਸ਼ੀਰਵਾਦ ਦਿੱਤਾ ਸੀ ਕਿ ਆਪ ਜੀ ਦੇ ਘਰ 5 ਬੱਚੇ ਪੈਦਾ ਹੋਣਗੇ। ਗੁਰਮੇਲ ਵਿਰਦੀ ਜੀ ਦੇ ਘਰ ਤਿੰਨ ਲੜਕਿਆਂ ਨੇ ਜਨਮ ਲਿਆ ।ਇੱਕ ਦਿਨ ਗੁਰੂਮੇਲ ਵਿਰਦੀ ਅਤੇ ਬੀਬੀ ਵਿੱਦਿਆ ਨੇ ਮਹਾਰਾਜ ਹਰੀਦਾਸ ਜੀ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਮਹਾਰਾਜ ਜੀ ਆਪ ਆਸ਼ੀਰਵਾਦ ਬਖਸ਼ੋ ਸਾਡੇ ਘਰ ਲੜਕੀ ਹੀ ਆਏ ਤਾਂ ਕਿ ਤਿੰਨ ਭਰਾਵਾਂ ਨੂੰ ਇੱਕ ਭੈਣ ਮਿਲ ਜਾਵੇ। ਮਹਾਰਾਜ ਹਰੀਦਾਸ ਜੀ ਹੱਸ ਪਏ ਅਤੇ ਕਿਹਾ ਇੱਕ ਨਹੀਂ ਦੋ ਭੈਣਾਂ ਹੋਣਗੀਆ । ਮਹਾਰਾਜ ਜੀ ਦੇ ਆਸ਼ੀਰਵਾਦ ਨਾਲ ਉਹਨਾਂ ਦੇ ਘਰ ਦੋ ਲੜਕੀਆਂ ਨੇ ਜਨਮ ਲਿਆ। ਸਤਿਗੁਰਾਂ ਦੇ ਵਾਕ ਸੱਚ ਹੁੰਦੇ ਹਨ।

(ਨਿੱਜੀ ਵਾਰਤਾ ਸ਼੍ਰੀ ਗੁਰੂਮੇਲ ਵਿਰਦੀ ਜੀ 15-9-2017)

***********

## ਸਾਖੀ ਨੰਬਰ 459
## ਮਹਾਰਾਜ ਜੀ ਦੀ ਕ੍ਰਿਪਾ ਨਾਲ ਥੋੜੇ ਵਿੱਚ ਹੀ ਬਰਕਤ ਹੁੰਦੀ ਹੈ

ਸ਼੍ਰੀ ਸੰਤਾ ਰਾਮ ਅਤੇ ਬੀਬੀ ਨੰਤੀ ਪਿੰਡ ਮੋਖੇ ਵਾਲੇ 1960 ਦੇ ਕਰੀਬ ਪਿੰਡ ਵਡਾਲਾ ਵਿੱਚ ਆ ਵਸੇ। ਉਨ੍ਹਾਂ ਨੇ 1970-71 ਵਿੱਚ ਆਪਣੇ ਘਰ ਸਤਿਸੰਗ ਕਰਵਾਇਆ ਅਤੇ ਪਹਿਲਾਂ ਵੀ ਹਰ ਸਾਲ ਸਤਿਸੰਗ ਕਰਾਉਂਦੇ ਸਨ।

ਇਸ ਸਾਲ ਸਾਰੇ ਪਿੰਡ ਦੇ ਵਿੱਚੋਂ ਹੀ ਸੰਗਤ ਆਈ । ਪਰਿਵਾਰ

ਚਿੰਤਾ ਵਿੱਚ ਪੈ ਗਿਆ ਕਿ ਲੰਗਰ ਵਿੱਚ ਕਮੀਂ ਨਾ ਆ ਜਾਵੇ। ਮਹਾਰਾਜ ਜੀ ਨੇ ਹੁਕਮ ਕੀਤਾ ਕਿ ਆਪ ਲੰਗਰ ਉਪਰ ਕੱਪੜਾ ਪਾ ਦਿਏ ਅਤੇ ਦਾਲ ਦੇ ਪਤੀਲੇ ਤੇ ਵੀ ਕੱਪੜੇ ਦਾ ਪਰਦਾ ਪਾ ਦਿਉ। ਮਹਾਰਾਜ ਜੀ ਨੇ ਇਹ ਵੀ ਹੁਕਮ ਕੀਤਾ ਕਿ ਉਪਰੋਂ ਕਪੜੇ ਦਾ ਪਰਦਾ ਨਹੀਂ ਹਟਾਉਣਾ ਇਸ ਵਿੱਚੋ ਲੰਗਰ ਛੱਕ ਲੈ ਵਰਤਾਈ ਜਾਣਾ। ਸਾਰੀ ਸੰਗਤ ਹੀ ਲੰਗਰ ਛੱਕ ਗਈ। ਉਪਰੰਤ ਲੰਗਰ ਫਿਰ ਬਚਿਆ ਰਿਹਾ। ਇਹ ਸਤਿਗੁਰੂ ਦੀ ਕ੍ਰਿਪਾ ਹੈ ਕਿ ਉਹਨਾਂ ਨੇ ਲੰਗਰ ਵਿੱਚ ਬਰਕਤ ਪਾ ਦਿੱਤੀ। ਇਹ ਸਾਖੀ ਉਹਨਾਂ ਦੀ ਨੂੰਹ ਬੀਬੀ ਮਹਿੰਦਰ ਕੌਰ ਪਤਨੀ ਗੰਗਾ ਰਾਮ ਨੇ ਅਮਰੀਕਾ ਤੋਂ ਸੁਣਾਈ

(ਮਿਤੀ 14-9-2017)

***********

## ਸਾਖੀ ਨੰਬਰ 460

## ਪੂਰਨ ਗੁਰੂ ਆਪਣੇ ਸੇਵਕਾਂ ਨੂੰ ਵੀ ਨਾਲ ਲੈ ਕੇ ਜਾਂਦੇ ਹਨ।

ਮਾਸਟਰ ਜੱਗੂ ਰਾਮ ਜੀ ਰਾਏਪੁਰ ਰਸੂਲ ਪੁਰ ਵਾਲਿਆਂ ਦੀ ਧਰਮ ਪਤਨੀ ਬੀਬੀ ਹਰਭਜਨ ਕੌਰ ਦਾ ਨਿੱਤਨੇਮ ਸੀ ਕਿ ਉਹ ਅੰਮ੍ਰਿਤ ਵੇਲੇ ਇਸ਼ਨਾਨ ਕਰਨ ਉਪਰੰਤ ਕੁਟੀਆ ਸੁਆਮੀ ਸਰਵਣ ਦਾਸ ਜੀ ਵਿਖੇ ਆਪਣੇ ਸਤਿਗੁਰੂ ਦੇ ਦਰਸ਼ਨ ਦੀਦਾਰੇ ਕਰਨ ਲਈ ਆਉਂਦੀ ਸੀ। ਉਹ ਰੋਜਾਨਾ ਹੀ ਮਹਾਰਾਜ ਜੀ ਲਈ ਦਹੀਂ ਲੈ ਕੇ ਆਉਂਦੀ ਸੀ। ਜੋ ਮਹਾਰਾਜ ਜੀ ਬੜੇ ਪਿਆਰ ਨਾਲ ਛਕਦੇ ਸਨ। ਉਸ ਤੋਂ ਬਾਦ ਹੀ ਬੀਬੀ ਜੀ ਦਰਬਾਰ ਵਿੱਚ ਹਾਜ਼ਰੀ ਲਾ ਕੇ ਕੋਈ ਚੀਜ਼ ਮੂੰਹ ਲਾਉਂਦੇ ਸਨ। ਮਹਾਰਾਜ ਜੀ ਨੇ ਹੁਕਮ ਕਰਨਾ ਕਿ ਅੰਦਰੋਂ ਕਿਤਾਬ ਲਿਆ ਅਤੇ ਕੋਈ ਸਾਖੀ ਸੁਣਾਓ। ਇਸ ਤਰ੍ਹਾਂ ਮਹਾਰਾਜ ਜੀ ਰੋਜਾਨਾ ਹੀ ਗੁਰੂਆਂ ਪੀਰਾਂ ਸੰਤਾਂ ਮਹਾਂਪੁਰਸ਼ਾ ਦੀਆਂ ਪਰਮਾਰਥੀ ਸਾਖੀਆਂ ਸੁਣਦੇ।ਮਹਾਰਾਜ ਜੀ ਸੰਗਤ ਨੂੰ ਸਤਿਸੰਗ ਸੁਣਾਉਦੇ ਅਤੇ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਪਾਵਨ ਅੰਮ੍ਰਿਤਬਾਣੀ ਦੀ ਵਿਆਖਿਆ ਵੀ ਸੁਣਾਉਂਦੇ ਸਨ। ਮਹਾਰਾਜ ਜੀ ਦਾ ਖਾਣ-ਪੀਣ ਦਾ ਆਹਾਰ ਬਹੁਤ ਸਾਦਾ ਹੁੰਦਾ ਸੀ ਸਾਰਾ ਦਿਨ ਇਕ ਵਾਰ ਹੀ ਹਲਕਾ

ਜਿਹਾ ਭੋਜਨ ਲੈਂਦੇ ਸਨ। ਇਕ ਵਾਰ ਦੁੱਧ ਜਾਂ ਫਰੂਟ ਲੈਂਦੇ ਸਨ।ਉਹਨਾਂ ਦੀ ਅੱਠ ਪਹਿਰ ਦੀ ਖੁਰਾਕ ਏਨੀ ਹੀ ਸੀ। ਉਹਨਾਂ ਦਿਨਾਂ ਵਿੱਚ ਬੀਬੀ ਹਰਭਜਨ ਕੋਰ, ਬੀਬੀ ਭਾਨੀ ਜਾਂ ਬੀਬੀ ਕਰਮੀ ਲੰਗਰ ਤਿਆਰ ਕਰਦੀਆ ਸਨ। ਮਾਤਾ ਹਰਭਜਨ ਕੋਰ ਦੀ ਸਿਹਤ ਖਰਾਬ ਹੋ ਗਈ।

ਸੰਤ ਰਾਮਾਨੰਦ ਜੀ 11 ਫਰਵਰੀ 2002 ਨੂੰ ਮਾਤਾ ਜੀ ਨੂੰ ਦੇਖਣ ਆਏ ਅਤੇ ਆਪਣੇ ਕਰ ਕਮਲਾਂ ਨਾਲ ਪੰਜ ਅਮਰੂਦ ਬੀਜ ਕੱਢ ਕੇ ਛਕਾਏ। ਉਪਰੰਤ ਬੀਬੀ ਜੀ ਨੂੰ ਕੋਈ ਤਕਲੀਫ਼ ਨਹੀਂ ਹੋਈ। ਸੰਤ ਰਾਮਾ ਨੰਦ ਜੀ ਕਹਿ ਗਏ ਬੀਬੀ ਤੈਨੂੰ ਕਾਂਸ਼ੀ ਲੈ ਕੇ ਜਾਣਾ ਹੈ। ਰਾਤ ਦੇ ਵਕਤ ਸਾਰਾ ਪਰਿਵਾਰ, ਛੋਟਾ ਲੜਕਾ ਕੁਲਦੀਪ ਵੀ ਕੋਲ ਹੀ ਸੀ। ਮਹਾਰਾਜ ਜੀ ਨੇ ਮਾਤਾ ਨੂੰ ਦਰਸ਼ਨ ਦਿੱਤੇ ਮਾਤਾ ਜੀ ਤ੍ਰਭਕ ਕੇ ਉਠੇ ਅਤੇ ਕਿਹਾ ਮਹਾਰਾਜ ਆ ਗਏ ਹਨ। ਰਜਿੰਦਰ ਬੰਗੜ ਜੀ ਨੂੰ ਵੀ ਮਹਾਰਾਜ ਜੀ ਦੇ ਖੂੰਡੇ ਦੀ ਅਵਾਜ ਸੁਣੀ ਉਹ ਉਠ ਕੇ ਬੈਠ ਗਿਆ ਅਤੇ ਬੀਬੀ ਜੀ ਵੱਲ੍ਹ ਤੱਕਣ ਲੱਗਾ ਬੀਬੀ ਜੀ ਨੇ ਦੇਖਦੇ ਆਖ਼ਰੀ ਸਾਵਾਸ ਲਿਆ। ਪੂਰੇ ਸਤਿਗੁਰੂ ਆਪਣੇ ਸੇਵਕਾਂ ਨੂੰ ਵੀ ਆਪਣੇ ਨਾਲ ਲੈ ਜਾਂਦੇ ਹਨ।

(ਨਿੱਜੀ ਵਾਰਤਾ ਰਜਿੰਦਰ ਬੰਗੜ 15-9-17)

***********

## ਸਾਖੀ 461

## ਏਨੀ ਕਰਨੀ ਦੇ ਮਾਲਿਕ ਸਨ ਮੇਰੇ ਸਤਿਗੁਰੂ

ਪਿੰਡ ਰਾਏ ਪੁਰ ਵਿਖੇ ਸ਼੍ਰੀ ਗੁਰੂ ਰਵਿਦਾਸ ਮੰਦਰ ਵਿੱਚ ਸਤਿਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਪਿੰਡ ਰਾਏਪੁਰ ਰਸੂਲਪੁਰ ਵੱਡਾ ਮੁਹੱਲਾ ਦੀਆਂ ਸੰਗਤਾਂ ਵਲੋਂ ਹਰ ਸਾਲ ਦੀ ਤਰ੍ਹਾਂ ਮਨਾਇਆ ਜਾ ਰਿਹਾ ਸੀ। ਮਾਸਟਰ ਜੱਗੂ ਰਾਮ ਜੀ ਨੇ ਸ਼ਿਵ ਰਾਮ ਨੂੰ ਭੇਜਿਆ ਕਿ ਸਮਾਗਮ ਦੀਆਂ ਤਿਆਰੀਆਂ ਹਨ ਤੂੰ ਜਾ ਕੇ ਸਤਿਗੁਰੂ ਸਰਵਣ ਦਾਸ ਜੀ ਨੂੰ ਲੈ ਆ। ਸ਼ਿਵ ਰਾਮ ਨੇ ਜਾ ਕੇ ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ ਮੈਨੂੰ ਮਾਸਟਰ ਜੱਗੂ ਰਾਮ ਨੇ ਭੇਜਿਆ ਹੈਕਿ ਆਪ ਮਹਾਰਾਜ ਜੀ ਨੂੰ ਲੈ ਆਓ ਮਹਾਰਾਜ ਜੀ ਨੇ ਕਿਹਾ ਤੂੰ ਚਲ ਅਸੀਂ ਆਉਂਦੇ ਹਾਂ। ਜਦੋਂ ਸਿਵ ਰਾਮ ਸਾਇਕਲ ਤੇ ਕੁਟੀਆ ਤੋਂ ਪਿੰਡ ਗੁਰੂ ਘਰ ਪਹੁੰਚਾ

ਤਾਂ ਦੇਖ ਕੇ ਹੈਰਾਨ ਰਹਿ ਗਿਆ ਕਿ ਮਹਾਰਾਜ ਪੈਦਲ ਹੀ ਉਸ ਤੋਂ ਪਹਿਲਾਂ ਸਮਾਗਮ ਵਿੱਚ ਬਿਰਾਜਮਾਨ ਸਨ। ਜਦੋਂ ਸੰਗਤਾਂ ਸ਼ਿਵ ਰਾਮ ਨੇ ਇਹ ਸਾਰੀ ਹਕੀਕਤ ਸੁਣਈ ਤਾਂ ਸਾਰੀਆ ਸੰਗਤਾ ਹੈਰਾਨ ਹੋ ਗਈਆ ਅਤੇ ਕਹਿਣ ਲੱਗੀਆ ਕਿ ਧੰਨ ਸਤਿਗੁਰੂ ਸਰਵਣ ਦਾਸ ਜੀ ਆਪ ਜੀ ਮਹਾਨ ਹੋ, ਅਸੀਂ ਆਪ ਜੀ ਦੇ ਬਲਿਹਾਰ ਬਲਿਹਾਰ ਜਾਂਦੇ ਹਾਂ। ਏਨੀ ਕਰਨੀ ਦੇ ਮਾਲਿਕ ਸਨ ਸੁਆਮੀ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਜੀ

(ਨਿੱਜੀ ਵਾਰਤਾ ਰਜਿੰਦਰ ਬੰਗੜ 15-9-2017)

***********

## ਸਾਖੀ 462

## ਖੂੰਡੇ ਵਾਲੇ ਦੀ ਮਿਹਰ ਸਦਕਾ

ਰਜਿੰਦਰ ਬੰਗੜ ਰਾਏਪੁਰੀ ਦੇ ਪਿਤਾ ਜੀ ਮਾਸਟਰ ਜੱਗੂ ਰਾਮ ਜੀ ਦੇ ਅਕਾਲ ਚਲਾਣਾ ਕਰਨ ਉਪਰੰਤ ਉਹ ਆਪਣੇ ਮਾਤਾ ਜੀ ਨੂੰ ਨਾਲ ਲੈ ਕੇ ਮਹਾਰਾਜ ਸਰਵਣ ਦਾਸ ਜੀ ਪਾਸ ਕੁਟੀਆਂ ਗਏ। ਮਾਤਾ ਜੀ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ ਕ੍ਰਿਪਾ ਕਰੋ ਕਿ ਇਸ ਬੇਟੇ ਨੂੰ ਕਿਧਰੇ ਨੌਕਰੀ ਮਿਲ ਜਾਵੇ।

ਮਹਾਰਾਜ ਜੀ ਕੁਝ ਸਮੇਂ ਲਈ ਅੰਤਰ ਧਿਆਨ ਹੋਣ ਉਪਰੰਤ ਕਿਹਾ ਕੁੜੇ ਇਸਨੂੰ ਨੌਕਰੀ ਅਜੇ ਦੇਰ ਨਾਲ ਹੀ ਮਿਲਣੀ ਹੈ,ਫਿਕਰ ਨਹੀਂ ਕਰਨਾ ਮ੍ਰਿਤਕ ਮੁਲਾਜਮਾਂ ਦੇ ਬੱਚਿਆਂ ਨੂੰ ਨੋਕਰੀ ਦੇਣ ਲਈ ਸਰਕਾਰ ਕਈ ਕਾਗਜ਼ ਮੰਗਦੀ ਹੈ।ਜਿਸ ਤਰ੍ਹਾਂ ਮੌਤ ਦਾ ਸਰਟੀਫਿਕੇਟ ਬਗੈਰਾ14 ਸਾਲ ਬਾਦ ਜਲੰਧਰ ਜਿਲ੍ਹਾਂ ਸਿੱਖਿਆ ਅਧਿਕਾਰੀ ਨੇ ਜਦੋਂ ਚੋਣ ਕਰਨੀ ਸੀ ਤਾਂ ਰਜਿੰਦਰ ਬੰਗੜ ਪਾਸੋਂ ਮੌਤ ਦਾ ਸਰਟੀਫਿਕੇਟ ਹੀ ਮੰਗਿਆ। ਉਸ ਦੇ ਪਿਤਾ ਦੀ ਮੌਤ ਦਾ ਸਰਟੀਫਿਕੇਟ ਦੇਖਣ ਉਪਰੰਤ ਹੀ ਉਸ ਦੀ ਨਿਯੁੱਕਤੀ ਹੋ ਗਈ।

ਇਕ ਵਾਰ ਮਹਾਰਾਜ ਜੀ ਨੇ ਮਾਤਾ ਹਰਬਜਨ ਕੋਰ ਨੂੰ ਕਿਹਾ ਸੀ ਕਿ ਰਜਿੰਦਰ ਬੰਗੜ ਨੇ ਲੇਖਕ ਬਨਣਾ ਹੈ।ਇਸ ਦਾ ਮਸਤਕ ਅਸੀਂ

ਦੇਖ ਲਿਆਂ ਹੈ। ਸਤਿਗੁਰੂਾਂ ਦੇ ਬੋਲ ਸੱਚ ਨਿਕਲੇ ਰਜਿੰਦਰ ਬੰਗੜ ਇਕ ਮਿਸ਼ਨਰੀ ਗੀਤਕਾਰ ਅਤੇ ਲੇਖਕ ਬਣ ਕੇ ਸਮਾਜ ਵਿੱਚ ਉਭਰੇ । ਮਹਾਰਾਜ ਜੀ ਬਚਪਨ ਵਿੱਚ ਉਸਨੂੰ ਰਾਪੁਰੀਆ ਕਹਿ ਕੇ ਪੁਕਾਰਦੇ ਸਨ।

ਅੱਜ ਉਹਨਾਂ ਦੇ ਨਾਮ ਬੰਗੜ ਰਾਏਪੁਰੀ ਵਜੋਂ ਜਾਣਿਆ ਜਾਂਦਾ ਹੈ। ਬੰਗੜ ਬ੍ਰਦਰਜ਼ ਮਿਸ਼ਨਰੀ ਕਲਾਕਾਰ ਉਹਨਾ ਦੇ ਬੱਚੇ ਹਨ ਜੋ ਸਤਿਗੁਰੂ ਰਵਿਦਾਸ ਜੀ ,ਸਤਿਗੁਰੂ ਸਰਵਣ ਦਾਸ ਜੀ ਅਤੇ ਡਾ.ਅੰਬੇਡਕਰ ਜੀ ਦੀਆਂ ਮਿਸ਼ਨਰੀ ਰਚਨਾਵਾਂ ਗਾਉਂਦੇ ਹਨ।ਇਸ ਖੇਤਰ ਵਿੱਚ ਉਹਨਾਂ ਕਾਫੀ ਅਗਾਂਹ ਵਧੂ ਪੁਲਾਂਘਾ ਪੁੱਟੀਆਂ ਹਨ। ਅਤੇ ਇਕ ਚੰਗੇ ਜੱਥੇ ਵਜੋਂ ਸਥਾਪਿਤ ਹੋਏ ਹਨ। ਇਹ ਸਭ ਖੂੰਡੇ ਵਾਲੇ ਸਤਿਗੁਰੂ ਦੀ ਦੇਣ ਹੈ।

(ਨਿੱਜੀ ਵਾਰਤਾ ਰਜਿੰਦਰ ਬੰਗੜ 15-9-2017)

***********

## ਸਾਖੀ 463

## ਪੂਰਾ ਗੁਰੂ ਸੇਵਕਾਂ ਨੂੰ ਡੋਲਣ ਨਹੀਂ ਦਿੰਦਾ

ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਸੀਰ ਗਵਰਧਨਪੁਰ ਦੇ ਫਾਊਂਡਰ ਟਰੱਸਟੀ ਮਾਸਟਰ ਜੱਗੂ ਰਾਮ ਜੀ 28 ਮਈ 1971 ਨੂੰ ਸੰਸਾਰ ਤੋਂ ਕੂਚ ਕਰ ਗਏ ਸਨ। ਸੱਤ ਕੁ ਮਹੀਨੇ ਬਾਦ ਪਰਿਵਾਰ ਨੂੰ ਕੁਝ ਆਰਥਿਕ ਤੰਗੀ ਆ ਗਈ। ਮਾਘੀ ਦੇ ਮੇਲੇ ਤੋਂ 3-4 ਦਿਨ ਪਹਿਲਾਂ ਉਹਨਾਂ ਦਾ ਲੜਕਾ ਰਜਿੰਦਰ ਬੰਗੜ ਮਾਤਾ ਜੀ ਦੇ ਕਹਿਣ ’ਤੇ ਡੇਰੇ ਆ ਗਿਆ ਅਤੇ ਸਤਿਗੁਰੂ ਸਰਵਣ ਦਾਸ ਜੀ ਨੂੰ ਘਰ ਦੀ ਹਾਲਤ ਬਾਰੇ ਬੇਨਤੀ ਕੀਤੀ ਕਿ ਮਹਾਰਾਜ ਜੀ ਅਸੀਂ ਖਰਚੇ ਤੋਂ ਬਹੁਤ ਤੰਗ ਹਾਂ। ਮਹਾਰਾਜ ਜੀ ਨੇ ਕਿਹਾ ਮਾਘੀ ਤੋਂ ਇੱਕ ਦਿਨ ਪਹਲਾ ਆਉਣਾ ਤੁਹਾਨੂੰ ਖਰਚਾ ਦੇ ਦਿਆਗੇ। ਮਾਘੀ ਮੇਲਾ ਤੋਂ ਇਕ ਦਿਨ ਪਹਿਲਾ ਮਹਾਰਾਜ ਜੀ ਨੇ ਸੁਨੇਹਾ ਭੇਜਿਆ ਕਿ ਆਪ ਆ ਕੇ ਸਾਡੀ ਗੱਲ ਸੁਣ ਜਾਓ ।

ਜਦੋਂ ਰਜਿੰਦਰ ਬੰਗੜ ਆਪਣੇ ਮਾਤਾ ਜੀ ਨਾਲ ਡੇਰੇ ਗਿਆ । ਮਹਾਰਾਜ ਜੀ ਕੁਟੀਆ ਵਿੱਚ ਥੜੇ ਤੇ ਬਿਰਾਜਮਾਨ ਸਨ ਅਤੇ ਉਹਨਾਂ ਦੇ ਕੋਲ ਬਾਬੂ ਮਿਹਰ ਚੰਦ ਮਹੁੱਲਾ ਮਾਈ ਖਾਈ ਜਲੰਧਰ ਤੋਂ ਬੈਠਾ ਸੀ। ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਸੀ। ਮਹਾਰਾਜ ਜੀ ਨੇ ਬੀਬੀ ਹਰਭਜਨ ਕੋਰ ਨੂੰ ਕਿਹਾ ਕੁੜੇ ਮਿਹਰ ਚੰਦ ਨੇ ਸਾਨੂੰ ਦੱਸਿਆ ਕਿ ਮੈਂ ਮਾਸਟਰ ਜੀ ਕੋਲੋ ਇਕ ਹਜ਼ਾਰ ਰੁਪਏ ਉਧਾਰ ਲਏ ਸਨ। ਇਕ ਸੋ ਰੁਪਏ ਉਹਨਾਂ ਨੇ ਮੋੜ ਦਿੱਤੇ ਸਨ ਬਾਕੀ ਨੌ ਸੌ ਰੁਪਏ ਲੈ ਕੇ ਆਇਆ ਹੈ। ਆਹ 900 ਰੁਪਏ ਲੈ ਲਵੋ ਮਾਸਟਰ ਜੀ ਦੇ ਘਰ ਦਿਆਂ ਨੂੰ ਦੇਣੇ ਹਨ। ਮਹਾਰਾਜ ਜੀ ਨੇ ਪੈਸੇ ਬੀਬੀ ਜੀ ਨੂੰ ਫੜਾਉਦੇ ਹੋਵੇ ਕਿਹਾ, ' ਕੁੜੇ ਤੁਸੀਂ ਇਨ੍ਹਾਂ ਪੈਸਿਆਂ ਨਾਲ ਸਾਰ ਲਵੋ। ਜਦੋਂ ਵੀ ਤੁਹਾਨੂੰ ਜਰੂਰਤ ਪਵੇਗੀ ਤਾਂ ਸਾਨੂੰ ਦੱਸ ਦੇਣਾ ਅਸੀਂ ਹਰ ਵੇਲੇ ਤੁਹਾਡੇ ਅੰਗ ਸੰਗ ਹਾਂ। ਤੁਸੀਂ ਫਿਕਰ ਨਹੀਂ ਕਰਨਾ। ਉਹ ਮਹਾਰਾਜ ਜੀ ਨੂੰ ਜੈ ਗੁਰੂਦੇਵ ਕਹਿ ਕੇ ਵਾਪਿਸ ਪਰਤ ਗਏ। ਐਸੇ ਕਾਮਲ ਮੁਰਸ਼ਦ ਦੁਨੀਆਂ ਵਿੱਚ ਬਹੁਤ ਘੱਟ ਮਿਲਦੇ ਹਨ ਜਿਹਵੇ ਆਪਣੇ ਸੇਵਕਾਂ ਨੂੰ ਡੋਲਣ ਨਹੀਂ ਦਿੰਦੇ।

(ਨਿੱਜੀ ਵਾਰਤਾ ਰਜਿੰਦਰ ਬੰਗੜ 15-9-17)

***********

## ਸਾਖੀ 464

## ਬੰਗੜ ਰਾਏਪੁਰੀ ਨੂੰ ਪੁੱਤਰ ਦੀ ਦਾਤ

ਰਜਿੰਦਰ ਬੰਗੜ ਦੇ ਘਰ ਉਹਨਾਂ ਦੀ ਪਤਨੀ ਬੀਬੀ ਸੁਰਿੰਦਰ ਕੋਰ ਦੀ ਕੁੱਖੋ ਬੱਚੇ ਦੀ ਆਸ ਬੱਝੀ। ਉਨ੍ਹਾਂ ਦੇ ਮਾਤਾ ਬੀਬੀ ਚੰਨੋ ਜੀ ਸਮਾਜਿਕ ਰੀਤੀ ਰਿਵਾਜ 'ਵਿਦਿਆ ਕਰਾਉਣ' ਦੀ ਰਸਮ ਤਹਿਤ ਦਸੰਬਰ 1975 ਵਿੱਚ ਬੀਬੀ ਸੁਰਿੰਦਰ ਕੋਰ ਨੂੰ ਲੈਣ ਆਏ। ਪਰਿਵਾਰ ਦਾ ਏ ਨੇਮ ਸੀ ਕਿ ਜੋ ਅੱਜ ਤੱਕ ਬਰਕਰਾਰ ਹੈ ਕਿ ਹਰ ਕੰਮ ਡੇਰਾ ਸਰਵਣ ਦਾਸ ਜੀ ਵਿਖੇ ਨਤਮਸਤਕ ਹੋਣ ਉਪਰੰਤ ਹੀ ਕੀਤਾ ਜਾਦਾ ਹੈ।

ਉਹ ਸ਼੍ਰੀ 108 ਸੰਤ ਹਰੀਦਾਸ ਜੀ ਮਹਾਰਾਜ ਜੀ ਤੱਤਕਾਲੀਨ ਗੱਦੀ ਨਸ਼ੀਨ ਮਹਾਂਪੁਰਸ਼ਾ ਨੂੰ ਨਮਸਕਾਰ ਕਰਨ ਗਏ। ਮਹਾਰਾਜ ਜੀ ਦਾ ਸੁਭਾਅ ਬਹੁਤ ਹੱਸਮੁੱਖ ਅਤੇ ਦਿਆਲੂ ਸੀ। ਉਹਨਾਂ ਬਚਨ ਦਿੱਤਾ ਖੁਸ਼ੀ ਖੁਸ਼ੀ ਘਰ ਜਾਓ ਆਪ ਜੀ ਦੇ ਘਰ ਪੁੱਤਰ ਨੇ ਜਨਮ ਲੈਣਾ ਹੈ। ਸਾਰਾ ਪਰਿਵਾਰ ਨਿਘੀਆਂ ਆਸ਼ੀਰਵਾਦਾਂ ਲੈ ਕੇ ਵਾਪਿਸ ਪਰਤ ਗਏ। ਮਿਤੀ 26 ਜਨਵਰੀ 1976 ਨੂੰ ਉਹਨਾਂ ਦੇ ਘਰ ਪੁੱਤਰ ਨੇ ਜਨਮ ਲਿਆ ਜਿਸਦਾ ਨਾਮ ਸਤਿਗੁਰਾਂ ਦੇ ਹੁਕਮਾਂ ਤੇ ਸ਼ੁਸ਼ੀਲ ਬੰਗੜ ਰੱਖਿਆ ਗਿਆ।ਸ਼ੁਸ਼ੀਲ ਬੰਗੜ ਅੱਜ ਸਤਿਗਰਾਂ ਦੇ ਮਿਸਨ ਪੂਰੇ ਵਿਸ਼ਵ ਵਿੱਚ ਫੇਲਾ ਰਿਹਾ ਜਿਨ੍ਹਾਂ ਦਾ ਮਿਸ਼ਨਰੀ ਜੱਥਾ ਬੰਗੜ ਬ੍ਰਦਰਜ਼ ਵਜੋ ਜਾਣਿਆ ਜਾਂਦਾ ਹੈ।

(ਨਿੱਜੀ ਵਾਰਤਾ ਰਜਿੰਦਰ ਬੰਗੜ 15-9-2017)

***********

# ਸੰਤ ਸੁਰਿੰਦਰ ਦਾਸ ਬਾਵਾ ਜੀ ਵਲੋਂ
# ਪ੍ਰਕਾਸ਼ਿਤ ਪੁਸਤਕ ਸੂਚੀ

## Books published in English
1. Amritbani Jagatguru Ravidass Maharaj ji (Steek)

## Books published in Dutch
1. Amritbani Jagatguru Ravidass Maharaj ji (Steek)dutch

## Books published in hindi
1. Jagatguru Ravidass Amritbani(Steek ate Sankshipt jeevan
2. Nitnem Amritbani Jagatguru Ravidass ji(Steek)
3 . Jagatguru Ravidass Maharaj ji ka Sankshipt jeevan
4. Jagatguru Ravidass Maharaj ji ki kathaen
5. Amritbani Jagatguru Ravidass Maharaj ji (Steek)

## Books published in Marathi
1. Jagatguru Ravidass Amritbani(Steek ate Sankshipt jeevan
2. Jagatguru Ravidass Maharaj ji ki kathaen

# ਪੰਜਾਬੀ ਵਿੱਚ ਪ੍ਰਕਾਸ਼ਿਤ ਪੁਸਤਕ

1. ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ (40 ਸ਼ਬਦ ਸਟੀਕ)
2. ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ (ਸੰਪੂਰਨ ਸਟੀਕ)
3. ਸ਼੍ਰੀ ਗੁਰੂ ਰਵਿਦਾਸ ਅੰਮ੍ਰਿਤਬਾਣੀ (ਸਟੀਕ ਅਤੇ ਸੰਖੇਪ ਜੀਵਨ)
4. ਨਿਤਨੇਮ ਅੰਮ੍ਰਿਤਬਾਣੀ ਜਗਤਗੁਰੂ ਰਵਿਦਾਸ ਜੀ (ਸਟੀਕ)
5. ਸੁਖਸਾਗਰ ਸਟੀਕ
6. ਜਗਤਗੁਰੂ ਰਵਿਦਾਸ ਮਹਾਰਾਜ ਜੀ ਦਾ ਸੰਖੇਪ ਜੀਵਨ
7. ਧਰਤੀ ਉੱਤੇ ਰੱਬ ਸਤਿਗੁਰੂ ਸਰਵਣ ਦਾਸ ਜੀ ( ਜੀਵਨ ਸਾਖੀ )
8. ਗੁਰੂ ਰਵਿਦਾਸ ਮਿਲੇ ਮੋਹਿ ਪੂਰੇ (ਸੰਤ ਮੀਰਾਂ ਬਾਈ ਜੀ )

**ਅੰਤਰਰਾਸ਼ਟਰੀ ਜਗਤਗੁਰੂ ਰਵਿਦਾਸ ਸਾਹਿਤ ਸੰਸਥਾ (ਰਜਿ.) ਵੱਲੋਂ ਪ੍ਰਕਾਸ਼ਿਤ ਪੁਸਤਕ:-**

1. ਚਮਾਰ ਜਾਤੀ ਇਤਿਹਾਸ ਧਰਮ ਤੇ ਸੱਭਿਆਚਾਰ :- ਰਾਜੇਸ਼ ਕੈਂਥ ਭਬਿਆਣਵੀ

**ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਵਲੋਂ ਪ੍ਰਕਾਸ਼ਿਤ ਪੁਸਤਕ:-**

1. ਰਵਿਦਾਸੀਆ ਧਰਮ ਦਾ ਅਨਮੋਲ ਹੀਰਾ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ :- ਕਾਂਸ਼ੀ ਰਾਮ ਕਲੇਰ
2. ਰਵਿਦਾਸੀਆ ਕੌਮ ਦੇ ਅਮਰ ਸ਼ਹੀਦ ਸੰਤ ਰਾਮਾ ਨੰਦ ਜੀ : ਕਾਂਸ਼ੀ ਰਾਮ ਕਲੇਰ



ਜਗਤਗੁਰੂ ਰਵਿਦਾਸ ਮਹਾਰਾਜ ਜੀ



ਸਤਿਗੁਰੂ ਸਰਵਣ ਦਾਸ ਮਹਾਰਾਜ ਜੀ



30 ਜਨਵਰੀ 2010 ਈ. ਨੂੰ ਸ਼੍ਰੀ ਗੁਰੂ ਰਵਿਦਾਸ ਜਨਮ ਅਸਥਾਨ ਮੰਦਰ ਸੀਰ ਗੋਵਰਧਨਪੁਰ ਬਨਾਰਸ ਵਿਖੇ ਜਗਤਗੁਰੂ ਰਵਿਦਾਸ ਮਹਾਰਾਜ ਜੀ, ਸਤਿਗੁਰੂ ਸਰਵਣ ਦਾਸ ਮਹਾਰਾਜ ਜੀ ਅਤੇ ਸੰਤ ਸਮਾਜ ਦੀ ਕ੍ਰਿਪਾ ਨਾਲ 'ਰਵਿਦਾਸੀਆ ਧਰਮ' ਦਾ ਐਲਾਨ ਕਰਦੇ ਹੋਏ ਸ਼੍ਰੀ 108 ਸੰਤ ਸੁਰਿੰਦਰ ਦਾਸ ਬਾਵਾ ਜੀ।



# Ravidassia Dharam Parchar Asthan


**Vill. Kahanpur, P.O. Raipur Rasulpur**

**Distt. Jalandhar**

Website : www.ravidassiadharam.org

E-mail : ravidassiadharam@gmail.com




Sant Surinder Dass Bawa Ji